ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 40 | 14 October 2020 to 20 October 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

ਅੰਦਰ ਪੜ੍ਹੋ

13 ਕਵਰ ਸਟੋਰੀ

ਕਿਸਾਨੀ ਅੰਦੋਲਨ ਵਿਚ ਜਥੇਬੰਦਕ ਏਕਤਾ ਦੀ ਘਾਟ ਪਰ ਪੰਜਾਬ ਦਾ ਹਰ ਵਰਗ ਸ਼ਾਮਲ



16 ਧਰਮ ਤੇ ਰਾਜਨੀਤੀ

ਸਿੱਖਾਂ ਨੇ ਸਦੀ ਦੇ ਇਨਕਲਾਬੀ ਇਤਿਹਾਸ ਨੂੰ ਦੁਹਰਾਇਆ




# ਅਮਰੀਕਾ ਤਾਈਵਾਨ ਨੂੰ ਹਥਿਆਰ ਵੇਚਣ ਲਈ ਤਿਆਰ; ਚੀਨ ਨੇ ਫੌਜ ਨੂੰ ਜੰਗ ਦੀ ਤਿਆਰੀ ਲਈ ਕਿਹਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਚੀਨ ਦੇ ਰਾਸ਼ਟਰਪਤੀ ਸ਼ੀ ਜ਼ਿਨਪਿੰਗ ਨੇ ਆਪਣੀ ਫੌਜ ਨੂੰ ਜੰਗ ਦੀ ਤਿਆਰੀ ਕਰਨ ਲਈ ਕਹਿ ਦਿੱਤਾ ਹੈ। ਮੰਗਲਵਾਰ ਵਾਲੇ ਦਿਨ ਚੀਨ ਦੇ ਦੱਖਣੀ ਸੂਬੇ ਗੁਆਂਗਡੌਂਗ ਵਿਚ ਫੌਜੀ ਅੱਡੇ 'ਤੇ ਪਹੁੰਚੇ ਰਾਸ਼ਟਰਪਤੀ ਜ਼ਿਨਪਿੰਗ ਨੇ ਫੌਜੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਆਪਣੇ ਸਮੁੱਚੀ ਦਿਮਾਗੀ ਅਤੇ ਸ਼ਰੀਰਕ ਤਾਕਤ ਨੂੰ ਜੰਗ ਦੀ ਤਿਆਰੀ 'ਤੇ ਲਾ ਦੇਣ।

ਚੀਨ ਦੇ ਰਾਸ਼ਟਰਪਤੀ ਦੇ ਇਸ ਬਿਆਨ ਨੂੰ ਅਮਰੀਕਾ ਅਤੇ ਚੀਨ ਦਰਮਿਆਨ ਸਿਖਰਾਂ 'ਤੇ ਪਹੁੰਚੇ ਹੋਏ ਟਕਰਾਅ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਦੱਸ ਦਈਏ ਕਿ ਬੀਤੇ ਦਿਨੀਂ ਹੀ ਅਮਰੀਕਾ ਦੀ ਅਗਵਾਈ ਵਿਚ ਜਪਾਨ ਦੀ ਰਾਜਧਾਨੀ ਟੋਕੀਓ 'ਚ ਅਮਰੀਕਾ, ਜਪਾਨ, ਭਾਰਤ ਅਤੇ ਅਸਟ੍ਰੇਲੀਆ ਦੇ ਵਿਦੇਸ਼ ਮੰਤਰੀਆਂ ਦੀ ਅਹਿਮ ਬੈਠਕ ਹੋਈ ਹੈ। ਇਸ ਚੋਹਾਂ ਦੇਸ਼ਾਂ ਦਾ



ਸਮੂਹ ਅਮਰੀਕਾ ਦੀ ਚੀਨ ਖਿਲਾਫ ਰਣਨੀਤੀ ਦਾ ਹਿੱਸਾ ਹੈ। ਚੀਨ ਨਾਲ ਅਮਰੀਕਾ ਦਾ ਟਕਰਾਅ ਜਿੱਥੇ ਇਕ ਪਾਸੇ ਤਾਈਵਾਨ ਵਿਚ ਮਘਦਾ ਜਾ ਰਿਹਾ ਹੈ ਉੱਥੇ ਭਾਰਤ ਨਾਲ ਵੀ ਚੀਨ ਦਾ ਟਕਰਾਅ ਹਿੰਸਕ ਰੂਪ ਧਾਰ ਚੁੱਕਿਆ ਹੈ। ਚੀਨ ਅਤੇ ਭਾਰਤ ਦਰਮਿਆਨ ਸਰਹੱਦ 'ਤੇ ਬੇਹੱਦ ਤਣਾਅ ਚੱਲ ਰਿਹਾ ਹੈ।

ਅਮਰੀਕਾ ਸਰਕਾਰ ਨੇ ਲੰਘੇ ਸੋਮਵਾਰ ਹੀ ਅਮਰੀਕੀ ਕਾਂਗਰਸ ਨੂੰ ਦੱਸਿਆ ਹੈ ਕਿ ਸਰਕਾਰ ਤਾਈਵਾਨ ਨੂੰ ਤਿੰਨ ਐਡਵਾਂਸਡ ਹਥਿਆਰ ਪ੍ਰਣਾਲੀਆਂ ਵੇਚਣ ਦਾ ਫੈਂਸਲਾ ਕਰ ਰਹੀ ਹੈ।

ਅਮਰੀਕੀ ਸਰਕਾਰ ਦੇ ਇਸ ਫੈਂਸਲੇ 'ਤੇ ਚੀਨ ਨੇ ਸਖਤ ਇਤਰਾਜ਼ ਪ੍ਰਗਟ ਕੀਤਾ ਹੈ। ਚੀਨ ਦੇ ਵਿਦੇਸ਼ ਮਹਿਕਮੇ ਦੇ ਬੁਲਾਰੇ ਨੇ ਕਿਹਾ ਕਿ ਅਮਰੀਕਾ ਸਰਕਾਰ ਨੂੰ ਤਾਈਵਾਨ ਨੂੰ ਹਥਿਆਰ ਵੇਚਣ ਦਾ ਫੈਂਸਲਾ ਤੁਰੰਤ ਰੱਦ ਕਰ ਦੇਣਾ ਚਾਹੀਦਾ ਹੈ।

ਭਾਵੇਂਕਿ ਤਾਈਵਾਨ ਦੀ ਆਪਣੀ ਖੁਦਮੁਖਤਿਆਰ ਸਰਕਾਰ ਹੈ, ਪਰ ਚੀਨ ਤਾਈਵਾਨ ਨੂੰ ਆਪਣੇ ਰਾਜ ਦਾ ਹੀ ਹਿੱਸਾ ਐਲਾਨਦਾ ਹੈ। ਚੀਨ ਇਹ ਵੀ ਸਪਸ਼ਟ ਸੰਕੇਤ ਦੇ ਚੁਕਿਆ ਹੈ ਕਿ ਕਿਸੇ ਵੀ ਸਮੇਂ ਉਹ ਫੌਜੀ ਤਾਕਤ ਦੀ ਵਰਤੋਂ ਨਾਲ ਤਾਈਵਾਨ 'ਤੇ ਆਪਣਾ ਪੂਰਨ ਪ੍ਰਬੰਧ ਸਥਾਪਤ ਕਰ ਸਕਦਾ ਹੈ।

# ਦਿੱਲੀ ਬੁਲਾ ਕੇ ਪੰਜਾਬ ਦੇ ਕਿਸਾਨਾਂ ਦੀ ਭਾਰਤ ਸਰਕਾਰ ਨੇ ਤੌਹੀਨ ਕੀਤੀ, ਬੈਠਕ ਬੇਸਿੱਟਾ ਰਹੀ

## ਪੰਜਾਬ ਸਰਕਾਰ ਨੇ ਭਾਰਤੀ ਕਾਨੂੰਨ ਰੱਦ ਕਰਨ ਲਈ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ 19 ਅਕਤੂਬਰ ਨੂੰ ਬੁਲਾਇਆ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਵਿਚ ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਸੰਘਰਸ਼ ਭਾਵੇਂ ਕਿ ਲਗਾਤਾਰ ਚੱਲ ਰਿਹਾ ਹੈ ਅਤੇ ਇਹ ਸੰਘਰਸ਼ ਇਕ ਵਿਆਪਕ ਲੋਕ ਲਹਿਰ ਬਣਦਾ ਵੀ ਨਜ਼ਰ ਆ ਰਿਹਾ ਹੈ ਪਰ ਭਾਰਤ ਦੀ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਨੂੰ ਅਜੇ ਵੀ ਗੰਭੀਰ ਨਹੀਂ ਹੋਈ। ਸਰਕਾਰ ਵੱਲੋਂ ਕਿਸਾਨਾਂ ਨੂੰ ਹੌਲੇ ਵਿਚ ਲਿਆ ਜਾ ਰਿਹਾ ਹੈ ਜਿਸਦਾ ਪ੍ਰਤੱਖ ਨਮੂਨਾ ਦਿੱਲੀ ਵਿਚ ਭਾਰਤ ਸਰਕਾਰ ਵੱਲੋਂ ਸੱਦੀ ਕਿਸਾਨਾਂ ਦੀ ਬੈਠਕ ਦੌਰਾਨ ਦੇਖਣ ਨੂੰ ਮਿਲਿਆ। ਭਾਰਤ ਸਰਕਾਰ ਦੇ ਖੇਤੀ ਮਹਿਕਮੇ ਵੱਲੋਂ ਸੱਦੀ ਕਿਸਾਨਾਂ ਦੀ ਬੈਠਕ ਵਿਚ ਕੋਈ ਵੀ ਮੰਤਰੀ ਸ਼ਾਮਲ ਨਹੀਂ ਹੋਇਆ ਅਤੇ ਕਿਸਾਨਾਂ ਨੂੰ ਭਾਸ਼ਣ ਦੇਣ ਲਈ ਇਕ ਖੇਤੀ ਮਹਿਕਮੇ ਦੇ ਇਕ ਸਕੱਤਰ ਦੀ ਜ਼ਿੰਮੇਵਾਰੀ ਲਾਈ ਗਈ। ਭਾਰਤ ਸਰਕਾਰ ਦੇ ਇਸ ਰਵੱਈਏ ਤੋਂ ਖਫਾ ਹੋਏ ਕਿਸਾਨਾਂ ਨੇ ਸਕੱਤਰ ਨਾਲ ਗੱਲਬਾਤ ਕਰਨ ਤੋਂ ਨਾਹ ਕਰਦਿਆਂ ਬੈਠਕ ਛੱਡ ਦਿੱਤੀ ਅਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਭਾਰਤ ਦੇ ਕਿਸਾਨ ਵਿਰੋਧੀ ਕਾਨੂੰਨ ਪਾੜ ਦਿੱਤੇ।

ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਨੇ ਉਹਨਾਂ ਨੂੰ ਦਿੱਲੀ ਬੁਲਾ ਕੇ ਤੇ ਇਸ ਤਰਾਂ ਦਾ ਵਿਹਾਰ ਕਰਕੇ ਪੰਜਾਬ



ਦੇ ਸਮੂਹ ਕਿਸਾਨਾਂ ਦੀ ਤੌਹੀਨ ਕੀਤੀ ਹੈ। ਉਹਨਾਂ ਕਿਹਾ ਕਿ ਕਿਸਾਨ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਸ਼ਾਂਤਮਈ ਸੰਘਰਸ਼ ਕਰ ਰਹੇ ਹਨ ਪਰ ਸਰਕਾਰ ਕਿਸਾਨਾਂ ਦੇ ਵਿਰੋਧ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਕਿਸਾਨ ਆਗੂਆਂ ਨੇ ਦੱਸਿਆ ਕਿ ਜਥੇਬੰਦੀਆਂ ਵੱਲੋਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ, ਫਸਲਾਂ ਦੇ ਭਾਅ ਡਾ ਸਵਾਮੀ ਨਾਥਨ ਦੀ ਰਿਪੋਰਟ ਅਨੁਸਾਰ ਮਿੱਥਣ, ਸਾਰੀਆਂ ਜਿਣਸਾਂ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ ਮੁਤਾਬਕ ਹੋਣ ਦੀ ਗਰੰਟੀ ਦੀ ਗੱਲ ਸੱਕਤਰ ਕੋਲ ਰੱਖ ਦਿੱਤੀ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਵੀਰਵਾਰ ਨੂੰ ਸਵੇਰੇ 11 ਵਜੇ ਚੰਡੀਗੜ ਵਿਚ ਕਿਸਾਨ ਜਥੇਬੰਦੀਆਂ ਦੀ ਬੈਠਕ ਬੁਲਾ ਲਈ ਗਈ ਹੈ ਜਿਸ ਵਿਚ ਸੰਘਰਸ਼ ਨੂੰ ਹੋਰ ਤੇਜ਼ ਕਰਨ ਬਾਰੇ ਨਵੇਂ ਫੈਂਸਲੇ ਲਏ ਜਾਣਗੇ।

ਪੰਜਾਬ ਸਰਕਾਰ ਨੇ ਖੇਤੀ ਕਾਨੂੰਨਾਂ ਦਾ ਮੁਕਾਬਲਾ ਕਰਨ ਲਈ ਕਾਨੂੰਨ ਲਿਆਉਣ ਲਈ ਸੋਮਵਾਰ 19 ਅਕਤੂਬਰ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦਾ ਫੈਸਲਾ ਕੀਤਾ ਹੈ। ਇਸ ਬਾਰੇ ਫੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਬੁੱਧਵਾਰ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਮੁੱਖ ਮੰਤਰੀ ਨੇ ਪਹਿਲਾਂ ਐਲਾਨ ਕੀਤਾ ਸੀ ਕਿ ਉਨਾਂ ਦੀ ਸਰਕਾਰ ਵਿਧਾਨਕ, ਕਾਨੂੰਨੀ ਅਤੇ ਹੋਰ ਰਸਤੇ ਰਾਹੀਂ ਖੇਤ ਕਾਨੂੰਨਾਂ ਵਿਰੁੱਧ ਲੜਾਈ ਲੜੇਗੀ।

# ਕਿਸਾਨਾਂ ਦੇ ਹੱਕ ਵਿਚ 'ਵਿਸ਼ਾਲ ਰੋਸ ਇਕੱਠ' ਸੈਲਮਾ 'ਚ 17 ਅਕਤੂਬਰ ਨੂੰ

**ਫਰਿਜ਼ਨੋ (ਕੁਲਵੀਰ ਹੇਅਰ):** ਭਾਰਤ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਦੇ ਖ਼ਿਲਾਫ਼ ਤਿੰਨ ਖੇਤੀ ਬਿੱਲ ਪਾਸ ਕੀਤੇ ਗਏ ਹਨ। ਉਸ ਖ਼ਿਲਾਫ਼ ਫਰਿਜ਼ਨੋਂ ਅਤੇ ਆਸ-ਪਾਸ ਦੇ ਪੰਜਾਬੀ ਭਾਈਚਾਰੇ ਵੱਲੋਂ ਗੁਰਦੁਆਰਾ ਸਿੱਖ ਸੈਂਟਰ ਆਫ ਪੈਸਾਫਿਕ ਕੋਸਟ ਸੈਲਮਾ ਦੇ ਬਾਹਰ ਬਣੇ ਵੱਡੇ ਸ਼ੈੱਡ ਵਿਖੇ 17 ਅਕਤੂਬਰ ਦਿਨ ਸ਼ਨੀਵਾਰ ਨੂੰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਰੋਸ ਇਕੱਠ ਕੀਤਾ ਜਾ ਰਿਹਾ ਹੈ। ਇਸ ਵਿਚ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਕਿਸਾਨ ਬਿੱਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਰੋਸ ਇਕੱਠ ਵਿਚ ਹਰ ਇਕ ਪੰਜਾਬ ਦੇ ਕਿਸਾਨਾਂ ਦਾ ਦਰਦ ਰੱਖਣ ਵਾਲੇ ਨੂੰ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ। ਜੇਕਰ ਵਿਦੇਸ਼ੀ ਪੰਜਾਬੀ ਪੰਜਾਬ ਦੇ ਕਿਸਾਨਾਂ ਦੇ ਹੱਕ ਵਿਚ ਖੜਦੇ ਹਨ ਤਾਂ ਪੰਜਾਬੀ ਕਿਸਾਨਾਂ ਦਾ ਹੌਸਲਾ ਵਧੇਗਾ ਅਤੇ ਸੰਘਰਸ਼ ਹੋਰ ਤਿੱਖਾ ਹੋਵੇਗਾ ਜਿਸ ਕਾਰਨ ਭਾਰਤ ਸਰਕਾਰ ਤੇ ਦਬਾਅ ਬਣੇਗਾ ਅਤੇ ਕੁਝ ਨਾ ਕੁਝ ਨਤੀਜਾ ਨਿਕਲ ਜਾਵੇਗਾ।

ਇਸ ਰੋਸ ਇਕੱਠ ਸਬੰਧੀ ਹੋਰ ਜਾਣਕਾਰੀ ਲਈ ਐੱਨ.ਆਰ.ਆਈ ਸਭਾ ਪੰਜਾਬ ਦੇ ਪ੍ਰਧਾਨ ਕ੍ਰਿਪਾਲ ਸਿੰਘ ਸਹੋਤਾ (ਪਾਲ ਸਹੋਤਾ) 559-269-6974 ਜਾਂ ਸੁਰਿੰਦਰ ਸਿੰਘ ਮੰਡਾਲੀ 559-473-9269 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਵੱਡੀ ਸਾਜਿਸ਼ ਅਧੀਨ ਦਿਨ ਦਿਹਾੜੇ ਬੇਖੌਫ ਹੋ ਕੇ ਕੀਤੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਜ਼ਿਲਾ ਫਤਹਿਗੜ ਸਾਹਿਬ ਵਿਚ ਪੈਂਦੇ ਪਿੰਡ ਤਰਖਾਣ ਮਾਜਰਾ ਅਤੇ ਜੱਲਾ ਪਿੰਡਾਂ ਦੇ ਗੁਰਦੁਆਰਾ ਸਾਹਿਬ 'ਚ ਸੋਮਵਾਰ ਵਾਲੇ ਦਿਨ ਇਕ ਵਿਅਕਤੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਪਾੜ ਕੇ ਬੇਅਦਬੀ ਕੀਤੀ। ਬੇਅਦਬੀ ਕਰਨ ਵਾਲੇ ਇਸ ਦੋਸ਼ੀ ਨੇ ਪਹਿਲਾਂ ਪਿੰਡ ਜੱਲਾ ਵਿਚ ਬੇਅਦਬੀ ਕੀਤੀ ਤੇ ਬਾਅਦ ਵਿਚ ਤਰਖਾਣ ਮਾਜਰਾ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਬੇਅਦਬੀ ਕੀਤੀ। ਤਰਖਾਣ ਮਾਜਰਾ ਪਿੰਡ ਵਿਚ ਮੌਕੇ 'ਤੇ ਮੌਜੂਦ ਇਕ ਨੌਜਵਾਨ ਨੇ ਇਸ ਦੋਸ਼ੀ ਨੂੰ ਕਾਬੂ ਕਰ ਲਿਆ। ਪਿੰਡ ਦੇ ਲੋਕਾਂ ਵੱਲੋਂ ਇਸ ਦੋਸ਼ੀ ਦੀ ਕੁੱਟਮਾਰ ਕੀਤੀ ਗਈ। ਜਾਣਕਾਰੀ ਮਿਲਦਿਆਂ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਇਸ ਦੋਸ਼ੀ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਥਾਣੇ ਲੈ ਗਈ।

ਸਰਹਿੰਦ-ਗੋਬਿੰਦਗੜ ਸੜਕ 'ਤੇ ਪੈਂਦੇ ਪਿੰਡ ਤਰਖਾਣਮਾਜਰਾ ਅਤੇ ਜੱਲਾ ਪਿੰਡਾਂ ਦੇ ਗੁਰਦੁਆਰਾ ਸਾਹਿਬ ਵਿਚ ਇਸ ਵੱਲੋਂ ਕਿਸੇ ਵੱਡੀ ਸਾਜਿਸ਼ ਤਹਿਤ ਇਹ ਕਾਰਵਾਈ ਕੀਤੀ ਗਈ ਹੈ। ਪ੍ਰਤੱਖ ਦਰਸ਼ੀਆਂ ਮੁਤਾਬਕ ਇਹ ਦੋਸ਼ੀ ਮਾਨਸਿਕ ਤੌਰ 'ਤੇ ਬਿਲਕੁਲ ਦਰੁਸਤ ਹੈ। ਜਦਕਿ ਪੁਲਸ ਕਹਿ ਰਹੀ ਹੈ ਕਿ ਇਹ ਦੋਸ਼ੀ ਨਸ਼ੇ ਦਾ ਆਦੀ ਹੈ। ਇਸ ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿੱਥੋਂ ਇਸ ਨੂੰ ਤਿੰਨ ਦਿਨਾਂ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ ਹੈ। ਪੁਲਸ ਨੇ ਮਾਮਲੇ ਦੀ ਜਾਂਚ ਲਈ ਐਸਆਈਟੀ ਬਣਾ ਦਿੱਤੀ ਹੈ। ਜ਼ਿਕਰਯੋਗ ਹੈ ਕਿ 2015 ਵਿਚ 12 ਅਕਤੂਬਰ ਨੂੰ ਹੀ ਡੇਰਾ ਸਿਰਸਾ ਪ੍ਰੇਮੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਬਰਗਾੜੀ ਪਿੰਡ ਵਿਚ ਬੇਅਦਬ ਕਰਕੇ ਗਲੀਆਂ ਵਿਚ ਸੁੱਟੇ ਗਏ ਸਨ।ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖ਼ਦਸ਼ਾ ਜ਼ਾਹਰ ਕੀਤਾ ਕਿ ਇਹ ਕਿਸਾਨ ਅੰਦੋਲਨ ਨੂੰ ਅਸਫ਼ਲ ਕਰਨ ਦੀ ਸਾਜ਼ਿਸ਼ ਹੋ ਸਕਦੀ ਹੈ। ਇਸ ਸਬੰਧੀ ਜਾਰੀ ਬਿਆਨ ਵਿਚ ਉਨਾਂ ਕਿਹਾ ਕਿ ਜਦੋਂ ਬਰਗਾੜੀ ਵਿਖੇ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ ਤਾਂ ਉਸ ਵੇਲੇ ਵੀ ਕਿਸਾਨ ਅੰਦੋਲਨ ਚੱਲ ਰਿਹਾ ਸੀ ਅਤੇ ਹੁਣ ਵੀ ਕਿਸਾਨ ਅੰਦੋਲਨ ਸਿਖਰ 'ਤੇ ਹੈ। ਉਨਾਂ ਸ਼ੰਕਾ ਪ੍ਰਗਟਾਈ ਕਿ ਫੜੇ ਗਏ ਵਿਅਕਤੀ ਨੂੰ ਪਾਗਲ ਜਾਂ ਮੰਦਬੁੱਧੀ ਕਰਾਰ ਦੇ ਕੇ ਮਾਮਲਾ ਰਫਾ-ਦਫਾ ਕੀਤਾ ਜਾ ਸਕਦਾ ਹੈ।

ਬਾਕੀ ਸਫ਼ਾ 29 'ਤੇ

ਸਰਬੱਤ ਦਾ ਭਲਾ

SCOPE

Sikh Community Organized for Political Engagement.

# SCOPE RELEASES FIRST LIST OF ENDORSEMENTS

SCOPE IS ORGANIZED TO PROMOTE THE COMMON GOOD BY ENGAGING AND PROMOTING SUCH CANDIDATES FOR PUBLIC OFFICE, WHO HAVE THE VISION AND A DEMONSTRABLE RECORD OF PUTTING THE BEST INTEREST OF THEIR CONSTITUENTS ABOVE THEIR OWN.

SIKHISM IS FOUNDED ON THE PRINCIPLE OF SARBAT DA BHALLA I.E. WORKING TOWARDS THE "COMMON GOOD OF ALL". SERVICE TO THE COMMUNITY IS HIGHLY REGARDED IN OUR RELIGION AND ALL SIKHS ARE ORDAINED TO FIND TIME TO WORK FOR THE WELFARE OF THE COMMUNITY. SELFLESS SERVICE IS A HIGHLY REWARDING AND HUMBLING EXPERIENCE. THERE ARE NUMEROUS AVENUES FOR COMMUNITY SERVICE OF VARIOUS KINDS. FOR CIVIL PARTICIPATION, ONE NEEDS TO ACQUIRE GOOD COMMUNICATION SKILLS, VOLUNTEER IN LOCAL ELECTIONS AND OTHER COMMUNITY RELATED PROJECTS. 2020 ELECTION IS AN EXCELLENT OPPORTUNITY TO GET ONE'S FEET WET AND HANDS DIRTY, ESPECIALLY IF YOU ARE POLITICALLY ORIENTED AND FEEL STRONGLY ABOUT CIVIC ISSUES LIKE CIVIL RIGHTS, GUN VIOLENCE, AND HOLDING ELECTED REPRESENTATIVES ACCOUNTABLE FOR THEIR VOTES.



**DAVID HAUBERT**
( ALAMEDA COUNTY SUPERVISOR DISTRICT 1 )



**CAROL DUTRA-VERNACI**
( MAYOR, CITY OF UNION CITY )



**GARY SINGH**
( UNION CITY, CITY COUNCIL )



**TARANJIT "SINGH" GUJRAL**
( NEWARK CITY COUNCIL )



**MARK FICKES**
( ALAMEDA COUNTY JUDGE )



**RAJ SALWAN**
( FREMONT CITY COUNCIL DISTRICT 5 )



**YOGI CHUGH**
( FREMONT CITY COUNCIL DISTRICT 6 )



**LANCE NISHIHIRA**
( NEW HAVEN SCHOOL DISTRICT 1 , UNION CITY )



**MELISSA SHAUN-MALLORY**
( NEW HAVEN SCHOOL DISTRICT 2 , UNION CITY )



**MIKE GONZALES**
( NEW HAVEN SCHOOL DISTRICT 3 , UNION CITY )



**FRANCISCO ZERMEÑO**
( HAYWARD CITY COUNCIL, 2020 )



**HARRY DHILLON**
( MOUNTAIN HOUSE MHCSD, BOARD )



**GARY SINGH**
( MANTECA, CITY COUNCIL )



**EVELYN CHUA**
( MILPITAS CITY COUNCIL )



**BILL NIJJAR**
( KERMAN CITY COUNCIL )

# ਭਾਈ ਜਿੰਦਾ-ਸੁੱਖਾ ਦੇ ਸ਼ਹੀਦੀ ਸਮਾਗਮ ਗੁਰਦੁਆਰਾ ਸਾਹਿਬ ਫਰੀਮਾਂਟ ਵਿੱਚ ਮਨਾਏ ਗਏ



**ਫਰੀਮਾਂਟ/ਏ.ਟੀ.ਨਿਊਜ਼:** ਪਿੱਛਲੇ 27 ਸਾਲਾਂ ਤੋਂ ਲਗਾਤਾਰ ਗੁਰਦੁਆਰਾ ਸਾਹਿਬ ਫਰੀਮਾਂਟ ਵਿੱਚ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁੱਖਦੇਵ ਸਿੰਘ ਸੁੱਖਾ ਦੇ ਸ਼ਹੀਦੀ ਸਮਾਗਮ ਮਨਾਏ ਜਾ ਰਹੇ ਹਨ। ਹਰ ਸਾਲ ਸਿੱਖ ਯੂਥ ਆਫ ਅਮਰੀਕਾ ਵੱਲੋਂ ਅਖੰਡ ਪਾਠ ਰੱਖੇ ਜਾਂਦੇ ਹਨ ਅਤੇ ਸੇਵਾ ਜੱਥੇਦਾਰ ਗੁਰਦੇਵ ਸਿੰਘ ਪਰਿਵਾਰ ਵੱਲੋਂ ਕੀਤੀ ਜਾਂਦੀ ਹੈ।

ਇਸ ਸਾਲ ਸਿੱਖ ਪੰਚਾਇਤ ਦੇ ਸਿੰਘ-ਸਿੰਘਣੀਆਂ ਨੇ ਆਪ ਸਹਿਜ ਪਾਠ ਕਰਕੇ 9 ਅਕਤੂਬਰ ਨੂੰ ਭੋਗ ਪਾਏ ਅਤੇ ਉਸੇ ਹੀ ਦਿਨ ਅਖੰਡ ਪਾਠ ਅਰੰਭ ਕਰਕੇ 11 ਅਕਤੂਬਰ ਦਿਨ ਐਤਵਾਰ ਭੋਗ ਪਾਏ ਗਏ। ਗੁਰਦੁਆਰਾ ਸਾਹਿਬ ਫਰੀਮਾਂਟ ਮੌਜੂਦਾ ਸੰਘਰਸ਼ ਦੇ ਸ਼ਹੀਦਾਂ ਦੀ ਯਾਦ ਨੂੰ ਸਮੱਰਪਤ ਹੈ ਅਤੇ ਅਮਰੀਕਾ ਵਿੱਚ ਖਾਲਿਸਤਾਨੀ ਗੁਰਦੁਆਰਾ ਸਮਝਿਆ ਜਾਂਦਾ ਹੈ।

ਇਸ ਗੁਰਦੁਆਰੇ ਸਾਹਿਬ ਵਿੱਚ ਖਾਲਿਸਤਾਨ ਦੇ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਹੁੰਦੇ ਰਹਿੰਦੇ ਹਨ। ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਮੈਂਬਰ ਭਾਈ ਜਸਪ੍ਰੀਤ ਸਿੰਘ ਅਟਵਾਲ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਧਰਮ ਦੇ ਨਾਲ ਸਿੱਖ ਇਤਿਹਾਸ ਦਾ ਸ੍ਰੋਤ ਵੀ ਹਨ। ਕਥਾ ਅਤੇ ਸਾਖੀ ਨੇ ਸਾਡਾ ਇਤਿਹਾਸ ਸਾਂਭ ਰੱਖਿਆ ਹੈ ਇਸਲਈ ਗੁਰਇਤਿਹਾਸ ਦੇ ਨਾਲ ਨਾਲ ਸਾਨੂੰ ਉਸਤੋਂ ਬਾਅਦ ਦਾ ਇਤਿਹਾਸ ਵੀ ਯਾਦ ਰੱਖਣਾ ਚਾਹੀਦਾ ਹੈ। ਮੌਜੂਦਾ ਸਿੱਖ ਸੰਘਰਸ਼ ਜੋ ਸਾਡੇ ਸਾਹਮਣੇ ਵਾਪਰਿਆ ਹੈ ਉਸ ਨੂੰ ਯਾਦ ਰੱਖਣ ਲਈ ਅਜਿਹੇ ਸਮਾਗਮ ਜ਼ਰੂਰੀ ਹਨ ਕਿਉਂ ਕਿ ਇਹ ਹੀ ਸਾਡੇ ਪ੍ਰੇਰਣਾ ਸਰੋਤ ਬਣਦੇ ਹਨ।

ਸਿੱਖ ਪੰਚਾਇਤ ਨੇ ਜਿਹੜੇ ਸਿੰਘਾਂ ਨੇ ਰੌਲ਼ ਦੀ ਸੇਲ ਨਿਭਾਈ ਉਹਨਾਂ ਦਾ ਧੰਨਵਾਦ ਕੀਤਾ।

# ਵੋਟਾਂ ਆਨਲਾਈਨ ਰਜਿਸਟਰ ਕਰਕੇ ਪੰਜਾਬੀ ਲਿਖੋ: ਜਕਾਰਾ

**ਫਰੀਮਾਂਟ/ਏ.ਟੀ.ਨਿਊਜ਼:** ਅਮਰੀਕਨ ਆਮ ਚੋਣਾਂ ਦਾ ਅਮਲ ਸ਼ੁਰੂ ਹੋ ਚੁੱਕਾ ਹੈ। ਕੈਲੀਫੋਰਨੀਆ ਵਿੱਚ ਹਰੇਕ ਰਜਿਸਟਰਡ ਵੋਟਰ ਨੂੰ ਡਾਕ ਰਾਹੀਂ ਬੈਲੱਟ ਪੇਪਰ ਘਰ ਭੇਜਣ ਦਾ ਇੰਤਜ਼ਾਮ ਹੈ। ਕਿਰਪਾ ਕਰਕੇ ਰਜਿਸਟਰਡ ਵੋਟਰ ਬਣਨ ਲਈ **registertovote.ca.gov** ਉੱਤੇ ਜਾਉ ਜੀ। ਐਲਾਮੀਡਾ, ਕੌਂਟਰਾ ਕੌਸਟਾ, ਫਰਿਜ਼ਨੋ, ਕਰਨ, ਮਡੇਰਾ, ਮਰਸੈਡ, ਪਲੈਸਰ, ਸੈਕਰਾਮੈਂਟੋ, ਸੈਨ ਹੋਆਕਿਨ, ਸੈਂਟਾ ਕਲਾਰਾ, ਸਟੈਨਿਸਲਾਅ, ਸੱਟਰ ਅਤੇ ਯੋਲੋ ਕਾਊਂਟੀਆਂ ਵਿਚਲੇ ਭਾਈਚਾਰੇ ਨੂੰ ਬੇਨਤੀ ਹੈ ਕਿ ਆਪਣੀ ਕਾਊਂਟੀ ਦੇ ਮੁੱਖ ਚੋਣ ਦਫਤਰ ਨਾਲ ਸੰਪਰਕ ਕਰਕੇ ਪੰਜਾਬੀ ਵਿੱਚ ਚੋਣ ਸਮੱਗਰੀ ਪ੍ਰਾਪਤ ਕਰਨ ਲਈ ਬੇਨਤੀ ਕਰੋ ਜੀ।

Alameda, Contra Costa, Fresno, Kern, Madera, Merced, Placer, Sacramento, San Joaquin, Stanislaus, Sutter and Yolo counties are offering various election materials in Punjabi. You have to contact the County Election Office to request them. ਰਜਿਸਟਰ ਹੋਣ ਦੀ ਆਖਰੀ ਤਾਰੀਖ 19 ਅਕਤੂਬਰ ਹੈ।

ਆਪ ਫੋਨ ਨਹੀਂ ਕਰ ਸਕਦੇ ਤਾਂ ਆਪਣੇ ਬੱਚਿਆਂ ਤੋਂ ਕਰਵਾਉ ਜੀ। ਬਹੁਤ ਜੱਦੋ-ਜਹਿਦ ਨਾਲ ਪੰਜਾਬੀ ਨੂੰ ਇਸ ਮੁਕਾਮ ਤੱਕ ਲਿਆਂਦਾ ਹੈ। ਤੁਹਾਡੇ ਸਾਥ ਦੀ ਬੇਅੰਤ ਲੋੜ ਹੈ। ਇੰਟਰਨੈੱਟ ਰਾਹੀਂ ਰਜਿਸਟਰ ਹੋਣ ਵੇਲੇ ਤੁਸੀਂ ਆਪਣੀ ਭਾਸ਼ਾ ਪੰਜਾਬੀ ਲਿਖ ਸਕਦੇ ਹੋ। ਜੇ ਅੰਗਰੇਜ਼ੀ ਆਉਂਦੀ ਹੈ, ਤਾਂ ਵੀ ਪੰਜਾਬੀ ਵਿੱਚ ਘੱਟੋ-ਘੱਟ ਘਰ ਦੇ ਇੱਕ ਵੋਟਰ ਲਈ ਚੋਣ ਸਮੱਗਰੀ ਮੰਗਵਾਉ ਜੀ। ਇਸ ਸੰਬੰਧੀ ਹੋਰ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਦੇ ਰਹਾਂਗੇ। ਬੈਲੱਟ ਪੇਪਰ ਭਰ ਕੇ ਮੋੜਨ ਦਾ ਇੰਤਜ਼ਾਮ ਹਰੇਕ ਕਾਊਂਟੀ ਦਾ ਵੱਖਰਾ ਹੈ, ਪਰ ਤੁਸੀਂ ਡਾਕ ਜਾਂ ਬੈਲੱਟ ਬਾਕਸ ਰਾਹੀਂ 3 ਨਵੰਬਰ ਤੱਕ ਵਾਪਸ ਕਰ ਸਕਦੇ ਹੋ। ਕਿਰਪਾ ਕਰਕੇ ਡਾਕ ਰਾਹੀਂ ਮਿਲੀ ਚੋਣ ਸਮੱਗਰੀ ਵਿਚਲੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ ਜੀ। Jakara Movement ਦੇ ਸਹਿਯੋਗ ਅਤੇ ਉੱਦਮ ਨਾਲ ਇਸ ਸੰਬੰਧੀ ਹੋਰ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਦੇ ਰਹਾਂਗੇ।

# ਅਮਰੀਕਾ ਦੀਆਂ 2020 ਚੋਣਾਂ ਵਿੱਚ ਪੰਜਾਬੀ ਮਿਲਣ ਲੱਗੀ ਸਰਕਾਰੀ ਪ੍ਰਵਾਨਗੀ




**ਫਰੀਮਾਂਟ/ਏ.ਟੀ.ਨਿਊਜ਼:** ਅਮਰੀਕਾ ਵਿੱਤ 3 ਨਵੰਬਰ ਨੂੰ ਹੋਣ ਵਾਲ਼ੀਆਂ ਚੋਣਾਂ ਵਿੱਚ ਸਰਕਾਰੀ ਤੌਰ ਤੇ ਪੰਜਾਬੀ ਨੂੰ ਮਾਣਤਾ ਦਿੱਤੀ ਗਈ। ਇਹ ਕੰਮ ਅਮਰੀਕਾ ਜੰਮੇ ਨੌਜਵਾਨਾਂ ਦੀ ਜੱਥੇਬੰਦੀ ਜਕਾਰਾ ਦੇ ਉੱਦਮ ਨਾਲ ਸੰਭਵ ਹੋਇਆ ਹੈ।

ਜਗ੍ਹਾ ਜਗ੍ਹਾ ਵੋਟਾਂ ਪਾਉਣ ਵਾਲ਼ਿਆਂ ਡੱਬਿਆਂ ਦੇ ਨਾਲ ਨਾਲ ਘਰਾਂ ਵਿੱਚ ਗਈਆਂ ਵੋਟਾਂ ਵਿੱਚ ਵੀ ਪੰਜਾਬੀ ਚੁਨਣ ਦਾ ਮੌਕਾ ਦਿੱਤਾ ਗਿਆ ਹੈ। ਸਕੋਪ ਦੇ ਬੁਲਾਰੇ ਭਾਈ ਕਸ਼ਮੀਰ ਸਿੰਘ ਨੇ ਸਿੱਖਾਂ ਨੂੰ ਅਪੀਲ ਕੀਤੀ ਤੇ ਕਿਹਾ ਕਿ ਘਰਾਂ ਵਿੱਚ ਆਈਆਂ ਵੋਟਾਂ ਤੇ ਪੰਜਾਬੀ ਤੇ ਨਿਸ਼ਾਨ ਲਾਉਣਾ ਨਾਂ ਭੁੱਲਣ। ਅਮਰੀਕਾ ਵਿੱਚ ਪੰਜਾਬੀ ਬੋਲੀ ਦੀ ਮਾਣਤਾ ਦੁਆਉਣ ਵਿੱਚ ਜਕਾਰਾ ਦਾ ਮੋਹਰੀ ਰੋਲ ਰਿਹਾ ਹੈ। ਹਲੇ ਸ਼ੁਰੂਆਤ ਹੈ ਪਰ ਇਹ ਨੌਜਵਾਨਾਂ ਦੀ ਜੱਥੇਬੰਦੀ ਅਮਰੀਕਨ ਸਿਸਟਮ ਨੂੰ ਸਮਝਦੇ ਹੋਏ ਪੰਥਕ ਕਾਰਜਾਂ ਨੂੰ ਨੇਪਰੇ ਚਾੜ੍ਹ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਇਹਨਾਂ ਦੇ ਤਕਰੀਬਨ ਸਾਰੇ ਹੀ ਮੈਂਬਰ ਅਮਰੀਕਾ ਵਿੱਚ ਜੰਮੇ ਬੱਚੇ ਹਨ। ਗੁਰੂ ਮਹਾਰਾਜ ਇਹਨਾਂ ਨੂੰ ਹਰ ਮੈਦਾਨ ਵਿੱਚ ਫ਼ਤਿਹ ਬਖ਼ਸ਼ਣ।




# ਮਾਮਲਾ ਚੀਨ ਨਾਲ ਵਧਦੇ ਖ਼ਤਰੇ ਨਾਲ ਨਜਿੱਠਣ ਦਾ

## ਅਮਰੀਕਾ ਆਪਣੀ ਫ਼ੌਜੀ ਤਾਕਤ ਵਧਾਉਣ ਲੱਗਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਦੁਨੀਆ ਭਰ ਵਿਚ ਰਾਕੇਟ ਦੀ ਮਦਦ ਨਾਲ ਕਿਤੇ ਵੀ ਹਥਿਆਰਾਂ ਨੂੰ ਸਿਰਫ਼ ਘੰਟੇ ਵਿਚ ਪਹੁੰਚਾਏਗਾ ਵਾਸ਼ਿੰਗਟਨ -ਚੀਨ ਨਾਲ ਵਧਦੇ ਖ਼ਤਰੇ ਨਾਲ ਨਜਿੱਠਣ ਲਈ ਅਮਰੀਕਾ ਨੇ ਆਪਣੀ ਫ਼ੌਜੀ ਤਾਕਤ ਨੂੰ ਵਧਾਉਣ ਦਾ ਐਲਾਨ ਕਰ ਦਿੱਤਾ ਹੈ। ਹਾਲ ਹੀ ਵਿਚ ਯੂ. ਐੱਸ. ਨੇਵੀ ਲਈ ਬੈਟਲ ਫੋਰਸ 2045 ਦਾ ਐਲਾਨ ਕਰਨ ਤੋਂ ਬਾਅਦ ਹੁਣ ਅਮਰੀਕਾ ਨੇ ਟ੍ਰਾਂਸਪੋਰਟੇਸ਼ਨ ਸਿਸਟਮ ਨੂੰ ਮਜ਼ਬੂਤ ਬਣਾਉਣ ਦਾ ਫ਼ੈਸਲਾ ਕੀਤਾ ਹੈ। ਅਮਰੀਕੀ ਫ਼ੌਜ ਅਮਰੀਕੀ ਪ੍ਰਾਈਵੇਟ ਪੁਲਾੜ ਏਜੰਸੀ ਸਪੇਸ-ਐਕਸ ਦੇ ਨਾਲ ਮਿਲ ਕੇ ਇਕ ਅਜਿਹੇ ਰਾਕੇਟ ਦਾ ਨਿਰਮਾਣ ਕਰਨ ਜਾ ਰਹੀ ਹੈ ਜੋ ਦੁਨੀਆ ਭਰ ਵਿਚ ਕਿਤੇ ਵੀ ਹਥਿਆਰਾਂ ਨੂੰ ਸਿਰਫ਼ 60 ਮਿੰਟ ਵਿਚ ਪਹੁੰਚਾ ਸਕਦਾ ਹੈ। ਅਮਰੀਕੀ ਰੱਖਿਆ ਮੰਤਰਾਲੇ ਨੇ ਕੁਝ ਦਿਨ ਪਹਿਲਾਂ ਹੀ ਐਲਨ ਮਸਕ ਦੇ ਸਪੇਸ-ਐਕਸ ਦੇ ਨਾਲ ਮਿਜ਼ਾਈਲ ਟ੍ਰੈਕਿੰਗ ਸੈਟੇਲਾਈਟ ਬਣਾਉਣ ਲਈ 149 ਮਿਲੀਅਨ ਡਾਲਰ ਦਾ ਸੌਦਾ ਕੀਤਾ ਸੀ।

ਯੂ. ਐੱਸ. ਟ੍ਰਾਂਸਪੋਰਟ ਕਮਾਂਡ ਦੇ ਜਨਰਲ ਨੇ ਕੀਤੀ ਪੁਸ਼ਟੀ

ਬੀਤੇ ਦਿਨੀਂ ਇਕ ਵਰਚੁਅਲ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਯੂ. ਐੱਸ. ਟ੍ਰਾਂਸਪੋਰਟ ਕਮਾਂਡ ਦੇ ਪ੍ਰਮੁੱਖ ਜਨਰਲ ਸਟੀਫਨ ਲਿਓਂਸ ਨੇ ਇਕ ਸੌਦੇ ਨੂੰ ਜਨਤਕ ਕੀਤਾ। ਜਨਰਲ ਲਿਓਨ ਨੇ ਆਖਿਆ ਕਿ ਸਪੇਸ-ਐਕਸ ਹੁਣ ਇਕ ਅਹਿਮ ਪ੍ਰਾਜੈਕਟ ਦੀਆਂ ਤਕਨੀਕੀ ਚੁਨੌਤੀਆਂ ਅਤੇ ਲਾਗਤਾਂ ਦਾ ਵਿਸ਼ਲੇਸ਼ਣ ਕਰੇਗਾ। ਜਨਰਲ ਲਿਓਂਸ ਨੇ ਆਖਿਆ ਕਿ ਇਸ ਤਕਨੀਕ ਦਾ ਸ਼ੁਰੂਆਤੀ ਪ੍ਰੀਖਣ 2021 ਵਿਚ ਆਯੋਜਿਤ ਕੀਤਾ ਜਾ ਸਕਦਾ ਹੈ।

74,000 ਕਿ. ਗ੍ਰ. ਤੋਂ ਜ਼ਿਆਦਾ ਭਾਰ ਚੁੱਕ ਸਕਦੈ ਸੀ-17

ਉਨਾਂ ਦੱਸਿਆ ਕਿ ਮਿਲਟਰੀ ਦਾ ਹੈਵੀ ਟ੍ਰਾਂਸਪੋਰਟ ਏਅਰਕ੍ਰਾਫਟ ਸੀ-17 ਗਲੋਬਮਾਸਟਰ ਇਕ ਵਾਰ ਵਿਚ ਜਿੰਨਾ ਭਾਰ ਚੁੱਕ ਸਕਦਾ ਹੈ।

12070 ਕਿ. ਮੀ. ਪ੍ਰਤੀ ਘੰਟੇ ਹੋਵੇਗੀ ਰਾਕੇਟ ਦੀ ਸਪੀਡ

ਸੀ-17 ਗਲੋਬਮਾਸਟਰ ਦੀ ਤੁਲਨਾ ਵਿਚ ਸਪੇਸ-ਐਕਸ ਇਕ ਹਾਈ ਸਪੀਡ ਰਾਕੇਟ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ, ਜੋ 12070 ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉਡਾਣ ਭਰਨ ਵਿਚ ਸਮਰੱਥ ਹੋਵੇਗਾ।

# ਭਾਰਤੀ ਝੰਡਾ ਲਾਹ ਕੇ ਖਾਲਿਸਤਾਨ ਦਾ ਨਿਸ਼ਾਨ ਝੁਲਾਉਣ ਦੇ ਮਾਮਲੇ 'ਚ ਐਨਆਈਏ ਦੀ ਛਾਪੇਮਾਰੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਦੱਸਿਆ ਹੈ ਕਿ ਉਸ ਨੇ ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ (ਐੱਸਐੱਫਜੇ) ਨਾਲ ਜੁੜੇ ਮਾਮਲਿਆਂ ਵਿੱਚ ਪੰਜਾਬ ਦੇ ਫਿਰੋਜ਼ਪੁਰ, ਲੁਧਿਆਣਾ ਅਤੇ ਮੋਗਾ ਜ਼ਿਲਿਆਂ ਵਿੱਚ ਛੇ ਥਾਵਾਂ 'ਤੇ ਤਲਾਸ਼ੀ ਲਈ ਹੈ। ਐੱਨਆਈਏ ਦੇ ਅਫਸਰਾਂ ਨੇ ਦੱਸਿਆ ਇਸ ਸਾਲ ਭਾਰਤ ਦੇ ਆਜ਼ਾਦੀ ਦਿਹਾੜੇ ਤੋਂ ਪਹਿਲਾਂ ਮੋਗਾ ਵਿੱਚ ਐੱਸਐੱਫਜੇ ਦੀ ਸ਼ਹਿ 'ਤੇ ਭਾਰਤ ਦਾ ਕੌਮੀ ਝੰਡਾ ਲਾਹ ਕੇ ਖ਼ਾਲਿਸਤਾਨ ਦਾ ਝੰਡਾ ਲਹਿਰਾਇਆ ਗਿਆ ਸੀ ਤੇ ਇਸ ਸਬੰਧ ਵਿੱਚ ਹੀ ਛਾਪੇ ਮਾਰੇ ਗਏ ਹਨ। ਉਨ੍ਹਾਂ ਕਿਹਾ ਕਿ ਤਲਾਸ਼ੀ ਦੌਰਾਨ ਏਜੰਸੀ ਨੂੰ ਪੈਨ ਡ੍ਰਾਈਵ, ਲੈਪਟਾਪ, ਹਾਰਡ ਡਿਸਕਸ ਅਤੇ ਹੋਰ ਦਸਤਾਵੇਜ਼ਾਂ ਸਮੇਤ ਬਹੁਤ ਸਾਰੀਆਂ ਇਲੈਕਟ੍ਰਾਨਿਕ ਚੀਜ਼ਾਂ ਮਿਲੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਜਿਨਾਂ ਥਾਵਾਂ ਦੀ ਤਲਾਸ਼ੀ ਲਈ ਗਈ ਸੀ, ਉਹ ਦੋਸ਼ੀ ਵਜੋਂ ਨਾਮਜ਼ਦ ਕੀਤੇ ਗਏ ਅਕਾਸ਼ਦੀਪ ਸਿੰਘ, ਜੋਗਵਿੰਦਰ ਸਿੰਘ, ਇੰਦਰਜੀਤ ਸਿੰਘ, ਜਸਪਾਲ ਸਿੰਘ ਅਤੇ ਰਾਮ ਤੀਰਥ ਨਾਲ ਸਬੰਧਤ ਸਨ। ਜਸਪਾਲ ਸਿੰਘ ਦੇ ਸਾਈਬਰ ਕੈਫੇ ਦੀ ਵੀ ਤਲਾਸ਼ੀ ਲਈ ਗਈ।

# ਘੋੜਸਵਾਰ ਪੁਲਿਸ ਰੱਸੀ ਨਾਲ ਬੰਨ ਕੇ ਸਿਆਹਫਾਮ ਕੈਦੀ ਨੂੰ ਲੈ ਗਈ ਪੈਦਲ

## ਹੁਣ ਅਦਾਲਤ ਰਾਹੀਂ ਮੰਗਿਆ 10 ਲੱਖ ਡਾਲਰ ਹਰਜਾਨਾ

**ਗਲਵੇਸਟਨ/ਏ.ਟੀ.ਨਿਊਜ਼:** ਅਮਰੀਕਾ 'ਚ ਪਿਛਲੇ ਕੁਝ ਸਮੇਂ ਤੋਂ ਸਿਆਹਫਾਮ ਖ਼ਿਲਾਫ਼ ਪੁਲਿਸ ਦੀਆਂ ਬੇਰਹਿਮੀ ਦੀਆਂ ਜ਼ਿਆਦਾ ਹੀ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਹਾਲ ਹੀ 'ਚ ਮਾਮਲਾ ਟੈਕਸਾਸ ਦਾ ਹੈ ਜੋ ਜ਼ੋਰ ਫੜਦਾ ਜਾ ਰਿਹਾ ਹੈ। ਘੋੜੇ 'ਤੇ ਸਵਾਰ ਦੋ ਪੁਲਿਸ ਕਰਮਚਾਰੀਆਂ ਦੁਆਰਾ ਇਕ ਸਿਆਹਫਾਮ ਵਿਅਕਤੀ ਦੇ ਹੱਥ ਰੱਸੀ ਨਾਲ ਬੰਨ ਕੇ ਉਸ ਨੂੰ ਪੈਦਲ ਲੈ ਜਾਇਆ ਗਿਆ। ਹੁਣ ਇਸ ਵਿਅਕਤੀ ਨੇ ਇਹ ਕਹਿੰਦੇ ਹੋਏ ਦੱਖਣੀ-ਪੂਰਬੀ ਟੈਕਸਾਸ ਸ਼ਹਿਰ ਤੇ ਉਸ ਦੇ ਪੁਲਿਸ ਵਿਭਾਗ ਤੋਂ 10 ਲੱਖ ਡਾਲਰ ਦਾ ਹਰਜਾਨਾ ਮੰਗਿਆ ਕਿ ਗ੍ਰਿਫ਼ਤਾਰੀ ਦੌਰਾਨ ਅਪਮਾਨ ਤੇ ਡਰ ਦਾ ਸਾਹਮਣਾ ਕਰਨਾ ਪਿਆ।



ਗਲਵੇਸਟਨਕਾਊਂਟੀ ਜ਼ਿਲਾ ਅਦਾਲਤ 'ਚ ਪਿਛਲੇ ਹਫ਼ਤੇ ਡੋਨਾਲਡ ਨੀਲੀ (44) ਵੱਲੋਂ ਦਾਇਰ ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਅਧਿਕਾਰੀਆਂ ਦਾ ਆਚਰਨ ਕੱਟੜਪੰਥੀ ਤੇ ਅਪਮਾਨਜਨਕ ਸੀ, ਜਿਸ ਨਾਲ ਨੀਲੀ ਸਰੀਰਕ ਰੂਪ ਨਾਲ ਜ਼ਖ਼ਮੀ ਹੋਇਆ ਤੇ ਭਾਵਨਾਤਮਕ ਰੂਪ ਨਾਲ ਵੀ ਦੁਖੀ ਹੋਏ। ਅਦਾਲਤੀ ਦਸਤਾਵੇਜ਼ਾਂ ਦਾ ਜ਼ਿਕਰ ਕਰਦੇ ਹੋਏ ਮੀਡੀਆ 'ਚ ਆਈਆਂ ਖ਼ਬਰਾਂ 'ਚ ਇਹ ਜਾਣਕਾਰੀ ਦਿੱਤੀ ਗਈ। ਪੁਲਿਸ ਵੱਲੋਂ ਇਸ ਮਾਮਲੇ 'ਤੇ ਅਜੇ ਤਕ ਕਈ ਅਧਿਕਾਰੀ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

# ਸਿਆਟਲ ਦੇ ਨੌਜਵਾਨਾਂ, ਭਾਰਤ ਸਰਕਾਰ ਵੱਲੋਂ ਪਾਸ ਕੀਤੇ ਕਿਸਾਨ ਬਿੱਲਾਂ ਦਾ ਵਿਰੋਧ ਤੇ ਕਿਸਾਨਾਂ ਨੂੰ ਸਮਰਥਨ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਭਾਰਤ ਸਰਕਾਰ ਵੱਲੋਂ ਪਾਸ ਕੀਤੇ ਕਿਸਾਨ ਬਿੱਲਾਂ ਦਾ ਵਿਰੋਧ ਤੇ ਕਿਸਾਨਾਂ ਦੇ ਹੱਕ ਵਿਚ ਸਿਆਟਲ ਦੇ ਨੌਜਵਾਨਾਂ ਵਲੋਂ ਸਮਰਥਨ ਦੇਣ ਦਾ ਫ਼ੈਸਲਾ ਕੀਤਾ ਹੈ। ਫ਼ਿਰੋਜ਼ਪੁਰ ਦੇ ਕਿਸਾਨ ਬਲਕਾਰ ਸਿੰਘ ਦਿਉਲ ਨੇ ਦੱਸਿਆ ਕਿ ਕਿਸਾਨ ਸਾਰੇ ਭਾਰਤ ਵਿਚ ਕਣਕ ਅਤੇ ਖਾਣ ਪੀਣ ਦੀਆਂ ਵਸਤਾਂ ਪੈਦਾ ਕਰਕੇ ਮੁਹੱਈਆ ਕਰਵਾ ਰਿਹਾ ਹੈ ਪ੍ਰੰਤੂ ਮੋਦੀ ਸਰਕਾਰ ਨੇ ਕਿਸਾਨਾਂ ਨਾਲ ਧੱਕਾ ਕੀਤਾ ਹੈ। ਇਹ ਬਿੱਲ ਵਾਪਸ ਲੈਣੇ ਚਾਹੀਦੇ ਹਨ। ਸਿਆਟਲ ਦੇ ਨੌਜਵਾਨਾਂ ਨੇ ਕਿਸਾਨਾਂ ਦੇ ਹੱਕ ਵਿਚ ਮਤਾ ਪਾਸ ਕਰਦਿਆਂ ਦੱਸਿਆ ਕਿ ਕਿਸਾਨਾਂ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਕਿਸਾਨਾਂ ਦਾ ਹਰੇਕ ਤਰਾਂ ਸਮਰਥਨ ਕਰਾਂਗੇ। ਸਿਆਟਲ ਦੇ ਨੌਜਵਾਨਾਂ ਦੱਸਿਆ ਕਿ ਕਿਸਾਨਾਂ ਦੇ ਸੰਘਰਸ਼ ਵਿਚ ਨੌਜਵਾਨ ਸ਼ਾਮਲ ਹੋਣ ਲਈ ਤਿਆਰ ਹਨ।

# ਰਾਸ਼ਟਰਪਤੀ ਚੋਣਾਂ 'ਚ ਹੁਣ ਤੱਕ 70 ਲੱਖ ਤੋਂ ਵੱਧ ਅਮਰੀਕੀਆਂ ਨੇ ਪਾਈਆਂ ਵੋਟਾਂ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਹੁਣ ਤੱਕ ਆਮ ਚੋਣਾਂ ਵਿਚ 73 ਲੱਖ ਅਮਰੀਕੀ ਵੋਟਾਂ ਪਾ ਚੁੱਕੇ ਹਨ। ਇਹ ਖ਼ੁਲਾਸਾ ਸੀ ਐਨ ਐਨ ਤੇ ਐਡੀਸ਼ਨ ਰਿਸਰਚ ਸਰਵੇ ਦੁਆਰਾ ਕੀਤਾ ਗਿਆ ਹੈ। ਇਹ ਅੰਕੜੇ 36 ਰਾਜਾਂ ਦੇ ਹਨ। ਇਨਾਂ ਅੰਕੜਿਆਂ ਤੋਂ ਚੋਣਾਂ ਦੇ ਨਤੀਜੇ ਬਾਰੇ ਕੋਈ ਅਨੁਮਾਨ ਨਹੀਂ ਲਾਇਆ ਜਾ ਸਕਦਾ ਕਿਉਂਕਿ ਦੇਸ਼ ਭਰ ਵਿਚ ਜਿਸ ਢੰਗ ਨਾਲ ਵੋਟਾਂ ਪੈ ਰਹੀਆਂ ਹਨ, ਉਸ ਤੋਂ ਪਤਾ ਲੱਗਾ ਹੈ ਕਿ ਰਿਪਬਲਿਕਨ ਸਮਰਥਕ ਪਹਿਲਾਂ ਵੋਟਾਂ ਪਾਉਣ ਦੀ ਬਜਾਏ ਚੋਣਾਂ ਵਾਲੇ ਦਿਨ 3 ਨਵੰਬਰ ਨੂੰ ਨਿੱਜੀ ਤੌਰ 'ਤੇ ਵੋਟਾਂ ਪਾਉਣ ਦੇ ਹੱਕ ਵਿਚ ਹਨ। ਲੋਕਾਂ ਵਿਚ ਵੋਟਾਂ ਪਾਉਣ ਪ੍ਰਤੀ ਭਾਰੀ ਦਿਲਚਸਪੀ ਵੇਖਣ ਨੂੰ ਮਿਲੀ ਹੈ। ਕੁਝ ਰਾਜਾਂ ਵਿਚ ਚੋਣ ਪਰਚੀਆਂ ਦੀ ਮੰਗ ਰਿਕਾਰਡ ਪੱਧਰ ਉੱਪਰ ਪਹੁੰਚ ਗਈ ਹੈ। 38 ਰਾਜਾਂ ਵਿਚ ਇਸ ਹਫ਼ਤੇ ਡਾਕ ਰਾਹੀਂ ਜਾਂ ਨਿੱਜੀ ਤੌਰ 'ਤੇ ਵੋਟਾਂ ਪਾਉਣ ਲਈ ਪਰਚੀਆਂ ਦੀ ਮੰਗ 3.50 ਕਰੋੜ ਤੱਕ ਪੁੱਜ ਗਈ ਹੈ। ਜਿਉਂ ਜਿਉਂ 3 ਨਵੰਬਰ ਦੀ ਤਰੀਕ ਨੇੜੇ ਆ ਰਹੀ ਹੈ, ਵੋਟਾਂ ਪਾਉਣ ਦੀ ਰਫ਼ਤਾਰ ਤੇਜ਼ ਹੋਣ ਦੀ ਸੰਭਾਵਨਾ ਹੈ। ਇਸ ਹਫ਼ਤੇ ਦੇ ਅੰਤ ਤੱਕ ਸਾਰੇ 50 ਰਾਜਾਂ ਵਿਚ ਵੋਟਰ ਪਰਚੀਆਂ ਮਿਲ ਸਕਣਗੀਆਂ।

# ਕੋਵਿਡ-19 ਨਾਲ ਦੂਸਰੀ ਵਾਰ ਬਿਮਾਰ ਹੋਣ ਵਾਲਾ ਅਮਰੀਕਾ ਦਾ ਪਹਿਲਾ ਵਿਅਕਤੀ ਬਣਿਆ 25 ਸਾਲਾ ਨੌਜਵਾਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕੀਆਂ ਲਈ ਇਹ ਚਿੰਤਾ ਵਾਲੀ ਗੱਲ ਹੈ ਕਿ ਨਵਾਡਾ ਵਾਸੀ 25 ਸਾਲਾ ਨੌਜਵਾਨ ਨੂੰ ਦੂਸਰੀ ਵਾਰ ਕੋਵਿਡ-19 ਹੋਣ ਦੀ ਪੁਸ਼ਟੀ ਹੋਈ ਹੈ। ਦੂਸਰੀ ਵਾਰ ਹੋਈ ਬਿਮਾਰੀ ਪਹਿਲਾਂ ਨਾਲੋਂ ਵੀ ਵੱਧ ਭਿਆਨਕ ਹੈ। ਪਹਿਲਾਂ ਉਹ ਠੀਕ ਹੋ ਚੁੱਕਾ ਸੀ ਪਰ ਦੂਸਰੀ ਵਾਰ ਫਿਰ ਕੋਰੋਨਾ ਦੀ ਲਪੇਟ ਵਿਚ ਆ ਜਾਣ ਕਾਰਨ ਇਹ ਸਵਾਲ ਉੱਠ ਰਿਹਾ ਹੈ ਕਿ ਠੀਕ ਹੋ ਚੁੱਕੇ ਲੋਕਾਂ ਨੂੰ ਕਦੋਂ ਤੱਕ ਕੋਰੋਨਾ ਤੋਂ ਬਚਾਅ ਕੇ ਰੱਖਿਆ ਜਾ ਸਕਦਾ ਹੈ। ਵਾਂਡਰਬਿਲਟ ਯੁਨੀਵਰਸਿਟੀ ਸਕੂਲ ਆਫ ਮੈਡੀਸੀਨ ਨਾਸ਼ਵਿਲੇ ਵਿਚ ਕੰਮ ਕਰਦੇ ਲਾਗ ਦੀਆਂ ਬਿਮਾਰੀਆਂ ਬਾਰੇ ਮਾਹਿਰ ਡਾ. ਵਿਲੀਅਮ ਸ਼ਫਨਰ ਇਸ ਤੋਂ ਫ਼ਿਕਰਮੰਦ ਹਨ। ਉਨਾਂ ਦਾ ਕਹਿਣਾ ਹੈ ਕਿ ਇਹ ਪੀਲੀ ਬੱਤੀ ਹੈ ਜੋ ਸਾਡੇ ਲਈ ਚੌਕਸੀ ਵਰਤਣ ਦਾ ਸੰਦੇਸ਼ ਹੈ। ਫਿਲਾਡੈਲਫੀਆ ਦੇ ਬੱਚਿਆਂ ਦੇ ਹਸਪਤਾਲ ਵਿਚ ਮਾਹਿਰ ਵਜੋਂ ਤਾਇਨਾਤ ਡਾ. ਪਾਲ ਓਫਿਟ ਦਾ ਕਹਿਣਾ ਹੈ ਕਿ ਉਹ ਇਸ ਤੋਂ ਹੈਰਾਨ ਨਹੀਂ ਹੈ। ਲੋਕ ਠੀਕ ਹੋਣ ਉਪਰੰਤ ਦੂਸਰੀ ਵਾਰ ਵੀ ਕੋਰੋਨਾ ਦੀ ਲਪੇਟ ਵਿਚ ਆ ਸਕਦੇ ਹਨ। ਦੂਸਰੀ ਵਾਰ ਕੋਰੋਨਾ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਅਮਰੀਕੀਆਂ ਵਿਚ ਡਰ ਪੈਦਾ ਹੋਣਾ ਸੁਭਾਵਕ ਹੈ। ਜਦੋਂ ਤੱਕ ਕੋਈ ਕਾਰਗਰ ਵੈਕਸੀਨ ਨਹੀਂ ਆਉਂਦੀ ਓਦੋਂ ਤੱਕ ਇਹ ਡਰ ਬਣਿਆ ਰਹੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਇੱਕ ਹ.ਫ਼ਤੇ ਦੇ ਅੰਦਰ ਕਰੋਨਾ ਪਾਜ਼ੀਟਿਵ ਡੋਨਾਲਡ ਟਰੰਪ ਠੀਕ ਕਿਵੇਂ ਹੋਏ ?

## ਅਸਲ ਰਾਜ ਜਾਣੋ, ਇੰਗਲੈਂਡ ਦੀ ਡੇਲੀ ਮੇਲ ਅਮਰੀਕਾ ਦੀ ਅਖ਼ਬਾਰ ਨੇ ਭੇਦ ਖੋਲੇ

**ਨਿਊਯਾਰਕ/ਏ.ਟੀ.ਨਿਊਜ਼:** ਕਰੋਨਾ ਪਾਜ਼ੀਟਿਵ ਦੇ ਸ਼ਿਕਾਰ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਇਕ ਹਫ਼ਤੇ ਵਿਚ ਕਿੰਝ ਠੀਕ ਹੋ ਗਏ। ਅਮਰੀਕਾ ਤੇ ਸੰਸਾਰ ਦੇ ਲੋਕ ਹੈਰਾਨ ਹਨ। ਟਰੰਪ ਲਗਭਗ ਹਫ਼ਤੇ ਦੌਰਾਨ ਰਿਕਵਰੀ ਕਰ ਗਏ। ਇੱਥੇ ਗੱਲ ਜ਼ਿਕਰਯੋਗ ਹੈ ਕਿ ਕਰੋਨਾ ਦੇ ਨਾਰਮਲ ਮਰੀਜ਼ ਨੂੰ ਠੀਕ ਹੋਣ ਦੇ ਲਈ ਘੱਟੋ-ਘੱਟ ਤਿੰਨ ਹਫ਼ਤੇ ਲੱਗ ਰਹੇ ਹਨ, ਪਰ ਟਰੰਪ ਹਫ਼ਤੇ ਵਿਚ ਠੀਕ ਕਿਵੇਂ ਹੋ ਗਏ।

ਅਮਰੀਕਨ ਮੀਡੀਆ ਅਨੁਸਾਰ, ਟਰੰਪ ਦੀ ਰਿਕਵਰੀ ਨਾਲ ਜੁੜਿਆ ਮਾਮਲਾ ਵੱਡੇ ਫਾਰਮਾਂ ਦੀ ਹਿਤ ਰੱਖਿਆ ਨਾਲ ਜੁੜਿਆ ਹੈ। ਟਰੰਪ ਨੇ ਇੱਕ ਵੀਡੀਓ ਰਾਹੀਂ ਆਪ ਇਹ ਜਾਣਕਾਰੀ ਦਿੱਤੀ ਹੈ ਕਿ ਕਿਸ ਦੀ ਦਵਾਈ ਨਾਲ ਉਹ ਠੀਕ ਹੋਏ। ਟਰੰਪ ਅਨੁਸਾਰ ਕਈ ਦਵਾਈਆਂ ਦੇ ਨਾਲ Regeneron ਦੇ ਨਾਲ REGN-COV2 ਰੋਗ ਨਾਸ਼ਕ ਡਰੱਗ ਦਿੱਤੀ ਗਈ ਸੀ। ਇਸ ਨਾਲ ਮੈਂ ਸਿਹਤਮੰਦ ਹੋਇਆ ਹਾਂ। ਰਾਸ਼ਟਰਪਤੀ ਟਰੰਪ ਨੇ ਵੀਡੀਓ ਵਿੱਚ ਕਿਹਾ ਕਿ, ' ਮੈਂ ਚਾਹੁੰਦਾ ਹਾਂ ਕਿ ਅਮਰੀਕਾ ਦੇ ਕਰੋਨਾ ਮਰੀਜ਼ਾਂ ਨੂੰ ਇਹ ਫ਼ਰੀ ਦਵਾਈ ਮਿਲੇ ਜੋ ਕਿ ਮੈਨੂੰ ਮਿਲੀ ਹੈ ਅਤੇ ਮੈ ਚਾਹੁੰਦਾ ਹਾਂ ਕਿ ਅਮਰੀਕਾ ਦੇ ਮਰੀਜ਼ਾਂ ਨੂੰ ਫ਼ਰੀ ਮੁਹੱਈਆ ਕਰਾਵਾਂ।

ਬਿੱਲਗੇਟਸ ਵੀ ਇਸੇ ਤਰਾਂ ਮੋਹਰੀ ਹੋਕੇ ਕਰੋਨਾ ਰੋਗਨਾਸ਼ਕ ਦਵਾਈ ਦੀ ਮਸ਼ਹੂਰੀ ਕਰ



ਰਹੇ ਹਨ। ਉਨਾਂ ਦਾ ਕਹਿਣਾ ਹੈ ਕਿ ਕਰੋਨਾ ਦੀ ਇਹ ਦਵਾਈ ਮੌਤ ਦਾ ਖ਼ਤਰਾ ਘੱਟ ਕਰਦੀ ਹੈ। ਇਹ ਨਵੀਂ ਦਵਾਈ ਚੂਹਿਆਂ ਤੇ ਮਰੀਜ਼ਾਂ ਦੇ ਦੋ ਰੋਗਨਾਸ਼ਕ ਇਕੱਠੇ ਕਰਕੇ ਤਿਆਰ ਕੀਤੀ ਗਈ ਹੈ। ਦਾਅਵਾ ਇਹ ਹੈ ਕਿ ਇਹ ਫੇਫੜਿਆਂ ਨਾਲ ਚੰਬੜੇ ਕਰੋਨਾ ਨੂੰ ਕੁਦਰਤੀਂ ਢੰਗ ਨਾਲ ਖ਼ਤਮ ਕਰਨ ਵਿੱਚ ਮਦਦ ਕਰਦੀ ਹੈ।

ਅਜੇ ਵੀ ਸਭ ਅਸਰਦਾਰ ਇਲਾਜ ਦੇ ਕਰੋਨਾ ਤੋਂ ਉੱਭਰਨ ਲਈ ਪਲਾਜ਼ਮਾ ਥੈਰੇਪੀ ਮੰਨਿਆ ਗਿਆ ਹੈ। ਬਿਗਫਾਰਮਾ ਚਾਹੁੰਦਾ ਹੈ ਕਿ ਪਲਾਜਮਾ ਥਰੈਪੀ ਨਾਲ ਇਲਾਜ ਕੀਤਾ ਜਾਵੇ। ਇਸ ਦੀ ਖ਼ੂਬ ਮਸ਼ਹੂਰੀ ਕੀਤੀ ਜਾਵੇ ਤਾਂ ਜੋ ਬਿਗ ਫਾਰਮਾਂ ਦੀਆਂ ਕੰਪਨੀਆਂ ਨੂੰ ਵੱਡਾ ਫ਼ਾਇਦਾ ਪਹੁੰਚ ਸਕੇ। ਇਸ ਦਵਾਈ ਉੱਪਰ ਵੀ ਸੁਆਲ ਉੱਠੇ ਹਨ। ਇੰਗਲੈਂਡ ਦੀ ਮਸ਼ਹੂਰ ਅਖ਼ਬਾਰ ਡੇਲੀ ਮੇਲ ਨੇ ਕਿਹਾ ਕਿ ਦੋ ਮਰੀਜ਼ਾਂ ਦਾ ਇਲਾਜ ਜੋ ਆਰਈਜੀਐਨ, ਸੀਵੀ2 ਨਾਲ ਇਲਾਜ ਕੀਤਾ ਹੈ , ਉਸਦੇ ਸਾਈਡ ਅਫੈਕਟ ਨਜ਼ਰ ਆਉਣ ਲੱਗ ਪਏ ਹਨ। ਪਰ ਅਮਰੀਕਨ ਕੰਪਨੀ ਰੀਜਨੇਰਾਨ ਨੇ ਇਹ ਜਾਣਕਾਰੀ ਨਹੀਂ ਦਿੱਤੀ। ਇਸ ਨਵੀਂ ਐਂਟੀਬਾਡੀ ਕਾਕਟੇਲ ਥੈਰੇਪੀ ਦੇ ਲਈ ਅਮਰੀਕਨ ਸਰਕਾਰ ਵੱਲੋਂ ਇਸ ਦਾ ਵੱਡੇ ਪੱਧਰ ਤੇ ਪ੍ਰਚਾਰ ਹੋ ਚੁੱਕਾ ਹੈ। ਅਮਰੀਕਨ ਕੰਪਨੀ ਰੀਜਨੇਰਾਨ ਕੰਪਨੀ ਨਾਲ ਇਸ ਦਾ ਕਰਾਰ ਵੀ ਹੋ ਚੁੱਕਾ ਹੈ। ਅਮਰੀਕਾ ਨੇ ਇਸ ਕੰਪਨੀ ਨਾਲ 450 ਮਿਲੀਅਨ ਡਾਲਰ ਦੀ ਡੀਲ ਕੀਤੀ ਹੈ।

ਅਰਥਾਤ ਇਹ ਡੀਲ ਪਹਿਲਾਂ ਦੀ ਹੋ ਚੁੱਕੀ ਹੈ। ਅਮਰੀਕਾ ਨਾਲ ਜੁੜੀ ਕੰਪਨੀ ਰੀਜੇਨੇਰਾਨ ਕੰਪਨੀ ਫਰਾਂਸੀਸੀ ਦਵਾ ਕੰਪਨੀ ਸਨੋਫੀ ਨਾਲ ਸਾਂਝੀਦਾਰ ਰਿਹਾ ਹੈ। ਨਿਊਯਾਰਕ ਟਾਈਮਜ਼ ਅਖ਼ਬਾਰ ਨੇ ਕਿਹਾ ਕਿ ਇਸ ਕੰਪਨੀ ਸਨੋਫੀ ਨਾਲ ਟਰੰਪ ਤੇ ਉਸਦੇ ਸਾਥੀਆਂ ਨਾਲ ਨਿੱਜੀ ਤੇ ਵਿੱਤੀ ਹਿਤ ਜੁੜੇ ਹੋਏ ਹਨ। ਜਿੱਥੇ ਬਿਗ ਬੀ ਫਾਰਮਾਂ ਨੂੰ ਫ਼ਾਇਦਾ ਹੋਵੇਗਾ ਉੱਥੇ ਅਮਰੀਕਨ ਦੇ ਸੱਤਾਧਾਰੀ ਤੇ ਸਰਮਾਏਦਾਰ ਵੀ ਹਿੱਸੇਦਾਰ ਹੋਣਗੇ।

# ਅਮਰੀਕਾ ਦੇ ਐਮਹਰਸਟ ਕਸਬੇ ਵਿਚ ਗਾਂਧੀ ਦਾ ਬੁੱਤ ਸਥਾਪਿਤ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਨਿਊਯਾਰਕ ਨੇੜੇ ਐਮਹਰਸਟ ਕਸਬੇ ਵਿਚ ਮਹਾਤਮਾ ਗਾਂਧੀ ਦਾ ਬੁੱਤ ਸਥਾਪਿਤ ਕਰਕੇ ਉਨਾਂ ਨੂੰ ਭਰਪੂਰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਮਹਾਤਮਾ ਗਾਂਧੀ ਦੇ ਅਹਿੰਸਾ ਤੇ ਅਮਨ ਦੇ ਸੁਨੇਹੇ ਨੂੰ ਯਾਦ ਕੀਤਾ ਗਿਆ ਤੇ ਕਿਹਾ ਗਿਆ ਕਿ ਇਸ ਵੇਲੇ ਵਿਸ਼ਵ ਨੂੰ ਗਾਂਧੀ ਦੀ ਵਿਚਾਰਧਾਰਾ ਉੱਪਰ ਚੱਲਣ ਦੀ ਲੋੜ ਹੈ। ਮਹਾਤਮਾ ਗਾਂਧੀ ਦੇ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਨਿਊਯਾਰਕ ਵਿਚਲੇ ਭਾਰਤ ਦੇ ਕੌਂਸਲ ਜਨਰਲ ਰਣਧੀਰ ਜੈਸਵਾਲ, ਸਟੇਟ ਅਸੰਬਲੀ ਮੈਂਬਰ ਕਾਰੇਨ ਮੈਕਮੋਹਨ, ਕਾਊਂਟੀ ਮੁੱਖੀ ਮਾਰਕ ਪੋਲੋਨਕਾਰਜ਼ ਤੇ ਬਰੀਅਨ ਕੁਲਪਾ ਨੇ ਸਾਂਝੇ ਤੌਰ 'ਤੇ ਨਿਭਾਈ। ਸਮਾਗਮ ਵਿਚ ਇਲਾਕੇ ਦੀਆਂ ਅਨੇਕਾਂ ਮੋਹਤਬਰ ਸ਼ਖ਼ਸੀਅਤਾਂ ਹਾਜ਼ਰ ਸਨ। ਇਹ ਬੁੱਤ ਭਾਰਤੀ ਮੂਲ ਦੇ ਅਮਰੀਕਨ ਭਾਈਚਾਰੇ ਵੱਲੋਂ ਸਥਾਪਿਤ ਕੀਤਾ ਗਿਆ ਹੈ। ਕੌਂਸਲ ਆਫ ਹੈਰੀਟੇਜ ਐਂਡ ਆਰਟਸ ਆਫ ਇੰਡੀਆ ਦੇ ਕਾਰਜਕਾਰੀ ਡਾਇਰੈਕਟਰ ਸਿਬੂ ਨਈਅਰ ਨੇ ਇਸ ਮੌਕੇ ਕਿਹਾ ਕਿ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਅਮਰ ਹੈ। ਜਦੋਂ ਅਮਰੀਕਾ ਸਮੇਤ ਪੂਰੇ ਵਿਸ਼ਵ ਨੂੰ ਨਫ਼ਰਤ ਤੇ ਹਿੰਸਾ ਨੇ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ ਤਾਂ ਅਜਿਹੇ ਹਾਲਾਤ ਵਿਚ ਗਾਂਧੀ ਦੀ ਵਿਚਾਰਧਾਰਾ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਉਨਾਂ ਕਿਹਾ ਕਿ ਗਾਂਧੀ ਕੇਵਲ ਇਕ ਵਿਅਕਤੀ ਨਹੀਂ ਹੈ ਬਲਕਿ ਇਹ ਇਕ ਵਿਚਾਰਧਾਰਾ ਹੈ ਜਾਂ ਜੀਨ ਦਾ ਢੰਗ ਤਰੀਕਾ ਹੈ ਜੋ ਕਦੇ ਵੀ ਮਰੇਗਾ ਨਹੀਂ। ਇੱਥੇ ਵਰਨਣਯੋਗ ਹੈ ਕਿ ਸਨ ਫਰਾਂਸਿਸਕੋ (ਕੈਲੇਫੋਰੀਨੀਆ) ਸਮੇਤ ਅਮਰੀਕਾ ਦੇ ਹੋਰ ਕਈ ਸ਼ਹਿਰਾਂ ਵਿਚ ਵੀ ਗਾਂਧੀ ਦੇ ਬੁੱਤ ਸਥਾਪਿਤ ਹਨ।


DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਜੀਐਸਟੀ ਦੇ ਘਾਟੇ ਦਾ ਭਾਰ ਸੂਬਿਆਂ ਸਿਰ ਮੜਨ ’ਤੇ ਅੜੀ ਭਾਰਤ ਸਰਕਾਰ; ਪੰਜਾਬ ਵੱਲੋਂ ਵਿਰੋਧ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਵੱਲੋਂ ਪੁਰਾਣੀ ਕਰ ਉਗਰਾਹੁਣ ਦੀ ਪ੍ਰਣਾਲੀ ਇਨਕਮ ਟੈਕਸ ਨੂੰ ਖਤਮ ਕਰਕੇ ਲਾਗੂ ਕੀਤੀ ਗਈ ਨਵੀਂ ਪ੍ਰਣਾਲੀ ਜੀਐਸਟੀ ਬੁਰੀ ਤਰਾਂ ਨਾਕਾਮ ਹੁੰਦੀ ਪ੍ਰਤੀਤ ਹੋ ਰਹੀ ਹੈ। ਕੁੱਝ ਸਾਲਾਂ ਵਿਚ ਹੀ ਆਲਮ ਇਹ ਬਣ ਚੁੱਕਿਆ ਹੈ ਕਿ ਕੇਂਦਰ ਸਰਕਾਰ ਸੂਬਾ ਸਰਕਾਰਾਂ ਨੂੰ ਉਹਨਾਂ ਦੇ ਹਿੱਸੇ ਦੀ ਰਕਮ ਦੇਣ ਤੋਂ ਹੱਥ ਖੜੇ ਕਰ ਗਈ ਹੈ। ਦੱਸ ਦਈਏ ਕਿ ਭਾਰਤ ਸਰਕਾਰ ਦੀਆਂ ਕੇਂਦਰੀਕਰਨ ਦੀਆਂ ਨੀਤੀਆਂ ਤਹਿਤ ਇਹ ਨਵੀਂ ਪ੍ਰਣਾਲੀ ਲਾਗੂ ਕੀਤੀ ਗਈ ਸੀ ਅਤੇ ਇਹ ਦੇਸ਼ ਨੂੰ ਦਵਾਲੀਆ ਕਰਦੀ ਨਜ਼ਰ ਆ ਰਹੀ ਹੈ।

ਵਸਤਾਂ ਤੇ ਸੇਵਾਵਾਂ ਟੈਕਸ (ਜੀਐੱਸਟੀ) ਕੌਂਸਲ ਦੀ ਇੱਕ ਹਫ਼ਤੇ ਅੰਦਰ ਹੋਈ ਸੋਮਵਾਰ ਨੂੰ ਦੂਜੀ ਮੀਟਿੰਗ ਵੀ ਕੇਂਦਰ ਦੇ ਵਿਰੋਧੀ ਪਾਰਟੀਆਂ ਦੀ ਅਗਵਾਈ ਹੇਠਲੇ ਸੂਬਿਆਂ ਵਿਚਾਲੇ ਮੁਆਵਜ਼ੇ ਨੂੰ ਲੈ ਕੇ ਬਣਿਆ ਅੜਿੱਕਾ ਖਤਮ ਕਰਨ ’ਚ ਨਾਕਾਮ ਰਹੀ। ਮੀਟਿੰਗ ’ਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਵਿਰੋਧੀ ਧਿਰਾਂ ਦੀ ਅਗਵਾਈ ਹੇਠਲੇ ਸੂਬਿਆਂ ਨੂੰ ਵੱਡਾ ਦਿਲ ਦਿਖਾਉਣ ਦੀ ਅਪੀਲ ਕੀਤੀ ਤੇ ਪਹਿਲਾ ਸੁਝਾਅ ਚੁਣਨ ਲਈ ਕਿਹਾ। ਪਹਿਲੇ ਸੁਝਾਅ ਵਿਚ ਕੇਂਦਰ ਸਰਕਾਰ ਸੂਬਿਆਂ ਨੂੰ ਪੈਸੇ ਦੇਣ ਤੋਂ ਅਸਮਰੱਥਾ ਜ਼ਾਹਰ ਕਰਦਿਆਂ ਕਹਿ ਚੁੱਕੀ ਹੈ ਕਿ ਉਹ ਜੀਐਸਟੀ ਕਾਰਨ ਪਏ ਘਾਟੇ ਦੀ ਖੁਦ ਕਰਜ਼ਾ ਚੁੱਕ ਕੇ ਭਰਪਾਈ ਕਰਨ।

ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਵੱਲੋਂ ਸੂਬਿਆਂ ’ਤੇ ਆਪਣੀ ਮਰਜ਼ੀ ਥੋਪੀ ਜਾਣੀ ਠੀਕ ਨਹੀਂ ਹੈ। ਉਨਾਂ ਕਿਹਾ ਕਿ ਕੇਂਦਰ ਨੂੰ ਸੂਬਿਆਂ ਨੂੰ ਕਰਜ਼ਾ ਚੁੱਕਣ ਲਈ ਕਹਿਣ ਦੀ ਥਾਂ ਮੁਆਵਜ਼ੇ ਦੀ ਭਰਪਾਈ ਚੰਗੀ ਬਣਾਉਣੀ ਚਾਹੀਦੀ ਹੈ। ਕੇਂਦਰ ਨੇ ਲਗਾਤਾਰ ਇਸ ਗੱਲ ’ਤੇ ਜ਼ੋਰ ਦਿੱਤਾ ਕਿ 21 ਸੂਬੇ ਤੇ ਯੂਟੀਜ਼ ਪਹਿਲਾਂ ਹੀ ਪਹਿਲਾ ਸੁਝਾਅ ਸਵੀਕਾਰ ਕਰ ਚੁੱਕੇ ਹਨ ਅਤੇ ਇਹ ਸੰਵਿਧਾਨ ਅਨੁਸਾਰ ਹੈ। ਉਨਾਂ ਕਿਹਾ ਕਿ ਸੂਬਿਆਂ ਦੀਆਂ ਕਰਜ਼ਾ ਯੋਜਨਾਵਾਂ ਤਿਆਰ ਕਰਨਾ ਜੀਐੱਸਟੀ ਕੌਂਸਲ ਦੇ ਅਧਿਕਾਰ ਖੇਤਰ ’ਚ ਨਹੀਂ ਹੈ। ਇਹ ਸੂਬਿਆਂ ਤੇ ਉਨਾਂ ਦੇ ਵਿੱਤ ਵਿਭਾਗਾਂ ਵੱਲੋਂ ਤੈਅ ਕੀਤਾ ਜਾ ਸਕਦਾ ਹੈ।

(ਜੀਐੱਸਟੀ) ਦੇ ਮੁਆਵਜ਼ੇ ਦੀ ਅਦਾਇਗੀ ਨਾ ਕਰਨ ’ਤੇ ਕੇਂਦਰ ਸਰਕਾਰ ’ਤੇ ਤਿੱਖੇ ਹਮਲੇ ਕਰਦਿਆਂ ਪੰਜਾਬ ਸਰਕਾਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਭਾਰਤ ਦੇ ਸੰਵਿਧਾਨ ਅਤੇ ਮੁਆਵਜ਼ੇ ਦੇ ਨਿਯਮਾਂ ਦੀ ਅਣਦੇਖੀ ਕਰਕੇ ਇਕ ਗਲਤ ਰਵਾਇਤ ਕਾਇਮ ਕਰ ਦਿੱਤੀ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਜੀਐੱਸਟੀ ਕੌਂਸਲ ਦੀ ਦਿੱਲੀ ਵਿੱਚ ਹੋਈ ਬੈਠਕ ਵਿੱਚ ਇਸ ਕਰਕੇ ਬਹੁਤਾ ਹੱਲਾ ਨਹੀਂ ਬੋਲਿਆ ਕਿਉਂਕਿ ਉਨਾਂ ਰਾਜ ਸਰਕਾਰ ਦਾ ਪਹਿਲਾਂ ਹੀ ਪੱਖ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਕੇਂਦਰ ਵੱਲੋਂ ਸੂਬੇ ਦਾ ਬਕਾਇਆ 9,000 ਕਰੋੜ ਰੁਪਏ ਦਾ ਮੁਆਵਜ਼ਾ ਚਾਹੁੰਦੇ ਹਨ। ਸ੍ਰੀ ਬਾਦਲ ਨੇ ਕਿਹਾ ਕਿ ਉਨਾਂ ਰਾਜ ਦਾ ਪੱਖ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਵਿਹਾਰਕ ਤਬਦੀਲੀ ਜ਼ਰੂਰੀ ਹੈ ਤਾਂ ਕਾਨੂੰਨ ’ਚ ਸੋਧ ਕੀਤੀ ਜਾਵੇ। ਉਨਾਂ ਕਿਹਾ, ‘ਕੇਂਦਰ ਮੁਆਵਜ਼ੇ ਨੂੰ ਦੋ ਹਿੱਸਿਆਂ ਵਿੱਚ ਵੰਡ ਨਹੀਂ ਸਕਦਾ, ਜਿਵੇਂ ਕਿ ਜੀਐੱਸਟੀ ਕੌਂਸਲ ਦੀਆਂ ਮੀਟਿੰਗਾਂ ਵਿੱਚ ਪ੍ਰਸਤਾਵਿਤ ਕੀਤਾ ਜਾ ਰਿਹਾ ਹੈ। 7 ਪ੍ਰਤੀਸ਼ਤ ਵਿਕਾਸ ਦਰ ਲਾਗੂ ਕਰਨ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ। ਇਹ ਮੁਆਵਜ਼ਾ ਫੰਡ ਵਿਚੋਂ ਆਉਣਾ ਹੈ, ਜਿਵੇਂ ਕਿ ਸੈਕਸ਼ਨ 10 ਵਿੱਚ ਪਰਿਭਾਸ਼ਤ ਕੀਤਾ ਗਿਆ ਹੈ ਅਤੇ ਇਹ ਉਧਾਰ ਲੈਣ ਨਾਲ ਨਹੀਂ ਆ ਸਕਦਾ, ਜਿਵੇਂ ਕਿ ਹੁਣ ਸੁਝਾਅ ਦਿੱਤਾ ਗਿਆ ਹੈ। ਜਦ ਤੱਕ ਕੇਂਦਰ ਸਰਕਾਰ ਪਹਿਲਾਂ ਇਸ ਨੂੰ ਮੁਆਵਜ਼ਾ ਫੰਡ ਵਿੱਚ ਉਧਾਰ ਨਹੀਂ ਲੈਂਦੀ ਅਤੇ ਜਮਾਂ ਕਰਦੀ ਹੈ, ਇਹ ਮੁਆਵਜ਼ਾ ਨਹੀਂ ਹੁੰਦਾ। ਇਸ ਬਾਰੇ ਭਾਰਤ ਦੇ ਅਟਾਰਨੀ ਜਨਰਲ ਨੇ ਖ਼ੁਦ ਆਪਣੀ ਰਾਏ ਦਿੱਤੀ ਹੈ ਕਿ ਤਬਦੀਲੀ ਦੀ ਮਿਆਦ ਦੇ ਪੰਜ ਸਾਲਾਂ ਅੰਦਰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਨਾਂ ਪੰਜ ਸਾਲਾਂ ਤੋਂ ਅੱਗੇ ਦੇਰੀ ਨਹੀਂ ਕੀਤੀ ਜਾ ਸਕਦੀ।

# ਭਾਰਤੀ ਮੂਲ ਦੀ ਔਰਤ ਨੂੰ ਮਨੁੱਖੀ ਤਸਕਰੀ ਦੇ ਦੋਸ਼ਾਂ ਵਿਚ 15 ਸਾਲ ਤੋਂ ਵੱਧ ਦੀ ਸਜ਼ਾ

**ਕੈਲੀਫੋਰਨੀਆ(ਹੁਸਨ ਲੜੋਆ ਬੰਗਾ):** ਭਾਰਤੀ ਮੂਲ ਦੀ ਅਮਰੀਕਨ ਔਰਤ ਸ਼ਰਮਿਸਤਾ ਬਰਾਈ ਨੂੰ ਮਨੁੱਖੀ ਤਸਕਰੀ ਦੇ ਦੋਸ਼ਾਂ ਵਿਚ 15 ਸਾਲ 8 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਉਸ ਦੇ ਪਤੀ ਸਤੀਸ਼ ਕਰਟਨ ਨੂੰ 22 ਅਕਤੂਬਰ ਨੂੰ ਸਜ਼ਾ ਸੁਣਾਈ ਜਾਵੇਗੀ। ਸਟਾਕਟਨ, ਕੈਲੀਫੋਰਨੀਆ ਵਾਸੀ ਭਾਰਤੀ ਮੂਲ ਦੀ ਅਮਰੀਕਨ ਜੋੜੀ ਨੇ ਵਿਦੇਸ਼ਾਂ ਵਿਚੋਂ ਵਰਕਰਾਂ ਨੂੰ ਮੰਗਵਾ ਕੇ ਉਨਾਂ ਕੋਲੋਂ ਜਬਰਨ ਕੰਮ ਕਰਵਾਇਆ। ਡਰ ਦਾ ਮਾਹੌਲ ਪੈਦਾ ਕਰਕੇ ਵਰਕਰਾਂ ਨੂੰ ਗ਼ੁਲਾਮ ਬਣਾ ਕੇ ਰੱਖਿਆ। 14 ਮਾਰਚ 2019 ਨੂੰ ਇਕ ਸੰਘੀ ਅਦਾਲਤ ਨੇ ਬਰਾਈ ਤੇ ਉਸ ਦੇ ਪਤੀ ਨੂੰ ਦੋਸ਼ੀ ਠਹਿਰਾਇਆ ਸੀ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਇਸ ਜੋੜੀ ਨੇ ਇੰਟਰਨੈੱਟ ਤੇ ਭਾਰਤ ਦੀਆਂ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਵਰਕਰਾਂ ਨੂੰ ਸਟਾਕਟਨ ਮੰਗਵਾਇਆ। ਇਸ਼ਤਿਹਾਰਾਂ ਵਿਚ ਭਾਰੀ ਤਨਖ਼ਾਹ ਦੇਣ ਦੇ ਵਾਅਦੇ ਕੀਤੇ ਗਏ ਸਨ। ਸਟਾਕਟਨ ਆਉਣ ਉਪਰੰਤ ਵਰਕਰਾਂ ਨਾਲ ਧੱਕਾ ਕੀਤਾ ਗਿਆ। ਉਨਾਂ ਨੂੰ ਬਿਨਾਂ ਤਨਖ਼ਾਹ ਦਿੱਤਿਆਂ ਉਨਾਂ ਕੋਲੋਂ 18-18 ਘੰਟੇ ਕੰਮ ਕਰਵਾਇਆ ਗਿਆ। ਉਨਾਂ ਉੱਪਰ ਤਸ਼ੱਦਦ ਕੀਤਾ ਗਿਆ। ਉਨਾਂ ਨੂੰ ਖਾਣਾ ਵੀ ਬਹੁਤ ਘੱਟ ਦਿੱਤਾ ਜਾਂਦਾ ਸੀ।

# ਲੁਯੀਆਨਾ ਵਿਚ ਆਏ ਸਮੁੰਦਰੀ ਤੂਫ਼ਾਨ ਕਾਰਨ ਭਾਰੀ ਨੁਕਸਾਨ, ਬਿਜਲੀ ਗੁੱਲ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਦੇ ਲੁਯੀਆਨਾ ਰਾਜ ਵਿਚ ਕਰੀਓਲ ਨੇੜੇ ਆਏ ਸਮੁੰਦਰੀ ਤੂਫ਼ਾਨ ਕਾਰਨ ਭਾਰੀ ਨੁਕਸਾਨ ਹੋਣ ਦੀਆਂ ਰਿਪੋਰਟਾਂ ਹਨ। ਤੂਫ਼ਾਨ ਨਾਲ ਪ੍ਰਭਾਵਿਤ ਖੇਤਰ ਵਿਚ ਬਿਜਲੀ ਗੁੱਲ ਹੋ ਗਈ ਹੈ। ਤੂਫ਼ਾਨ ਨਾਲ ਗਵਾਂਢੀ ਰਾਜ ਮਿਸੀਸਿਪੀ ਤੇ ਪੂਰਬੀ ਟੈਕਸਸ ਵੀ ਪ੍ਰਭਾਵਿਤ ਹੋਇਆ ਹੈ। ਨੈਸ਼ਨਲ ਹੁਰੀਕੇਨ ਸੈਂਟਰ ਅਨੁਸਾਰ ਇਹ ਤੂਫ਼ਾਨ ਦੂਸਰੀ ਸ਼੍ਰੇਣੀ ਵਿਚ ਆਉਂਦਾ ਹੈ। ਬਹੁਤ ਸਾਰੇ ਲੋਕਾਂ ਨੂੰ ਘਰ ਛੱਡਕੇ ਸੁਰੱਖਿਅਤ ਥਾਵਾਂ ’ਤੇ ਜਾਣਾ ਪਿਆ ਹੈ। ਇੱਥੇ ਵਰਨਣਯੋਗ ਹੈ ਕਿ ਤੱਟੀ ਖੇਤਰ ਲੁਸਿਆਨਾ 6 ਹਫ਼ਤੇ ਪਹਿਲਾਂ ਆਏ ਲੌਰਾ ਤੂਫ਼ਾਨ ਤੋਂ ਅਜੇ ਨਹੀਂ ਉੱਭਰ ਸਕਿਆ, ਜਿਸ ਵਿਚ ਘੱਟੋ ਘੱਟ 26 ਵਿਅਕਤੀ ਮਾਰੇ ਗਏ ਸਨ ਤੇ 14 ਅਰਬ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਸੀ। ਲੌਰਾ ਤੂਫ਼ਾਨ ਕਾਰਨ ਬੇਘਰ ਹੋਏ ਹਜ਼ਾਰਾਂ ਲੋਕ ਅਜੇ ਵੀ ਰਾਜ ਦੇ ਹੋਟਲਾਂ ਵਿਚ ਰਹਿਣ ਲਈ ਮਜਬੂਰ ਹਨ।

# ਵੀਜ਼ੇ, ਪਾਸਪੋਰਟ ਤੇ ਹੋਰ ਕੰਮਾਂ ਲਈ ਭਾਰਤ ਨੇ ਕੌਕਸ ਐਂਡ ਕਿੰਗਜ ਦੀ ਜਗਾ ਵੀ ਐਫ ਐਸ ਗਲੋਬਲ ਦੀਆਂ ਸੇਵਾਵਾਂ ਲਈਆਂ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਹੁਣ ਭਾਰਤੀ ਭਾਈਚਾਰੇ ਨੂੰ ਕੌਕਸ ਐਂਡ ਕਿੰਗਜ ਦੀ ਜਗਾ ਵੀ ਐਫ ਐਸ ਗਲੋਬਲ ਆਊਟਸੋਰਸਿੰਗ ਕੰਪਨੀ ਵਜੋਂ ਵੀਜ਼ੇ, ਪਾਸਪੋਰਟ ਤੇ ਹੋਰ ਸੇਵਾਵਾਂ ਦੇਵੇਗੀ। ਵਾਸ਼ਿੰਗਟਨ ਡੀ ਸੀ ਵਿਚਲੇ ਭਾਰਤੀ ਦੂਤਘਰ ਨੇ ਆਊਟਸੋਰਸਿੰਗ ਕੰਪਨੀ ਬਦਲੇ ਜਾਣ ਸਬੰਧੀ ਜਾਰੀ ਇਕ ਨੋਟਿਸ ਵਿਚ ਕਿਹਾ ਹੈ ਕਿ ਕੌਕਸ ਐਂਡ ਕਿੰਗਜ ਗਲੋਬਲ ਸਰਵਿਸਜ਼ ਜੋ ਵੀਜ਼ੇ, ਓ ਸੀ ਆਈ, ਪਾਸਪੋਰਟ ਤੇ ਗਲੋਬਲ ਐਂਟਰੀ ਪ੍ਰੋਗਰਾਮ ਸਬੰਧੀ ਸੇਵਾਵਾਂ ਦਿੰਦੀ ਹੈ, ਆਪਣੀਆਂ ਸੇਵਾਵਾਂ 14 ਅਕਤੂਬਰ, 2020 ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮ 5 ਵਜੇ ਬੰਦ ਕਰ ਦੇਵੇਗੀ। ਇਸ ਲਈ ਦਰਖਾਸਤਾਂ ਸੀ ਕੇ ਜੀ ਐਸ ਵੈੱਬਸਾਈਟ ਉੱਪਰ ਉਕਤ ਸਮੇਂ ਤੋਂ ਪਹਿਲਾਂ ਭੇਜੀਆਂ ਜਾ ਸਕਦੀਆਂ ਹਨ। ਦੂਤਘਰ ਨੇ ਕਿਹਾ ਹੈ ਕਿ ਦਰਖਾਸਤ ਕਰਤਾ ਖ਼ੁਦ ਇਹ ਯਕੀਨੀ ਬਣਾਉਣਗੇ ਕਿ ਉਨਾਂ ਨੂੰ ਸੀ ਕੇ ਜੀ ਐਸ ਤੋਂ ਪ੍ਰਾਸੈਸਡ ਦਸਤਾਵੇਜ਼ ਮਿਲ ਗਏ ਹਨ ਜਾਂ ਨਹੀਂ ਕਿਉਂਕਿ ਕੰਪਨੀ ਵਾਸਤੇ ਦਰਖਾਸਤ ਕਰਤਾ ਨੂੰ ਭੇਜੇ ਦਸਤਾਵੇਜ਼ਾਂ ਦੀ ਦੇਖ ਰੇਖ ਕਰਨਾ ਸੰਭਵ ਨਹੀਂ ਹੋਵੇਗਾ। ਦੂਤ ਘਰ ਨੇ ਹੋਰ ਕਿਹਾ ਹੈ ਕਿ ਨਵੀਂ ਕੰਪਨੀ ਵੀ ਐਫ ਐਸ ਵੱਲੋਂ 2 ਨਵੰਬਰ 2020 ਤੋਂ ਆਪਣੀਆਂ ਸੇਵਾਵਾਂ ਸ਼ੁਰੂ ਕਰਨ ਦੀ ਸੰਭਾਵਨਾ ਹੈ। ਇਸ ਲਈ 19 ਅਕਤੂਬਰ 2020 ਤੋਂ ਨਵੀਂ ਕੰਪਨੀ ਦੇ ਕੰਮ ਸ਼ੁਰੂ ਕਰਨ ਤੱਕ ਭਾਰਤੀ ਦੂਤਘਰ ਕੇਵਲ ਹੰਗਾਮੀ ਹਾਲਤ ਵਿਚ ਸੀਮਿਤ ਸੇਵਾਵਾਂ ਮੁਹੱਈਆ ਕਰਵਾਏਗਾ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਸਿਆਟਲ ਵਿਚ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਦੀ ਬਰਸੀ ਮਨਾਈ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਦੀ ਬੇਅਦਬੀ ਕਰਨ ਵਾਲੇ ਜਨਰਲ ਵੈਦਿਆਂ ਨੂੰ ਅਕਾਲ ਤਖ਼ਤ ਤੇ ਹਮਲਾ ਕਰਨ ਦੀ ਅਗਵਾਈ ਕਰਨ ਵਾਲੇ ਦਾ ਬਦਲਾ ਲੈਣ ਲਈ ਪੂਨੇ ਗੋਲੀਆਂ ਮਾਰ ਕੇ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਮਾਰ ਕੇ ਬਦਲਾ ਲਿਆ। ਜਿਨਾਂ 9 ਅਕਤੂਬਰ 1992 ਨੂੰ ਤੜਕੇ 3 ਵਜੇ ਸਵੇਰੇ ਉੱਠ ਕੇ ਇਸ਼ਨਾਨ ਕਰਕੇ ਨਿੱਤਨੇਮ ਕੀਤਾ ਅਤੇ ਜੈਕਾਰੇ ਛੱਡਦੇ ਹੋਏ 5 ਵਜੇ ਫਾਂਸੀ ਲੱਗਣ ਵਾਲੇ ਮਹਾਨ ਯੋਧਿਆਂ ਦੀ 28ਵੀਂ ਬਰਸੀ ਬੜੀ ਸ਼ਰਧਾ ਨਾਲ ਮਨਾਉਂਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨਾਂ ਨੂੰ



ਪ੍ਰਣਾਮ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਦੇ ਸਟੇਜ ਸਕੱਤਰ ਭਾਈ ਹਰਦਿਆਲ ਸਿੰਘ ਨੇ ਹਫ਼ਤਾਵਾਰੀ ਸਮਾਗਮ ਸਮੇਂ ਸੰਬੋਧਨ ਕਰਦਿਆਂ ਦੱਸਿਆ ਕਿ ਭਾਈ ਜਿੰਦਾ ਤੇ ਭਾਈ ਸੁੱਖਾ ਦੀ ਕੁਰਬਾਨੀ ਨੂੰ ਭੁਲਾਇਆ ਨਹੀਂ ਜਾ ਸਕਦਾ, ਜਿਨਾਂ ਸਿੱਖ ਕੌਮ ਦੀ ਖ਼ਾਤਰ ਬਦਲਾ ਲੈ ਕੇ ਸ਼ਹੀਦੀ ਦਾ ਜਾਮ ਪੀਤਾ, ਉਨਾਂ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਸੁਖਜਿੰਦਰ ਸਿੰਘ ਦੀ ਅਚਨਚੇਤ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਇਸ ਮੌਕੇ ਲੰਗਰਾਂ ਦੀ ਸੇਵਾ ਭਾਈ ਜਗਮੋਹਣ ਸਿੰਘ ਦੇ ਪਰਿਵਾਰ ਵੱਲੋਂ ਬੜੀ ਸ਼ਰਧਾ ਨਾਲ ਨਿਭਾਈ ਗਈ। ਭਾਈ ਅਮਨ ਸਿੰਘ, ਭਾਈ ਸੁੱਖਾ ਤੇ ਭਾਈ ਜਿੰਦਾ ਮਹਾਨ ਜੋਧਿਆਂ ਦੀ 28ਵੀਂ ਬਰਸੀ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਸਮੇਂ ਭਾਈ ਹਰਦਿਆਲ ਸਿੰਘ ਚੌਰ ਸਾਹਿਬ ਅਤੇ ਭਾਈ ਕਾਰਜ ਸਿੰਘ ਤੇ ਦਿਆਲ ਸਿੰਘ ਪ੍ਰਸ਼ਾਦ ਦੀ ਸੇਵਾ ਕਰਦੇ ਦਿਖਾਈ ਦੇ ਰਹੇ ਹਨ।

# 1984 ਦਿੱਲੀ ਦੰਗਿਆਂ ਵਿਚ ਮਾਰੇ ਗਏ ਪਤੀ ਮਹਿੰਦਰ ਸਿੰਘ ਲਈ ਇਨਸਾਫ਼ ਮੰਗਦੀ ਪ੍ਰੀਤਮ ਕੌਰ ਦੀ ਮੌਤ ਤੇ ਦੁੱਖ ਪ੍ਰਗਟ ਕੀਤਾ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਹਰਿਆਣਾ ਤੋਂ ਪਹੁੰਚੇ ਦੰਗਾਕਾਰੀਆਂ ਨੇ ਸਾਰੇ ਪਰਿਵਾਰ ਦੇ ਸਾਹਮਣੇ ਪਤੀ ਮਹਿੰਦਰ ਸਿੰਘ ਨੂੰ ਗਲ਼ ਵਿਚ ਟਾਇਰ ਪਾ ਕੇ ਅੱਗ ਲਾ ਕੇ ਸਾੜ ਦਿੱਤਾ ਜਿਸ ਦਾ ਇਨਸਾਫ਼ ਮੰਗਦੀ ਮਾਤਾ ਪ੍ਰੀਤਮ ਕੌਰ (81) ਸਵਰਗਵਾਸ ਹੋ ਗਈ। ਜਿਨਾਂ ਦੀ ਅੰਤਿਮ ਅਰਦਾਸ ਦਿੱਲੀ ਆਜ਼ਾਦ ਪੁਰ ਨੇੜੇ ਸੰਜੇ ਨਗਰ ਵਿਖੇ 14 ਅਕਤੂਬਰ ਨੂੰ ਹੋ ਰਹੀ ਹੈ। ਮਾਤਾ ਪ੍ਰੀਤਮ ਕੌਰ ਆਪਣੇ ਪਿੱਛੇ ਤਿੰਨ ਲੜਕੇ ਬਾਬਾ ਅਮਰਜੀਤ ਸਿੰਘ, ਰੰਗੂ ਅਤੇ ਮੰਗੂ (ਅਮਰੀਕਾ) ਅਤੇ ਤਿੰਨ ਲੜਕੀਆਂ ਅਚੋ (ਜਰਮਨ) ਰਜਨੀ ਅਤੇ ਅਮਰਜੀਤ ਕੌਰ (ਭਾਰਤ) ਛੱਡ ਗਏ ਹਨ। ਭਾਰਤ ਤੋਂ ਪਦਮਸ੍ਰੀ ਕਰਤਾਰ ਸਿੰਘ ਪਹਿਲਵਾਨ, ਦਿੱਲੀ ਤੋਂ ਸਰਬਜੀਤ ਸਿੰਘ ਬੋਪਰਾਏ, ਜਰਮਨ ਤੋਂ ਕੁਲਦੀਪ ਸਿੰਘ, ਟੋਰਾਂਟੋ ਤੋਂ ਗੁਰਦੇਵ ਸਿੰਘ ਪਹਿਲਵਾਨ, ਲਾਸ ਏਂਜਲਸ ਤੋਂ ਜੀਤੂ, ਸਤਨਾਮ, ਲੱਖੀ ਅਤੇ ਸਿਆਟਲ ਤੋਂ ਬੌਬੀ ਗਿੱਲ, ਸੰਮੀ, ਮੋਨਾ ਸਿਵਇੰਦਰ ਕੌਰ ਤੇ ਜਗਦੇਵ ਸਿੰਘ ਅਤੇ ਜਗਜੀਤ ਸਿੰਘ ਘੋਨਾ ਨੇ ਮਾਤਾ ਪ੍ਰੀਤਮ ਕੌਰ ਦੀ ਮੌਤ ਦੇ ਦੁੱਖ ਪ੍ਰਗਟ ਕਰਦਿਆਂ ਦੱਸਿਆ ਕਿ 36 ਸਾਲ ਆਪਣੇ ਪਤੀ ਮਹਿੰਦਰ ਸਿੰਘ ਦੇ ਕਤਲ ਦਾ ਇਨਸਾਫ਼ ਮੰਗਦੀ ਹੋਈ ਸਦਾ ਲਈ ਵਿੱਛੜ ਗਈ ਅਤੇ ਇਕੱਲੀ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੀ ਰਹੀ।

# ਪੰਜਾਬੀ ਸਾਹਿਤਕਾਰ ਮਹਿੰਦਰ ਸਿੰਘ ਘੱਗ ਦੇ ਅਕਾਲ ਚਲਾਣੇ 'ਤੇ ਵੱਖ ਵੱਖ ਸਾਹਿਤਕਾਰਾਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਸੈਕਰਾਮੈਂਟੋ,ਕੈਲੀਫੋਰਨੀਆਂ (ਹੁਸਨ ਲੜੋਆ ਬੰਗਾ):** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਦੇ ਸੰਸਥਾਪਕ ਅਤੇ ਇਸ ਸਾਹਿਤਕ ਸੰਸਥਾ ਨੂੰ ਆਪਣੇ ਆਖ਼ਰੀ ਸਾਹਾਂ ਤੱਕ ਵਧਾਉਣ ਫੁਲਾਉਣ ਵਾਲੇ ਉੱਘੇ ਸਾਹਿਤਕਾਰ ਜਨਾਬ ਮਹਿੰਦਰ ਸਿੰਘ ਘੱਗ ਜੀ ਦੇ ਅਚਾਨਕ ਅਕਾਲ ਚਲਾਣੇ ਕਾਰਨ ਜਿੱਥੇ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਬਹੁਤ ਹੀ ਸਦਮੇ ਵਿੱਚ ਹੈ, ਉੱਥੇ ਹੀ ਸਥਾਨਕ ਪੰਜਾਬੀ ਸਾਹਿਤ ਦੇ ਵਿਹੜੇ ਵਿੱਚ ਨਮੋਸ਼ੀ ਦਾ ਆਲਮ ਛਾਂ ਗਿਆ ਹੈ। ਸਰਦਾਰ ਮਹਿੰਦਰ ਸਿੰਘ ਘੱਗ ਜੀ ਨੇ ਤਕਰੀਬਨ ਤਿੰਨ ਕੁ ਦਹਾਕੇ ਪਹਿਲਾਂ ਯੂਬਾ ਸਿਟੀ/ਸੈਕਰਾਮੈਂਟੋ ਅਤੇ ਆਸ ਪਾਸ ਦੇ ਸ਼ਹਿਰਾਂ ਦੇ ਪੰਜਾਬੀ ਮਾਂ ਬੋਲੀ ਦੇ ਪਿਆਰਿਆਂ ਦੇ ਸਹਿਯੋਗ ਨਾਲ ਪੁਸਤਕ ਦੀ ਸਥਾਪਨਾ ਕੀਤੀ ਅਤੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਵਿੱਚ ਆਪਣਾ ਵੱਢਮੁੱਲਾ ਯੋਗਦਾਨ ਪਾਇਆ। ਘੱਗ ਸਾਹਿਬ ਜਿੱਥੇ ਇੱਕ ਸਮਰੱਥ ਸਾਹਿਤਕਾਰ ਸਨ ਉੱਥੇ ਨਾਲ ਹੀ ਆਪਣੇ ਪੰਜਾਬੀ ਪਿਤਾ-ਪੁਰਖੀ ਜੜ੍ਹਾਂ ਨਾਲ ਜੁੜੇ ਹੋਏ ਇੱਕ ਸਮਰੱਥ ਕਿਸਾਨ ਵੀ ਸਨ। ਘੱਗ ਸਾਹਿਬ ਨੇ ਆਪਣੇ ਆਖ਼ਰੀ ਦਮ ਤੱਕ ਚੜਦੀ ਕਲਾ ਵਿੱਚ ਵਿਚਰਨ ਦੇ ਸੰਕਲਪ ਨੂੰ ਘੱਗ ਸਾਹਿਬ ਜੀ ਨੇ ਜੀਅ ਕੇ ਮਿਸਾਲ ਪੈਦਾ ਕੀਤੀ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ(ਰਜਿ.) ਸੈਕਰਾਮੈਂਟੋ ਤੇ ਬੇ ਏਰੀਆ ਤੇ ਫਰਿਜਨੋ ਏਰੀਆ ਦੇ ਸਹਿਤਕ ਪ੍ਰੇਮੀਆਂ ਨੇ ਆਪਣੇ ਇਸ ਮਹਿਬੂਬ ਸਾਥੀ ਦੇ ਚਲੇ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਉਸਤਾਦ ਅਜਾਦ ਜਲੰਧਰੀ, ਸੁਖਵਿੰਦਰ ਕੰਬੋਜ, ਕੁਲਵਿੰਦਰ, ਜਗਜੀਤ ਨੌਸ਼ਿਰਵੀ, ਸੁਰਜੀਤ ਸਸੀ, ਗੁਲਸ਼ਨ ਦਿਆਲ, ਅਮਰਜੀਤ ਪੰਨੂੰ, ਸੁਰਿੰਦਰ ਸੀਰਤ, ਰੇਸ਼ਮ ਸਿੱਧੂ, ਹਰਭਜਨ ਢਿੱਲੋਂ, ਨੀਲਮ ਸੈਣੀ, ਕਮਲਦੇਵ ਪਾਲ,



ਸੁਖਪਾਲ ਸੰਘੇੜਾ, ਤਾਰਾ ਸਾਗਰ, ਫਰਿਜਨੋਂ ਤੋਂ ਡਾ. ਗੁਰੁਮੇਲ ਸਿੱਧੁ, ਹਰਜਿੰਦਰ ਕੰਗ, ਸੈਕਰਾਮੈਂਟੋ ਤੋਂ ਦਿੱਲ ਨਿੱਝਰ, ਇੰਦਰਜੀਤ ਸਿੰਘ ਗਰੇਵਾਲ, ਹਰਬੰਸ ਸਿੰਘ ਜਗਿਆਸੂ, ਭੁਪਿੰਦਰ ਦਲੇਰ, ਮਨਜੀਤ ਸੇਖੋਂ, ਜੋਤੀ ਸਿੰਘ, ਕੰਵਲ ਬੰਗਾ, ਜਸਵੰਤ ਸ਼ੀਂਮਾਰ ਆਦਿ ਪੰਜਾਬੀ ਲੇਖਕਾਂ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ।

# ਭਾਰਤ ਨੇ ਫਿਲਾਡੈਲਫੀਆ ਦੇ ਸਿਹਤ ਵਰਕਰਾਂ ਲਈ ਮਾਸਕ ਭੇਜੇ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਭਾਰਤ ਨੇ ਫਿਲਾਡੈਲਫੀਆ( ਪੈਨਸਿਲਵਾਨੀਆ) ਦੀ ਕੋਵਿਡ-19 ਵਿਰੁੱਧ ਲੜਾਈ 'ਚ ਮਦਦ ਵਜੋਂ 18 ਲੱਖ ਐਨ 95 ਮਾਸਕ ਭੇਜੇ ਹਨ। ਇਹ ਮਾਸਕ ਕੋਵਿਡ-19 ਵਿਰੁੱਧ ਮੋਹਰਲੀ ਕਤਾਰ ਵਿਚ ਲੜਨ ਵਾਲੇ ਸਿਹਤ ਵਰਕਰਾਂ ਲਈ ਹਨ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਿਹਤ ਖੇਤਰ ਵਿਚ ਭਾਰਤ ਤੇ ਅਮਰੀਕਾ ਦੀ ਭਾਈਵਾਲੀ ਦੀ ਇਹ ਇਕ ਹੋਰ ਉਦਾਹਰਨ ਹੈ। ਭਾਰਤ ਨੇ ਇਹ ਮਾਸਕ ਫਿਲਾਡੈਲਫੀਆ ਦੇ ਮੇਅਰ ਜਿਮ ਕੈਨੀ ਦੀ ਬੇਨਤੀ ਉੱਪਰ ਭੇਜੇ ਹਨ ਜਿਨਾਂ ਨੇ ਕਿਹਾ ਸੀ ਕਿ ਸ਼ਹਿਰ ਦੇ ਸਿਹਤ ਵਰਕਰਾਂ ਲਈ ਇਨਾਂ ਮਾਸਕਾਂ ਦੀ ਬਹੁਤ ਲੋੜ ਹੈ। ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਫਿਲਾਡੈਲਫੀਆ ਵਿਚ ਮਾਸਕ ਪੁੱਜ ਗਏ ਹਨ। ਇਹ ਸਿਹਤ ਖੇਤਰ ਵਿਚ ਦੋਨਾਂ ਦੇਸ਼ਾਂ ਵਿਚਾਲੇ ਮਜ਼ਬੂਤ ਹੋ ਰਹੇ ਸਬੰਧਾਂ ਦਾ ਪ੍ਰਤੀਕ ਹਨ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Sir Speedy Tustin®

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

GURU NANAK SIKH TEMPLE FAIRFIELD Visit Our Website: www.FairfieldGurudwara.com

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

ਲੱਖ ਲੱਖ ਵਧਾਈ

Printed with your logo and info. One color, one location. Min. qty 1000

**19¢ each**

## Your Printed T-Shirts

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Only $4.99**

## Your Printed Caps

YOUR LOGO HERE

1 color in 1 position. Min Qty. 100

**Only $4.99**

## Trip Envelopes Qty 1000

DAILY TRIP ENVELOPE

**Only $199/-**

### What we can do for you today?

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

CALL NOW

# ਯੂਨਾਈਟਿਡ ਸਿੱਖਸ ਦੇ ਯਤਨਾਂ ਨਾਲ ਪਰਮਜੀਤ ਸਿੰਘ ਦੇ ਕਤਲ ਦੀ ਜਾਂਚ ਮੁੜ ਖੁੱਲੀ

## ਰਾਸ਼ਟਰ ਪੱਧਰੀ ਗ਼ੁੱਸਾ ਸਵਾਲਾਂ ਦੇ ਜਵਾਬ, ਇਨਸਾਫ਼ ਲਈ ਪੜਤਾਲ ਅਤੇ ਕਾਰਵਾਈ ਦੀ ਮੰਗ ਕਰਦਾ ਹੈ

**ਟ੍ਰੇਸੀ,ਕੈਲੀਫੋਰਨੀਆ/ਏ.ਟੀ.ਨਿਊਜ਼:** ਯੂਨਾਈਟਿਡ ਸਿੱਖਸ ਨੇ ਪਰਮਜੀਤ ਸਿੰਘ ਨਾਮ ਦੇ ਇੱਕ ਬਜ਼ੁਰਗ ਸਿੱਖ ਵਿਅਕਤੀ ਦੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਦੀ ਕਾਰਵਾਈ ਦੁਬਾਰਾ ਸ਼ੁਰੂ ਕਰਨ ਲਈ ਟ੍ਰੇਸੀ ਪੁਲਿਸ ਵਿਭਾਗ, ਸੈਨ ਵਾਕੀਨ ਕਾਉਂਟੀ ਦੇ ਜ਼ਿਲਾ ਅਟਾਰਨੀ ਟੋਰੀ ਵਰਬਰ ਸਲਾਜ਼ਾਰ ਅਤੇ ਅਮਰੀਕਾ ਦੇ ਨਿਆਂ ਵਿਭਾਗ ਦਾ ਧੰਨਵਾਦ ਕੀਤਾ। ਯੂਨਾਈਟਿਡ ਸਿੱਖਸ ਵਲੋਂ ਇਕ ਭਿਆਨਕ ਗੈਰ ਕਾਨੂੰਨੀ ਹਿੰਸਕ ਕਤਲੇਆਮ ਤੋਂ ਬਾਅਦ ਆਏ ਦਿਨਾਂ ਨਾਲੋਂ ਕਿਤੇ ਜ਼ਿਆਦਾ ਵਿਆਪਕ ਗੁੰਜਾਇਸ਼ ਨਾਲ ਇਕ ਹੋਰ ਨਫ਼ਰਤ ਪੂਰਨ ਅਪਰਾਧ ਦੀ ਜਾਂਚ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਫੈਡਰਲ ਅਧਿਕਾਰੀਆਂ ਨਾਲ ਗੱਲ ਕਰਕੇ ਜਾਂਚ ਨੂੰ ਮੁੜ ਖੋਲਿਆ ਗਿਆ। 25 ਅਗਸਤ, 2019 ਨੂੰ ਗ੍ਰੇਚੇਨ ਟੱਲੀ ਪਾਰਕ ਵਿਖੇ ਇੱਕ ਸਿੱਖ ਦਾ ਕਤਲ ਹੋਇਆ ਸੀ, ਜਿਸ ਦੇ ਨਿਆਂ ਦੀ ਅੱਜ ਤੱਕ ਉਡੀਕ ਕੀਤੀ ਜਾ ਰਹੀ ਹੈ।

ਸ਼ੱਕੀ ਕਿੱਥੇ ਹੈ, ਕੀ ਉਹ ਸੀਰੀਅਲ ਕਾਤਲ ਹੈ? ਨਿਆਂ ਵਿਭਾਗ ਨੇ ਐੱਫ.ਬੀ.ਆਈ. ਅਤੇ ਹੋਮਲੈਂਡ ਸਕਿਉਰਿਟੀ ਨੂੰ ਇੱਕ ਆਮ ਪੁੱਛਗਿੱਛ ਦੁਬਾਰਾ ਖੋਲਣ, ਟਰੇਸੀ ਸ਼ਹਿਰ ਨੂੰ ਜਾਂਚ ਵਿਚ ਸਹਾਇਤਾ ਕਰਨ ਅਤੇ ਜਨਤਾ ਦੇ ਸਰਬੋਤਮ ਹਿਤ ਵਿੱਚ ਇੱਕ ਨਫ਼ਰਤ ਅਪਰਾਧ ਦੀ ਜਾਂਚ ਸ਼ੁਰੂ ਕਰਨ ਲਈ ਸੂਚਿਤ ਕੀਤਾ ਹੈ।

ਯੂਨਾਈਟਿਡ ਸਿੱਖਸ ਦੇ ਡਾਇਰੈਕਟਰ, ਜਸਮੀਤ ਸਿੰਘ ਨੇ ਕਿਹਾ, ਕਾਂਗਰਸ ਮੈਨ ਟੀਜੇ ਕੌਕਸ ਨੇ ਜੱਜਾਂ ਦੁਆਰਾ ਪਰਮਜੀਤ ਸਿੰਘ ਦੇ ਕਤਲ ਕੇਸ ਨੂੰ ਬਰਖ਼ਾਸਤ ਕੀਤੇ ਜਾਣ ਤੇ ਉਨਾਂ ਦੀਆਂ ਘਟਨਾਵਾਂ ਤੋਂ ਨਾਰਾਜ਼ਗੀ ਜ਼ਾਹਿਰ ਕੀਤੀ। ਇੱਕ ਸ਼ੱਕੀ ਗੋਰੇ ਵਿਅਕਤੀ ਨੂੰ ਥੋੜੇ ਚਿਰ ਲਈ ਫੜਿਆ ਜਾਂਦਾ ਹੈ ਅਤੇ ਫਿਰ ਉਸਨੂੰ ਸ਼ੱਕੀ ਅਤੇ ਰਹੱਸਮਈ ਹਾਲਤਾਂ ਵਿੱਚ ਰਿਹਾ ਕੀਤਾ ਜਾਂਦਾ ਹੈ।

ਯੂਨਾਈਟਿਡ ਸਿੱਖਸ ਦਾ ਮੰਨਣਾ ਹੈ ਕਿ ਪਰਮਜੀਤ ਸਿੰਘ ਨੂੰ ਨਿਸ਼ਾਨਾ ਬਣਾਉਣ ਵਿੱਚ ਨਸਲ ਅਤੇ ਧਾਰਮਿਕ ਪਛਾਣ ਇਕ ਕਾਰਨ ਸੀ। ਯੂਨਾਈਟਿਡ ਸਿੱਖਸ ਦੀ ਸੋਚ ਹੈ ਕਿ ਮਾਣਯੋਗ ਜੱਜ ਨੇ ਕੇਸ ਨੂੰ ਖ਼ਾਰਜ ਕਰਨ ਵਿੱਚ ਜਲਦਬਾਜ਼ੀ ਅਤੇ ਪੱਖਪਾਤੀ ਕੀਤੀ ਹੈ। ਪਰਮਜੀਤ ਸਿੰਘ ਦੇ ਕੇਸ ਵਿਚ ਸਰਾਸਰ ਲਾਪਰਵਾਹੀ ਵਰਤੀ ਗਈ ਹੈ।

ਕੈਲੀਫੋਰਨੀਆਂ ਦੀ ਸੈਨ ਵਾਕੀਨ ਕਾਉਂਟੀ ਸੁਪੀਰੀਅਰ ਕੋਰਟ ਦੇ ਜੱਜ ਮਾਈਕਲ ਮਲਵੀਹਲ ਨੇ ਐਂਥਨੀ ਕ੍ਰੀਟਰ-ਰੋਡਜ਼ ਨੂੰ ਸਪਸ਼ਟ ਵੀਡੀਓ ਸਬੂਤ, ਡੀ.ਐੱਨ.ਏ. ਅਤੇ



*(ਤਸਵੀਰ 'ਚ ਖੱਬੇ ਪਾਸੇ) ਪਰਮਜੀਤ ਸਿੰਘ ਦਾ ਪੁੱਤਰ ਹਰਨੇਕ ਸਿੰਘ (ਤਸਵੀਰ 'ਚ ਸੱਜੇ) ਕਾਂਗਰਸਮੈਨ ਜੋਸ਼ ਹਾਰਡਰ।*

ਗਵਾਹਾਂ ਦੀ ਅਣਹੋਂਦ ਹਵਾਲਾ ਦਿੰਦੇ ਹੋਏ ਰਿਹਾ ਕੀਤਾ। ਜੱਜ ਦੁਆਰਾ ਕੀਤੀ ਗਈ ਦੁਰਲੱਭ ਗਤੀਵਿਧੀ ਕਾਰਨ ਸਥਾਨਕ, ਰਾਸ਼ਟਰੀ ਪੱਧਰ ਅਤੇ ਵਿਸ਼ਵ-ਵਿਆਪੀ ਪੱਧਰ 'ਤੇ ਅਚਾਨਕ ਤੌਖਲਾ ਪੈਦਾ ਹੋ ਗਿਆ ਹੈ ਜਿਸਦੇ ਭਿਆਨਕ ਉਭਾਰ ਹਨ। ਤੱਥ ਇਹ ਹਨ ਕਿ ਸਾਲ 2020 ਚੱਲ ਰਿਹਾ ਹੈ ਅਤੇ ਅਸੀਂ ਇਕ ਨਸਲੀ ਵਿਤਕਰੇ ਵਾਲੇ ਵਾਤਾਵਰਣ ਵਿਚ ਰਹਿ ਰਹੇ ਹਾਂ। ਅਮਰੀਕਾ ਦੇ ਹੋਮਲੈਂਡ ਸਿਕਿਉਰਿਟੀ ਵਿਭਾਗ ਦੇ ਅਕਤੂਬਰ 2020 ਦੇ ਮੁਲਾਂਕਣ ਵਿੱਚ, ਕਾਰਜਕਾਰੀ ਹੋਮਲੈਂਡ ਸੁਰੱਖਿਆ ਸੈਕਟਰੀ ਚੈਡ ਵੌਲਫ ਨੇ ਐਲਾਨ ਕੀਤਾ ਹੈ ਕਿ ਗੋਰੇ ਹਿੰਸਕ ਕੱਟੜਪੰਥੀ ਹਾਲ ਹੀ ਦੇ ਸਾਲਾਂ ਵਿੱਚ ਬਹੁਤ ਜ਼ਿਆਦਾ ਘਾਤਕ ਹੋ ਰਹੇ ਹਨ।

ਕਾਨੂੰਨੀ ਡਾਇਰੈਕਟਰ ਵਾਂਡਾ ਸੰਚੇਜ਼ ਡੇਅ ਨੇ ਕਿਹਾ ਕਿ ਸਾਨੂੰ ਨਾਗਰਿਕ ਅਧਿਕਾਰਾਂ ਦੇ ਕਾਰਕੁੰਨਾਂ ਦੇ ਸਵਾਲਾਂ ਦੀ



ਗੰਭੀਰ ਚਿੰਤਾ ਹੈ ਕਿ, ਕੀ ਨਸਲੀ ਕੱਟੜਪੰਥੀਆਂ ਅਤੇ ਘਰੇਲੂ ਅੱਤਵਾਦੀਆਂ ਦੀ ਸ਼ਮੂਲੀਅਤ ਦੀ ਜਾਂਚ ਸਹੀ ਢੰਗ ਨਾਲ ਕੀਤੀ ਜਾ ਰਹੀ ਹੈ। ਸਾਨੂੰ ਉਮੀਦ ਹੈ ਕਿ ਇਸ ਮਾਮਲੇ ਵਿਚ, ਸਚਾਈ ਸਾਹਮਣੇ ਆਵੇਗੀ ਅਤੇ ਪਰਿਵਾਰ ਨੂੰ ਨਿਆਂ ਮਿਲੇਗਾ।

ਇਸ ਕੇਸ ਵਿੱਚ ਜਾਤੀ ਅਤੇ ਧਾਰਮਿਕ ਨਫ਼ਰਤ ਦੇ ਮਨੋਰਥ ਮੌਜੂਦ ਹਨ। ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਜਸਮੀਤ ਸਿੰਘ ਦਾ ਕਹਿਣਾ ਹੈ ਕਿ ਇਸ ਨੂੰ ਕਤਲ ਤੋਂ ਬਾਅਦ 2019 ਦੇ ਦਿਨਾਂ ਵਿਚ ਡੀ.ਏ. ਅਤੇ ਅਧਿਕਾਰੀਆਂ ਕੋਲ ਮੁੱਢਲੇ ਤੌਰ 'ਤੇ ਉਠਾਇਆ ਗਿਆ ਸੀ।

ਆਸ ਪਾਸ ਦੇ ਖੇਤਰ ਵਿੱਚ ਅਤੇ ਇਸ ਦੇ ਆਸ ਪਾਸ ਦਸ ਤੋਂ ਵੱਧ ਗੋਰੇ ਕੱਟੜਪੰਥੀ ਸਮੂਹ ਹਨ। ਟ੍ਰੇਸੀ (ਕੈਲੀਫੋਰਨੀਆਂ) ਦਾ ਇਕ ਗੂੜਾ ਇਤਿਹਾਸ ਹੈ ਜੋ ਨੈਸ਼ਨਲ ਸੋਸ਼ਲਿਸਟ ਵਾਈਟ ਪੀਪਲਜ਼ ਪਾਰਟੀ, ਅਸਲ ਵਿਚ ਅਮੈਰੀਕਨ ਨਾਜ਼ੀ ਪਾਰਟੀ ਅਤੇ ਹੋਰ ਨਿਓਫੈਸਿਸਟ ਸਮੂਹ ਦੇ ਉਪਨਾਮਿਆਂ ਦਾ ਕੇਂਦਰ ਰਿਹਾ ਹੈ।

ਟ੍ਰੇਸੀ ਨੇ 1978 ਵਿਚ ਰਾਸ਼ਟਰੀ ਧਿਆਨ ਖਿੱਚਿਆ ਸੀ ਜਦੋਂ ਇਕ ਦਸਤਾਵੇਜ਼ ਜੋ ਸੀ.ਬੀ.ਐੱਸ. 'ਤੇ ਪ੍ਰਸਾਰਿਤ ਕੀਤੇ ਗਏ ਸਟੈਨਫੋਰਡ ਦੇ ਦੋ ਵਿਦਿਆਰਥੀਆਂ ਦੁਆਰਾ "ਕੈਲੀਫੋਰਨੀਆ ਗੀਕ" ਨਾਮਕ 60 ਮਿੰਟ ਲਈ ਪ੍ਰਸਾਰਿਤ ਕੀਤਾ ਗਿਆ ਸੀ। ਟਰੇਸੀ ਪੀ.ਓ. ਬਾਕਸ ਈ-ਸੀ ਨੂੰ ਨਿਓ-ਨਾਜ਼ੀ ਹੈੱਡਕੁਆਰਟਰ ਵਜੋਂ ਵੀ ਜਾਣਿਆ ਜਾਂਦਾ ਸੀ।

ਸ਼ੈਰਿਫ ਸੈਨ ਵਾਕੀਨ ਕਾਉਂਟੀ ਪੈਟ ਵਿਓਰੋ ਨੇ ਕਿਹਾਂ ਸਾਡੇ ਦਿਲ ਅਤੇ ਅਰਦਾਸਾਂ ਸਿੱਖ ਭਾਈਚਾਰੇ ਦੇ ਨਾਲ ਹਨ ਅਤੇ ਅਸੀਂ ਜਾਂਚ ਵਿਚ ਸਹਾਇਤਾ ਲਈ ਜੋ ਕਰ ਸਕਦੇ ਹਾਂ ਜ਼ਰੂਰ ਕਰਾਂਗੇ। ਅਸੀਂ ਟ੍ਰੇਸੀ ਪੀਡੀ ਨਾਲ ਕੰਮ ਕਰਾਂਗੇ ਜੇ ਉਨਾਂ ਨੂੰ ਕਿਸੇ ਚੀਜ਼ ਦੀ ਜਾਂ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ ਤਾਂ ਅਸੀਂ ਮਦਦ ਕਰਨ ਲਈ ਵਧੇਰੇ ਤਿਆਰ ਹੋਵਾਂਗੇ।

ਅਸੀਂ ਸਥਾਨਕ ਕਮਿਉਨਿਟੀ ਮੈਂਬਰਾਂ ਨੂੰ ਸਥਾਨਕ ਸਰਕਾਰ ਕੋਲ ਮੁੱਦਾ ਚੁੱਕਣ ਲਈ ਧੰਨਵਾਦ ਕਰਦੇ ਹਾਂ। ਵਿਸ਼ੇਸ਼ ਤੌਰ 'ਤੇ ਅਸੀਂ ਟ੍ਰੇਸੀ ਕਮਿਉਨਿਟੀ ਲੀਡਰਸ਼ਿਪ ਟੀਮ ਦੀ ਹੇਠ ਲਿਖੀ ਸੂਚੀ ਨੂੰ ਮਾਨਤਾ ਦੇਣਾ ਚਾਹੁੰਦੇ ਹਾਂ ਜੋ ਕਿ ਪਰਮਜੀਤ ਸਿੰਘ ਲਈ ਨਿਆਂ ਦੀ ਲੜਾਈ ਲਈ ਸਥਾਨਕ ਤੌਰ' ਤੇ ਸ਼ਾਮਲ ਹੋਵੇਗੀ, ਇਸ ਵਿਚ ਸਿਮਰਨ ਕੌਰ ਟ੍ਰੇਸੀ ਸਕੂਲ ਬੋਰਡ, ਰਾਜ ਸਿੰਘ ਪਾਰਕ ਅਤੇ ਪ੍ਰਤੀਕ੍ਰਿਆ ਕਮਿਸ਼ਨ, ਗੁਰਤੇਜ ਐੱਸ ਅਟਵਾਲ, ਦੀਪ ਸਿੰਘ ਸੈਕਟਰੀ (ਗੁਰਦੁਆਰਾ ਨਾਨਕ ਪ੍ਰਕਾਸ਼) ਟਰੇਸੀ, ਤਰਨਜੀਤ ਐੱਸ ਸੰਧੂ ਟ੍ਰੇਸੀ ਦਾ ਆਰਟ ਕਮਿਸ਼ਨ, ਕੁਲਜੀਤ ਐੱਸ ਨਿੱਝਰ ਐਡਵਾਈਜ਼ਰ ਯੂਨਾਈਟਿਡ ਸਿੱਖਸ, ਰਣਜੀਤ ਐੱਸ ਗਿੱਲ ਕਾਰੋਬਾਰੀ, ਹੈਰੀ ਢਿੱਲੋਂ, ਰਾਜਿੰਦਰ ਸਿੰਘ ਸੇਖੋਂ ਸਿੱਖ ਮਨੁੱਖੀ ਅਧਿਕਾਰ ਕਾਰਕੁੰਨ, ਪਰਮਿੰਦਰ ਐੱਸ ਸ਼ਾਹੀ ਯੋਜਨਾ ਕਮਿਸ਼ਨ ਸਿਟੀ ਮੈਨਟੇਕਾ, ਗੁਲਵਿੰਦਰ ਸਿੰਘ ਸਾਬਕਾ ਪ੍ਰਧਾਨ ਸਟਾਕਟਨ ਗੁਰਦੁਆਰਾ ਸਾਹਿਬ, ਜਗਜੀਤ ਸਿੰਘ ਰੱਕੜ ਸਥਾਨਕ ਕਾਰਕੁੰਨ, ਮਨਜੀਤ ਐੱਸ ਉੱਪਲ ਸਥਾਨਕ ਆਗੂ, ਰਵਿੰਦਰ ਐੱਸ ਧਾਲੀਵਾਲ, ਅਮਰਜੀਤ ਸਿੰਘ ਤੁੰਗ ਸੈਕਟਰੀ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਨਾਮ ਸਿੰਘ ਮੰਟੇਕਾ, ਮਾਈਕ ਗਿੱਲ ਸਥਾਨਕ ਕਾਰੋਬਾਰੀ ਆਦਮੀ, ਅਮ੍ਰਿਤ ਸਿੰਘ ਟਿਵਾਣਾ ਪ੍ਰਧਾਨ ਗੁਰਦੁਆਰਾ ਦਸਮੇਸ਼ ਦਰਬਾਰ ਲੋਡਾਈ, ਸੀ.ਏ. ਹਰਨੇਕ ਐੱਸ ਅਟਵਾਲ ਐਕਸ ਪ੍ਰਧਾਨ ਸਟਾਕਟਨ ਗੁਰਦੁਆਰਾ ਸਾਹਿਬ, ਬਲਬਹਾਦਰ ਸਿੰਘ ਸੈਕਟਰੀ (ਲੋਧੀ ਗੁਰਦੁਆਰਾ ਸਾਹਿਬ) ਅਤੇ ਸੁਰਿੰਦਰ ਐੱਸ ਅਟਵਾਲ ਪ੍ਰਧਾਨ (ਲੋਡਾਈ ਗੁਰਦੁਆਰਾ ਸਾਹਿਬ) ਦੇ ਨਾਮ ਵਿਸ਼ੇਸ਼ ਹਨ।

# 'ਗੱਭਰੂ ਸ਼ੌਕੀਨ' ਗੀਤ ਨਾਲ ਇੱਕ ਵਾਰ ਫਿਰ ਚਰਚਾ ਵਿੱਚ ਭੰਗੜਚੀ ਮਿੱਕੀ ਸਰਾਂ

**ਗੁਰਿੰਦਰਜੀਤ ਸਿੰਘ/ਨੀਟਾ ਮਾਛੀਕੇ/ ਫਰਿਜ਼ਨੋ ਕੈਲੀਫੋਰਨੀਆਂ:** ਅੱਜ-ਕੱਲ ਅਜੋਕੀ ਗਾਇਕੀ ਵਿੱਚ ਜੋ ਕੁਝ ਚੱਲ ਰਿਹਾ ਹੈ, ਆਪਾਂ ਸਾਰੇ ਉਸ ਤੋਂ ਭਲੀ-ਭਾਂਤ ਜਾਣੂ ਹੀ ਹਾਂ ਕਿ ਕਿਵੇਂ ਗੀਤਕਾਰੀ ਅਤੇ ਗਾਇਕੀ ਦੇ ਨਾਮ ਤੇ ਲੱਚਰਤਾ ਪਰੋਸ ਕੇ ਅਸ਼ਲੀਲ ਵੀਡੀਓ ਰਾਹੀਂ, ਟੀ ਵੀ ਚੈਨਲਾਂ ਜ਼ਰੀਏ ਸਾਡੇ ਘਰਾਂ ਵਿੱਚ ਪਹੁੰਚਾਈ ਜਾ ਰਹੀ ਹੈ। ਹਥਿਆਰਾਂ, ਗੈਂਗ ਕਲਚਰ ਅਤੇ ਨਸ਼ਿਆਂ ਨੂੰ ਪ੍ਰਮੋਟ ਕਰਦੇ ਅਖੌਤੀ ਗਾਇਕ ਸੰਗਾਂ-ਸ਼ਰਮਾ ਦੀਆਂ ਸਭ ਹੱਦਾਂ ਟੱਪ ਜਾਂਦੇ ਹਨ। ਅਜਿਹੇ ਖ਼ਤਰਨਾਕ ਰੁਝਾਨ ਦੌਰਾਨ ਜਦੋਂ ਕਿਤੇ ਕੋਈ ਸਾਡੇ ਸਭਿਆਚਾਰ ਦੀ ਬਾਤ ਪਾਉਂਦਾ ਮਿਆਰੀ ਗੀਤ ਮਾਰਕੀਟ ਵਿੱਚ ਆਉਂਦਾ ਹੈ ਤਾਂ ਸਾਡਾ ਸਾਰਿਆਂ ਦਾ ਅਜਿਹੇ ਗੀਤ ਦੀ ਸਪੋਰਟ ਕਰਨ ਦਾ ਨਿੱਜੀ ਫ਼ਰਜ਼ ਬਣਦਾ ਹੈ। ਜੀ ਹਾਂ, ਮੈਂ ਗੱਲ ਕਰਨ ਜਾ ਰਿਹਾ ਹਾਂ ਬੁਲੰਦ ਅਵਾਜ਼ ਦੇ ਮਾਲਕ, ਯਾਰਾਂ ਦੇ ਯਾਰ ਭੰਗੜਚੀ ਮਿੱਕੀ ਸਰਾਂ ਦੀ, ਜਿਹੜੇ ਕਿ ਭੰਗੜੇ ਦੇ ਸ਼ੁਦਾਈ ਹੋਣ ਦੇ ਨਾਲ ਨਾਲ ਕੈਲੀਫੋਰਨੀਆਂ ਦੇ ਮੇਲਿਆਂ ਦੀ ਸ਼ਾਨ ਵੀ ਸਮਝੇ ਜਾਂਦੇ ਹਨ। ਅੱਜ ਤੋਂ ਕੁਝ ਸਾਲ ਪਹਿਲਾਂ ਮਿੱਕੀ ਨੇ ਖਾੜਕੂ ਗੀਤ ਰਾਹੀਂ ਪੰਜਾਬੀ ਗਾਇਕੀ ਦੇ ਵਿਹੜੇ ਦਸਤਖ਼ਤ ਦਿੱਤੀ




ਅਤੇ ਇਸ ਗੀਤ ਨੂੰ ਪੰਜਾਬੀਆਂ ਨੇ ਮਣਾਂ ਮੂੰਹੀਂ ਪਿਆਰ ਦਿੱਤਾ ਸੀ। ਹੁਣ ਇੱਕ ਵਾਰ ਫੇਰ ਮਿੱਕੀ ਸਰਾਂ ਆਪਣੇ ਗੀਤ 'ਸ਼ੌਕੀਨ ਗੱਭਰੂ' ਰਾਹੀਂ ਚਰਚਾ ਵਿੱਚ ਹੈ। ਇਹ ਗੀਤ ਵਾਈਟ ਹਿੱਲ ਕੰਪਨੀ ਦੁਆਰਾ ਰਿਲੀਜ਼ ਕੀਤਾ ਗਿਆ ਹੈ। ਇਸ ਗੀਤ ਦੇ ਬੋਲ ਗੀਤਕਾਰ ਯਾਦਵਿੰਦਰ ਸਰਾਂ ਨੇ ਬਾਕਮਾਲ ਲਿਖੇ ਹਨ। ਇਸ ਗੀਤ ਦਾ ਸੰਗੀਤ ਵਿਨੇ ਵਨਾਇਕ ਨੇ ਦਿੱਤਾ ਹੈ। ਇਸ ਗੀਤ ਦੀ ਵੀਡੀਓ ਬੜੇ ਸੁਚੱਜੇ ਢੰਗ ਨਾਲ ਜਾਨਗਵੀਰ ਨੇ ਬਣਾਈ ਹੈ। ਇਸ ਗੀਤ ਨੂੰ ਮਿੱਕੀ ਸਰਾਂ ਨੇ ਆਪਣੇ ਪਿਤਾ ਸਤਿਕਾਰਯੋਗ ਸਵ. ਸਰਦਾਰ ਰਛਪਾਲ ਸਿੰਘ ਸਰਾਂ ਜੀ ਨੂੰ ਸਮਰਪਿਤ ਕੀਤਾ ਹੈ। ਇਸ ਗੀਤ ਰਾਹੀਂ ਪੰਜਾਬੀ ਸਭਿਆਚਾਰ ਅਤੇ ਵਿਰਸੇ ਦੀ ਤਸਵੀਰ ਨੂੰ ਬੜੇ ਸੁਚੱਜੇ ਢੰਗ ਨਾਲ ਵਿਖਾਇਆ ਗਿਆ ਹੈ। ਇਸ ਦੀ ਸ਼ੂਟਿੰਗ ਕੈਲੀਫੋਰਨੀਆਂ ਵਿੱਚ ਹੋਈ ਲੇਕਿਨ ਹੂ-ਬ-ਹੂ ਪੰਜਾਬ ਦਾ ਨਕਸ਼ਾ ਖਿੱਚਿਆ ਮਹਿਸੂਸ ਹੁੰਦਾ ਹੈ। ਮਿੱਕੀ ਬੇਸ਼ੱਕ ਲੰਮੇ ਸਮੇਂ ਤੋਂ ਕੈਲੀਫੋਰਨੀਆਂ ਵਿੱਚ ਰਹਿ ਕੇ ਰੋਜ਼ੀ ਰੋਟੀ ਕਮਾ ਰਿਹਾ ਹੈ, ਲੇਕਿਨ ਉਸਦੇ ਕਣ ਕਣ ਵਿੱਚ ਪੰਜਾਬ, ਪੰਜਾਬੀਅਤ ਪ੍ਰਤੀ ਮੋਹ ਡੁੱਲ-ਡੁੱਲ ਪੈਂਦਾ ਹੈ। ਮਿੱਕੀ ਲੰਮੇ ਸਮੇਂ ਤੋਂ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਨਾਲ ਜੁੜਿਆ ਹੋਇਆ, ਸਾਡੀ ਨਵੀਂ ਪੀੜੀ ਨੂੰ ਪੰਜਾਬੀ ਸਭਿਆਚਾਰ ਅਤੇ ਧਰਮ ਨਾਲ ਜੋੜਨ ਲਈ ਸਾਰਥਿਕ ਉਪਰਾਲੇ ਕਰਦਾ ਰਹਿੰਦਾ ਹੈ। ਮਿੱਕੀ ਸਰਾਂ ਜਿਵੇਂ ਮਿਆਰੀ ਗੀਤਾਂ ਨਾਲ ਪੰਜਾਬੀ ਮਾਂ ਬੋਲੀ ਦੀ ਗਾਇਕੀ ਰਾਹੀਂ ਆਪਣੀ ਬੁਲੰਦ ਅਵਾਜ਼ ਨਾਲ ਸੇਵਾ ਕਰ ਰਿਹਾ ਹੈ, ਆਸ ਕਰਦੇ ਹਾਂ ਕਿ ਇਹ ਅਵਾਜ਼ ਪੰਜਾਬੀ ਗਾਇਕੀ ਦੀਆਂ ਫਿਜ਼ਵਾਂ ਵਿੱਚ ਗੂੰਜਦੀ, ਬੁਲੰਦੀਆਂ ਛੂਹਦੀ ਰਹੇ।




# ਪੰਜਾਬ ਵਿੱਚ ਕਿਸਾਨੀ ਲਹਿਰ ਤੇ ਨਵੀਂ ਲੀਡਰਸ਼ਿਪ ਦੀਆਂ ਸੰਭਾਵਨਾਵਾਂ

## ਰਵਾਇਤੀ ਲੀਡਰਸ਼ਿਪ ਦਾ ਭਵਿੱਖ ਘੁੰਮਣ ਘੇਰੀਆਂ ਵਿਚ ✪ ਨਵੇਂ ਸਿੱਖ ਚਿਹਰੇ ਇਤਿਹਾਸ ਦੀ ਰੌਸ਼ਨੀ ਵਿਚ ਤੋਰ ਰਹੇ ਨੇ ਕਿਸਾਨੀ ਲਹਿਰ

**- ਅਵਤਾਰ ਸਿੰਘ**

ਪੰਜਾਬ ਵਿੱਚ ਚੱਲ ਰਹੇ ਕਿਸਾਨ ਮੋਰਚੇ ਨੇ ਭਵਿੱਖ ਦੀ ਰਾਜਨੀਤਿਕ ਤੋਰ ਲਈ ਕਈ ਨਵੇਂ ਸਬਕ ਸਾਡੇ ਸਾਹਮਣੇ ਰੱਖੇ ਹਨ। ਬੇਸ਼ੱਕ ਪਿਛਲੇ 5-6 ਸਾਲਾਂ ਦੌਰਾਨ ਪੰਜਾਬ ਵਿੱਚ ਕਈ ਅਜਿਹੇ ਮੋਰਚੇ ਲੱਗੇ ਹਨ ਜਿਨਾਂ ਵਿੱਚ ਸਿੱਖ ਸੰਗਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਪਰ ਉਹ ਮੋਰਚੇ ਬਹੁਤ ਵੱਡੇ ਉਭਾਰ ਦੇ ਬਾਵਜੂਦ ਵੀ ਪੰਜਾਬ ਦੇ ਰਾਜਨੀਤਿਕ ਤਲ ਵਿੱਚ ਕੋਈ ਸਦੀਵੀ ਹਲਚਲ ਛੇੜਨ ਦੇ ਕਾਬਲ ਨਾ ਹੋ ਸਕੇ। ਇਨਾਂ ਮੋਰਚਿਆਂ ਨੂੰ ਚਲਾਉਣ ਵਾਲੇ ਜਾਂ ਇਨਾਂ ਦਾ ਪ੍ਰਬੰਧ ਕਰਨ ਵਾਲੇ ਵੀਰ ਬੇਸ਼ੱਕ ਗੱਲ ਪੰਥ ਦੀ ਕਰਦੇ ਸਨ ਪਰ ਉਨਾਂ ਦੀਆਂ ਆਪਣੀਆਂ ਨਿੱਜੀ ਰਾਜਨੀਤਕ ਲਾਲਸਾਵਾਂ ਮੋਰਚਿਆਂ ਦੀ ਸਿਧਾਂਤਕ ਲੀਹ ਦੇ ਰਾਹ ਵਿੱਚ ਖੜ ਜਾਂਦੀਆਂ ਸਨ।

ਭਾਈ ਗੁਰਬਖਸ਼ ਸਿੰਘ ਵੱਲੋਂ ਦੋ ਵਾਰ ਲਗਾਏ ਗਏ ਮੋਰਚੇ, ਬਾਪੂ ਸੂਰਤ ਸਿੰਘ ਵੱਲੋਂ ਆਰੰਭ ਕੀਤੇ ਸੰਘਰਸ਼ ਅਤੇ ਫਿਰ 6 ਮਹੀਨੇ ਤੱਕ ਨਿਰੰਤਰ ਚੱਲੇ ਬਰਗਾੜੀ ਦੇ ਮੋਰਚੇ ਨੇ ਪੰਜਾਬ ਦੇ ਰਾਜਨੀਤਿਕ ਪਾਣੀਆਂ ਵਿੱਚ ਕੋਈ ਅਜਿਹੀ ਹਲਚਲ ਨਾ ਛੇੜੀ ਜੋ ਛਿੜਨੀ ਚਾਹੀਦੀ ਸੀ। ਉਹੋ ਹੀ ਅਜ਼ਮਾਏ ਹੋਏ ਚਿਹਰੇ। ਉਹੋ ਹੀ ਅਜ਼ਮਾਏ ਹੋਏ ਭਾਸ਼ਣ ਅਤੇ ਉਹੋ ਹੀ ਰਵਾਇਤੀ ਨਾਅਰੇ ਅਤੇ ਰਾਜਨੀਤਕ ਇੱਛਾਵਾਂ। ਸ਼ਾਇਦ ਪੰਜਾਬ ਨੂੰ ਅਤੇ ਗੁਰੂ ਨੂੰ ਸੰਪੂਰਨ ਸਮਰਪਣ ਨਾ ਹੋਣ ਕਾਰਨ ਹੀ ਉਹ ਮੋਰਚੇ ਅਤੇ ਸੰਘਰਸ਼ ਆਪਣੀ ਮੰਜ਼ਲ ਹਾਸਲ ਨਾ ਕਰ ਸਕੇ, ਇੱਥੋਂ ਤੱਕ 2015 ਦਾ ਸਰਬੱਤ ਖ਼ਾਲਸਾ ਜੋ ਖ਼ਾਲਸਾ ਪੰਥ ਦੀਆਂ ਮਾਸੂਮ ਭਾਵਨਾਵਾਂ ਦਾ ਜ਼ੋਰਦਾਰ ਪ੍ਰਗਟਾਵਾ ਸੀ ਉਹ ਵੀ ਖ਼ਾਲਸਾ ਪੰਥ ਦੀਆਂ ਸੁੱਤੀਆਂ ਕਲਾਵਾਂ ਨੂੰ ਨਾ ਜਗਾ ਸਕਿਆ। ਸ਼ਾਇਦ ਉਹ ਕਸਰਤ ਵੀ ਗੁਰੂ ਲਿਵ ਨਾਲ ਜੁੜੀ ਹੋਈ ਨਹੀਂ ਸੀ ਬਲਕਿ ਆਪਣੀ ਰਾਜਨੀਤਿਕ ਆਕੜ ਨੂੰ ਪੱਠੇ ਪਾਉਣ ਦਾ ਹੀ ਯਤਨ ਸੀ। ਇਸੇ ਕਰਕੇ ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਤਿੰਨੇ ਜਥੇਦਾਰ ਇੱਕ ਦੂਜੇ ਨਾਲ ਇਕਸੁਰ ਨਹੀਂ ਹਨ।

ਖ਼ੈਰ ਪੰਜਾਬ ਵਿੱਚ ਚੱਲ ਰਹੇ ਮੌਜੂਦਾ ਕਿਸਾਨੀ ਮੋਰਚੇ ਨੇ ਇੱਕ ਬਹੁਤ ਹੀ ਮੱਧਮ ਜਿਹੀ ਆਸ ਦੀ ਕਿਰਨ ਇਸ ਕਰਕੇ ਜਗਾਈ ਹੈ ਕਿ ਇਸ ਮੋਰਚੇ ਵਿੱਚ ਸ਼ਾਮਲ ਕੁਝ ਸ਼ਖ਼ਸੀਅਤਾਂ ਨੇ ਪੰਜਾਬ ਦੇ ਮਸਲੇ ਨੂੰ ਸਿੱਖ ਪਰਿਪੇਖ ਤੋਂ ਪਰਿਭਾਸ਼ਿਤ ਕਰਨਾ ਆਰੰਭ ਕਰ ਦਿੱਤਾ ਹੈ। ਇਨਾਂ ਵਿੱਚ ਕੋਈ ਇੱਕ ਖ਼ਾਸ ਸ਼ਖ਼ਸੀਅਤ ਸ਼ਾਮਲ ਨਹੀਂ ਹੈ ਬਲਕਿ ਕਈ ਪਾਸਿਆਂ ਤੋਂ ਇਹ ਯਤਨ ਹੋ ਰਹੇ ਹਨ ਕਿ ਕਿਸਾਨੀ ਦੇ ਮਸਲੇ ਨੂੰ ਅਤੇ ਕਿਸਾਨੀ ਦੇ ਸੰਘਰਸ਼ ਨੂੰ, ਖੱਬੇ ਪੱਖੀ ਸੋਚ ਨਾਲੋਂ ਖ਼ਾਲਸਾ ਜੀ ਦੀ ਰਾਜਨੀਤਕ ਇੱਛਾ ਅਨੁਸਾਰ ਪਰਿਭਾਸ਼ਿਤ ਕੀਤਾ ਜਾਵੇ। ਕਿਸਾਨੀ ਦੇ ਸੰਘਰਸ਼ ਨੂੰ ਸਿਰਫ਼ ਕਿਸਾਨੀ ਦਾ ਨਹੀਂ, ਬਲਕਿ ਭਾਰਤੀ ਸਟੇਟ ਵੱਲੋਂ ਬਹੁ-ਕੌਮੀ ਮੁਲਕ ਨੂੰ ਇੱਕੋ ਕੌਮ ਦੀ ਅਧੀਨਗੀ ਹੇਠ ਕਰਨ ਦੇ ਯਤਨ ਵਜੋਂ ਦੇਖਣ ਅਤੇ ਇਸ ਨੂੰ ਪੰਜਾਬ ਦੀ ਖ਼ੁਦਮੁਖ਼ਤਿਆਰੀ ਲਈ ਵੱਡਾ ਸੰਘਰਸ਼ ਵਿੱਢਣ ਦੇ ਯਤਨਾਂ ਲਈ ਵਰਤਣ ਦਾ ਰੁਝਾਨ ਪੈਦਾ ਹੋ ਰਿਹਾ ਹੈ। ਪਰ ਇਹ ਬਹੁਤ ਜ਼ੋਰਦਾਰ ਰੁਝਾਨ ਨਹੀਂ ਹੈ। ਇਸ ਦੇ ਬਾਵਜੂਦ ਵੀ ਪੈਦਾ ਹੋ ਰਹੇ ਸਿੱਖ ਪਰਿਪੇਖ ਦਾ ਸਵਾਗਤ ਕਰਨਾ ਬਣਦਾ ਹੈ ਕਿਉਂਕਿ ਪਹਿਲਾ ਕਦਮ ਬਹੁਤ ਛੋਟਾ ਹੋ ਸਕਦਾ ਹੈ। ਜੇ ਵਿਚਾਰਧਾਰਕ ਲੀਹ ਠੀਕ ਪੈ ਜਾਵੇ ਫਿਰ ਅੱਗੇ ਤੋਂ ਪੰਜਾਬ ਦੀ ਸਿਆਸੀ ਇਸੇ ਲਈ ਸੰਘਰਸ਼ਾਂ ਦੇ ਪੈਂਤੜੇ ਬਣਾਉਣ ਲਈ ਸੌਖ ਹੋ ਸਕਦੀ ਹੈ।

ਕਈ ਵਾਰ ਕਿਸੇ ਅਜਿਹੇ ਸੰਘਰਸ਼ ਵਿੱਚੋਂ ਹੀ ਨਵੀਂ ਲੀਡਰਸ਼ਿਪ ਅਤੇ ਨਵੀਆਂ ਰਾਜਨੀਤਿਕ ਪਰਿਭਾਸ਼ਾਵਾਂ ਨਿਕਲ ਆਉਂਦੀਆਂ ਹਨ ਜਿਨਾਂ ਬਾਰੇ ਰਾਜਨੀਤੀ ਦੇ ਮਾਹਿਰਾਂ ਨੇ ਸੋਚਿਆ ਵੀ ਨਹੀਂ ਹੁੰਦਾ। ਕਿਸਾਨੀ ਸੰਘਰਸ਼ ਨੂੰ ਚਲਾ ਰਹੀਆਂ ਖੱਬੇ ਪੱਖੀ ਕਿਸਾਨ ਜਥੇਬੰਦੀਆਂ ਨੂੰ ਜਦੋਂ ਸੰਘਰਸ਼ ਦੌਰਾਨ ਛੱਡੇ ਜਾਂਦੇ ਜੈਕਾਰਿਆਂ ਅਤੇ ਬੁਲਾਈ ਜਾਂਦੀ ਫ਼ਤਿਹ ਤੋਂ ਪੀੜ ਮਹਿਸੂਸ ਹੋਣੀ ਆਰੰਭ ਹੋ ਗਈ ਸੀ, ਉਸ ਵੇਲੇ ਹੀ ਇਹ ਗੱਲ ਭਾਂਪ ਲਈ ਗਈ ਸੀ ਕਿ ਕਿਸਾਨੀ ਜਥੇਬੰਦੀਆਂ ਦੀ ਦੌੜ ਮਹਿਜ਼ ਜਿਨਸਾਂ ਦੇ ਭਾਅ ਠੀਕ ਕਰਵਾਉਣ ਤੱਕ ਹੀ ਸੀਮਤ ਰਹੇਗੀ। ਪਰ ਇਸ ਵਿੱਚ ਸ਼ਾਮਲ ਹੋਏ ਕੁਝ ਨਵੇਂ ਚਿਹਰੇ ਸੰਘਰਸ਼ ਨੂੰ ਜਿਸ ਦਿਸ਼ਾ ਵੱਲ ਤੋਰਨ ਦਾ ਯਤਨ ਕਰ ਰਹੇ ਹਨ ਉਹ ਕਾਫ਼ੀ ਸ਼ਲਾਘਾਯੋਗ ਅਤੇ ਮਾਣ ਕਰਨਯੋਗ ਹੈ। ਹਾਲ ਦੀ ਘੜੀ ਅਸੀਂ ਉਨਾਂ ਸ਼ਖ਼ਸੀਅਤਾਂ ਦੀ ਪਿੱਠ ਨਹੀਂ ਥਪਥਪਾਉਣੀ ਚਾਹੁੰਦੇ , ਕਿਉਂਕਿ ਲੰਬੇ ਸਮੇਂ ਤੋਂ ਭਾਰਤੀ ਸਟੇਟ ਦੇ ਕੰਮ ਕਾਜ ਨੂੰ ਦੇਖਦਿਆਂ ਸਾਨੂੰ ਇਕਦਮ ਕਿਸੇ ਨਤੀਜੇ ਉੱਤੇ ਨਹੀਂ ਪਹੁੰਚਣਾ ਚਾਹੀਦਾ।

ਪਰ ਕਿਸਾਨੀ ਘੋਲ ਦੇ ਓਹਲੇ ਹੇਠ ਜੋ ਕੁਝ ਉੱਭਰ ਰਿਹਾ ਹੈ ਉਸ ਵਿੱਚੋਂ ਇਹ ਗੱਲ ਸਾਫ਼ ਹੋ ਰਹੀ ਹੈ ਕਿ ਪੰਜਾਬ ਵਿੱਚ ਰਵਾਇਤੀ ਲੀਡਰਸ਼ਿਪ ਦਾ ਸ਼ਾਇਦ ਉਹ ਭਵਿੱਖ ਨਾ ਰਹੇ। ਉਹ ਤਾਨਾਸ਼ਾਹੀ ਨਾ ਰਹੇ ਅਤੇ ਉਹ ਆਕੜ ਨਾ ਰਹੇ ਜੋ ਹੁਣ ਤੱਕ ਉਹ ਮਾਣਦੀ ਰਹੀ ਹੈ। ਕਿਸੇ ਨਾ ਕਿਸੇ ਮੌਕੇ ਤੇ ਆ ਕੇ ਰਵਾਇਤੀ ਲੀਡਰਸ਼ਿਪ ਨੂੰ ਨਕਾਰਨਾ ਅਤੇ ਨਵੇਂ ਰਾਜਨੀਤਕ ਸਿਧਾਂਤ ਦਾ ਉੱਭਰਨਾ ਪੰਜਾਬ ਲਈ ਚੰਗਾ ਸ਼ਗਨ ਹੋਵੇਗਾ।

# ਵਿਧਾਨ ਸਭਾ ਬੁਲਾ ਕੇ ਭਾਰਤੀ ਕਾਨੂੰਨ ਰੱਦ ਕਰਨ ਤੋਂ ਕਿਉਂ ਭੱਜ ਰਹੇ ਕੈਪਟਨ ਅਮਰਿੰਦਰ ਸਿੰਘ ?

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਜਿੱਥੇ ਪੰਜਾਬ ਦੇ ਕਿਸਾਨ ਇਕ ਪਾਸੇ ਕਿਸਾਨੀ ਵਿਰੋਧੀ ਕਾਨੂੰਨਾਂ ਕਾਰਨ ਭਾਰਤ ਦੀ ਮੋਦੀ ਸਰਕਾਰ ਦਾ ਕਈ ਦਿਨਾਂ ਤੋਂ ਪਿੱਟ ਸਿਆਪਾ ਕਰ ਰਹੇ ਹਨ ਉੱਥੇ ਹੁਣ ਉਹ ਆਪਣੇ ਸੂਬੇ ਦੇ ਮੁੱਖ ਮੰਤਰੀ ਦੇ ਰਵੱਈਏ ਤੋਂ ਵੀ ਖਫਾ ਹੋਏ ਪਏ ਹਨ। ਕਿਸਾਨਾਂ ਵੱਲੋਂ ਵਾਰ ਵਾਰ ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਲਦ ਤੋਂ ਜਲਦ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਇਹਨਾਂ ਤਿੰਨ ਕਿਸਾਨੀ ਵਿਰੋਧੀ ਭਾਰਤੀ ਕਾਨੂੰਨਾਂ ਨੂੰ ਰੱਦ ਕਰਨ। ਪਰ ਕੈਪਟਨ ਅਮਰਿੰਦਰ ਸਿੰਘ ਸੈਸ਼ਨ ਬੁਲਾਉਣ ਤੋਂ ਲਗਾਤਾਰ ਨਾਹ ਨੁੱਕਰ ਕਰ ਰਹੇ ਹਨ।

ਕੈਪਟਨ ਦੇ ਇਸ ਨਾਹ ਨੁੱਕਰ ਵਾਲੇ ਰਵੱਈਏ 'ਤੇ ਹੁਣ ਸੱਥਾਂ ਵਿਚ ਕਈ ਤਰਾਂ ਦੀਆਂ ਗੱਲਾਂ ਛਿੜੀਆਂ ਹੋਈਆਂ ਹਨ। ਕਈਆਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਮੋਦੀ ਵੱਲੋਂ ਈਡੀ ਦੇ ਕੁੱਝ ਮਾਮਲਿਆਂ ਦੇ ਖੁੱਲੇ ਜਾਣ ਦੇ ਡਰ ਤੋਂ ਸੈਸ਼ਨ ਬੁਲਾਉਣੋਂ ਡਰ ਰਹੇ ਹਨ। ਕਈ ਇਹ ਵੀ ਕਹਿ ਰਹੇ ਹਨ ਕਿ ਕਾਂਗਰਸ ਸਰਕਾਰ ਅੰਦਰੋਂ-ਅੰਦਰ ਇਹਨਾਂ ਕਾਨੂੰਨਾਂ ਦੇ ਪੱਖ ਵਿਚ ਹੈ ਤੇ ਮਹਿਜ਼ ਬਾਹਰੀ ਤੌਰ 'ਤੇ ਵਿਰੋਧ ਦਾ ਡਰਾਮਾ ਕਰ ਰਹੀ ਹੈ, ਕਿਉਂਕਿ ਕਾਂਗਰਸ ਦੇ ਸਿਆਸੀ ਆਗੂ ਵੀ ਕਾਰਪੋਰੇਟਾਂ ਦੇ ਹੱਥਾਂ ਵਿਚ ਭਾਜਪਾ ਦੇ ਆਗੂਆਂ ਵਾਂਗ ਹੀ ਖੇਡਦੇ ਹਨ। ਇਹ ਚਰਚਾਵਾਂ ਵੀ ਛਿੜੀਆਂ ਹੋਈਆਂ ਹਨ ਕਿ ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਨਾਲ ਅੰਦਰੋ-ਖਾਤੇ ਚੰਗੇ ਸਬੰਧ ਹਨ ਤੇ ਹੋ ਸਕਦਾ ਹੈ ਕਿ ਇਹ ਸਬੰਧ ਹੀ ਸੈਸ਼ਨ ਸੱਦਣ ਵਿਚ ਰੋੜਾ ਬਣ ਰਹੇ ਹੋਣ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ ਵਿਧਾਨ ਸਭਾ ਦਾ ਸੈਸ਼ਨ ਨਾ ਸੱਦਿਆ ਗਿਆ ਤਾਂ ਪਾਰਟੀ ਕੈਪਟਨ ਦੀ ਰਿਹਾਇਸ਼ ਦਾ ਘਿਰਾਓ ਕਰੇਗੀ। ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੋਮਵਾਰ ਨੂੰ ਚੰਡੀਗੜ ਵਿਚ ਹੋਈ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਪਾਰਟੀ ਨੇ ਮੰਗ ਕੀਤੀ ਕਿ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਸਾਰੇ ਪੰਜਾਬ ਨੂੰ ਨੋਟੀਫਾਈਡ ਮੰਡੀ ਐਲਾਨਿਆ ਜਾਵੇ ਅਤੇ ਕੇਂਦਰ ਦੇ ਖੇਤੀਬਾੜੀ ਬਾਰੇ ਐਕਟ ਰੱਦ ਕੀਤੇ ਜਾਣ। ਉਨਾਂ ਸੂਬੇ ਦਾ ਆਪਣਾ 2017 ਵਿਚ ਸੋਧਿਆ ਏਪੀਐੱਮਸੀ ਐਕਟ ਵੀ ਰੱਦ ਕਰਨ ਲਈ ਕਿਹਾ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਕਿਹਾ ਕਿ ਕੈਪਟਨ ਸੈਸ਼ਨ ਸੱਦਣ ਬਾਰੇ ਲੋਕਾਂ ਅਤੇ ਉਨਾਂ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਲੁੱਕਣ ਮੀਚੀ ਖੇਡ ਰਹੇ ਹਨ, ਕਦੇ ਇਕ ਦਿਨ ਵਾਅਦਾ ਕਰਦੇ ਹਨ ਕਿ ਸੈਸ਼ਨ ਸੱਦਣਗੇ ਤੇ ਦੂਜੇ ਦਿਨ ਮੁੱਕਰ ਵੀ ਜਾਂਦੇ ਹਨ। ਉਨਾਂ ਕਿਹਾ ਕਿ ਮੁੱਖ ਮੰਤਰੀ ਦਾ ਇਹੀ ਰਵੱਈਆ ਤਿੰਨ ਐਕਟਾਂ ਬਾਰੇ ਵੀ ਹੈ। ਬਾਦਲ ਦਲ ਚਾਹੁੰਦਾ ਹੈ ਕਿ ਕੇਂਦਰ ਕਿਸਾਨਾਂ ਦੀ ਜਿਣਸ ਦੇ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਖ਼ਰੀਦ ਦੀ ਸੰਵਿਧਾਨਕ ਗਾਰੰਟੀ ਦੇਵੇ ਅਤੇ ਇਸ ਨੂੰ ਹੋਰ ਮੌਲਿਕ ਅਧਿਕਾਰਾਂ ਦੇ ਬਰਾਬਰ ਦਾ ਅਧਿਕਾਰ ਬਣਾਵੇ। ਪਾਰਟੀ ਇਹ ਵੀ ਚਾਹੁੰਦੀ ਹੈ ਕਿ ਐੱਮਐੱਸਪੀ ਸਵਾਮੀਨਾਥਨ ਫਾਰਮੂਲੇ ਅਨੁਸਾਰ ਤੈਅ ਕੀਤੀ ਜਾਵੇ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਕੋਰ ਕਮੇਟੀ ਨੇ ਇਹ ਵੀ ਫ਼ੈਸਲਾ ਕੀਤਾ ਕਿ ਉਹ ਕਰਤਾਰਪੁਰ ਸਾਹਿਬ ਲਾਂਘਾ ਛੇਤੀ ਖੋਲਣ ਦੀ ਮੰਗ ਛੇਤੀ ਹੀ ਵਿਦੇਸ਼ ਮੰਤਰੀ ਕੋਲ ਚੁੱਕੇਗੀ।

ਕੋਰ ਕਮੇਟੀ ਨੇ ਮੁੱਖ ਮੰਤਰੀ ਨੂੰ ਅਲਟੀਮੇਟਮ ਦਿੱਤਾ ਕਿ ਉਹ ਐੱਸਸੀ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਤੁਰੰਤ ਬਰਖ਼ਾਸਤ ਕਰਨ ਅਤੇ ਉਨਾਂ ਖਿਲਾਫ਼ ਫ਼ੌਜਦਾਰੀ ਕੇਸ ਦਰਜ ਕੀਤਾ ਜਾਵੇ। ਵਜ਼ੀਫੇ ਦਾ 69 ਕਰੋੜ ਰੁਪਏ ਦਾ ਘੁਟਾਲਾ ਕਰਨ ਦਾ ਦੋਸ਼ੀ ਪਾਏ ਜਾਣ ਦੇ ਬਾਵਜੂਦ ਮੁੱਖ ਮੰਤਰੀ ਨੇ ਉਨਾਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ।

ਕੋਰ ਕਮੇਟੀ ਨੇ ਹਾਥਰਸ ਸਮੂਹਿਕ ਜਬਰ-ਜਨਾਹ ਘਟਨਾ ਨੂੰ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਲਾਪ੍ਰਵਾਹੀ ਨਾਲ ਨਜਿੱਠਣ ਦਾ ਵੀ ਗੰਭੀਰ ਨੋਟਿਸ ਲਿਆ ਤੇ ਉਸ ਨੂੰ ਕਿਹਾ ਕਿ ਉਹ ਪੀੜਤ ਪਰਿਵਾਰ ਨੂੰ ਇਨਸਾਫ਼ ਮਿਲਣਾ ਤੇ ਪੀੜਤ ਦੀ ਲਾਸ਼ ਦਾ ਜਬਰੀ ਸਸਕਾਰ ਕਰਨ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਖਿਲਾਫ਼ ਮਿਸਾਲੀ ਕਾਰਵਾਈ ਯਕੀਨੀ ਬਣਾਵੇ। ਪਾਰਟੀ ਦੇ ਸਾਰੇ ਜਥੇਬੰਦਕ ਢਾਂਚੇ ਨੂੰ 15 ਨਵੰਬਰ ਤੋਂ ਪਹਿਲਾਂ ਪੂਰਾ ਕਰਨ ਦਾ ਫ਼ੈਸਲਾ ਵੀ ਲਿਆ ਗਿਆ। ਮੀਟਿੰਗ ਵਿਚ ਬਲਵਿੰਦਰ ਸਿੰਘ ਭੂੰਦੜ, ਜਥੇਦਾਰ ਤੋਤਾ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਚਰਨਜੀਤ ਸਿੰਘ ਅਟਵਾਲ, ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰਾਂ ਨੇ ਵੀ ਭਾਗ ਲਿਆ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਯੋਗੀ ਦਾ ਠਾਕੁਰਵਾਦ ਬਨਾਮ ਫਾਸ਼ੀਵਾਦੀ ਮਨੂਵਾਦ

## ✪ ਸਾਰੀਆਂ ਪਾਰਟੀਆਂ ਜਾਮ ਕਰ ਦਿੱਤੀਆਂ ਯੋਗੀ ਨੇ ✪ ਸਰਕਾਰੀ ਜ਼ੁਲਮਾਂ ਕਾਰਨ ਦਲਿਤ ਲਾਵਾਰਸ ਬਣੇ

**- ਬਲਵਿੰਦਰ ਪਾਲ ਸਿੰਘ**

ਯੂ ਪੀ ਵਿਚ ਜੁਰਮ , ਅੱਤਿਆਚਾਰ ਦਲਿਤ ਸਮਾਜ ਉੱਪਰ ਭਾਰੂ ਪੈ ਰਹੇ ਹਨ। ਜਾਤੀਵਾਦ ਤੇ ਮਨੂਵਾਦ ਦਾ ਦਲਿਤ ਬੁਰੀ ਤਰਾਂ ਸ਼ਿਕਾਰ ਹੋ ਰਹੇ ਹਨ। ਮੁੱਖ ਮੰਤਰੀ ਬਣਨ ਤੋਂ ਬਾਅਦ ਯੋਗੀ ਆਦਿੱਤਿਆਨਾਥ ਨੇ ਅਜਿਹੀਆਂ ਨੀਤੀਆਂ ਬਣਾਈਆਂ ਜੋ ਉਸ ਦੇ ਕੱਟੜ ਹਿੰਦੂ ਰਾਸ਼ਟਰਵਾਦੀ ਅਕਸ ਨੂੰ ਕਾਇਮ ਰੱਖ ਰਹੀਆਂ ਹਨ। ਉਹ ਜਿਸ ਮੱਠ ਦਾ ਮਹੰਤ ਹੈ, ਉਸਦੀ ਭਗਤੀ ਤੇ ਸ਼ਰਧਾ ਦਾ ਆਧਾਰ ਅਤੇ ਇਤਿਹਾਸ ਨੀਵੀਂਆਂ ਜਾਤੀਆਂ ਪ੍ਰਤੀ ਵਿਤਕਰੇ ਲਈ ਜਾਣਿਆ ਜਾਂਦਾ ਹੈ। ਆਜ਼ਾਦੀ ਦੇ ਸਮੇਂ, ਗੋਰਖ ਨਾਥ ਮੱਠ ਦੀ ਮਹੰਤੀ ਨਾ ਸਿਰਫ਼ ਹਿੰਦੂ ਵਾਦੀ, ਬਲਕਿ ਠਾਕੁਰ ਵਾਦੀ ਵੀ ਬਣ ਗਈ ਸੀ। ਅਸਲ ਵਿਚ ਗੋਰਖ ਪੰਥੀ ਬੋਧੀ ਹੁੰਦੇ ਹਨ ਪਰ ਬ੍ਰਾਹਮਣਵਾਦ ਪ੍ਰਭਾਵ ਅਧੀਨ ਇਹ ਮਨੂਵਾਦ ਦਾ ਅਹਿਮ ਅੰਗ ਬਣ ਗਏ।

ਗੋਰਖ ਨਾਥ ਪੀਠ ਦੇ ਮਹੰਤ ਦਿਗ ਵਿਜੇ ਨਾਥ ਹਿੰਦੂ ਮਹਾਂਸਭਾ ਨਾਲ ਜੁੜੇ ਹੋਏ ਸਨ। ਦਿਗ ਵਿਜੈ ਨਾਥ ਕਾਂਗਰਸ ਪਾਰਟੀ ਅਤੇ ਮਹਾਤਮਾ ਗਾਂਧੀ ਦੇ ਅੰਨੇ ਵਿਰੋਧੀ ਸਨ। ਉਸਦਾ ਨਾਮ ਉਨਾਂ ਵਿੱਚ ਵੀ ਆਉਂਦਾ ਹੈ ਜੋ ਮਹਾਤਮਾ ਗਾਂਧੀ ਨੂੰ ਹਿੰਦੂ ਵਿਰੋਧੀ, ਮੁਸਲਮਾਨ ਅਤੇ ਪਾਕਿਸਤਾਨ ਪੱਖੀ ਐਲਾਨਦੇ ਹਨ। ਦਿਗ ਵਿਜੈ ਨਾਥ ਦਾ ਰਿਵਾਲਵਰ ਕਥਿਤ ਤੌਰ 'ਤੇ ਗਾਂਧੀ ਜੀ ਦੀ ਹੱਤਿਆ ਵਿਚ ਵਰਤਿਆ ਗਿਆ ਸੀ। ਦਿਗ ਵਿਜੈ ਨਾਥ ਨੇ ਵੀ ਇਸ ਦੋਸ਼ ਵਿੱਚ ਨੌਂ ਮਹੀਨੇ ਜੇਲ ਵਿੱਚ ਬਿਤਾਏ। ਇਹ ਤੱਥ ਵੀ ਹੈ ਕਿ ਦਿਗ ਵਿਜੈ ਨਾਥ ਪਹਿਲੇ ਵਿਅਕਤੀ ਸਨ ਜਿਨਾਂ ਨੇ ਰਾਮ ਜਨਮ ਭੂਮੀ ਨੂੰ ਬਾਬਰੀ ਮਸਜਿਦ ਦੀ ਥਾਂ ਰਾਜਨੀਤਿਕ ਮੁੱਦਾ ਬਣਾਇਆ ਸੀ। ਹਾਲਾਂਕਿ ਹੁਣ ਸੁਪਰੀਮ ਕੋਰਟ ਨੇ ਕਾਰ ਸੇਵਕਾਂ ਦੁਆਰਾ ਮਲੀਆਮੇਟ ਕੀਤੀ ਗਈ ਮਸਜਿਦ ਦੀ ਥਾਂ 'ਤੇ ਇੱਕ ਮੰਦਰ ਬਣਾਉਣ ਦੇ ਹੱਕ ਵਿੱਚ ਫ਼ੈਸਲਾ ਕੀਤਾ ਹੈ ਅਤੇ 5 ਅਗਸਤ ਨੂੰ ਮੰਦਰ ਦੀ ਪੂਜਾ ਕੀਤੀ ਗਈ ਹੈ,ਪਰ ਅਦਾਲਤ ਨੇ ਇਹ ਵੀ ਜ਼ੋਰ ਦਿੱਤਾ ਹੈ ਕਿ ਕੁਝ ਲੋਕਾਂ ਦੁਆਰਾ ਰਾਤ ਦੇ ਹਨੇਰੇ ਵਿੱਚ ਰਾਮ ਦੀ ਮੂਰਤੀ ਨੂੰ ਮਸਜਿਦ ਦੇ ਬਾਹਰ ਪਲੇਟ ਫਾਰਮ ਤੇ ਰੱਖਿਆ ਗਿਆ ਸੀ। ਇਨਾਂ ਲੋਕਾਂ ਵਿੱਚ ਦਿਗ ਵਿਜੈ ਨਾਥ ਦਾ ਨਾਮ ਪ੍ਰਮੁੱਖ ਹੈ। ਇਸ ਤੋਂ ਬਾਅਦ ਦਿਗ ਵਿਜੈ ਨਾਥ ਦੀ ਨਿਗਰਾਨੀ ਹੇਠ ਨੌਂ ਦਿਨਾਂ ਲਈ ਨਿਰੰਤਰ ਰਾਮਾਇਣ ਦਾ ਪਾਠ ਕੀਤਾ ਗਿਆ। ਬਾਅਦ ਵਿਚ, ਇਸ ਏਜੰਡੇ ਦੇ ਰਥ 'ਤੇ ਸਵਾਰ ਹੋਕੇ, ਭਾਜਪਾ ਉੱਤਰ ਪ੍ਰਦੇਸ਼ ਅਤੇ ਦਿੱਲੀ ਦੀ ਸੱਤਾ ਉੱਪਰ ਬਿਰਾਜਮਾਨ ਹੋਈ।

ਠਾਕੁਰ ਦਿਗ ਵਿਜੈ ਨਾਥ ਨੇ ਠਾਕੁਰ ਅਵੈਦਯਨਾਥ ਨੂੰ ਆਪਣਾ ਚੇਲਾ ਅਤੇ ਮੱਠ ਦਾ ਵਾਰਸ ਬਣਾਇਆ। ਅਵਿੱਦਿਆ ਨਾਥ ਹਿੰਦੂ ਮਹਾਂਸਭਾ ਤੋਂ ਗੋਰਖਪੁਰ ਦੇ ਸੰਸਦ ਮੈਂਬਰ ਵੀ ਸਨ। ਉਸਨੇ ਉਤਰਾਖੰਡ ਦੇ ਅਜੈ ਸਿੰਘ ਬਿਸ਼ਟ ਉਰਫ਼ ਯੋਗੀ ਆਦਿੱਤਿਆਨਾਥ ਨੂੰ ਆਪਣਾ ਚੇਲਾ ਬਣਾਇਆ। ਅਵੈਦਯਨਾਥ ਦੀ ਮੌਤ ਤੋਂ ਬਾਅਦ, ਆਦਿੱਤਿਆਨਾਥ ਗੋਰਖਨਾਥ ਮੱਠ ਦੇ ਮੁੱਖ ਮਹੰਤ ਬਣੇ। ਆਦਿੱਤਿਆਨਾਥ ਨੂੰ ਨਾ ਸਿਰਫ਼ ਮੱਠ ਦੀ ਮਾਲਕੀ ਮਿਲੀ, ਬਲਕਿ ਇਕ ਰਾਜਨੀਤਿਕ ਵਿਰਾਸਤ ਵੀ ਮਿਲੀ। ਹਿੰਦੂ ਮਹਾਂਸਭਾ, ਭਾਜਪਾ ਦੇ ਉਭਾਰ ਤੋਂ ਬਾਅਦ ਰਾਜਨੀਤਿਕ ਤੌਰ 'ਤੇ ਮਰ ਗਈ ਸੀ। ਯੋਗੀ ਆਦਿੱਤਿਆਨਾਥ ਨੇ ਇੱਕ ਨਵੀਂ ਰਾਜਨੀਤਿਕ ਸੰਸਥਾ ਬਣਾਈ ਜਿਸ ਦਾ ਨਾਮ ਸੀ ਹਿੰਦੂਯੁਵਾ ਵਾਹਨੀ । ਰਾਜਨੀਤਿਕ ਤੌਰ 'ਤੇ ਅਤਿਅੰਤ ਕੱਟੜਵਾਦੀ ਹਿੰਦੂ ਯੋਗੀ ਆਦਿੱਤਿਆਨਾਥ ਨੂੰ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਰੋਧੀ ਮੰਨਿਆ ਜਾ ਸਕਦਾ ਹੈ, ਪਰ ਉਸੇ ਮੋਦੀ ਦੇ ਹਮਲਾਵਰ ਅਤੇ ਫ਼ਿਰਕੂ-ਰਾਜਨੀਤਿਕ ਅੰਦਾਜ਼ ਨੂੰ ਅਪਣਾਇਆ ਹੈ।

ਯੋਗੀ ਜਾਣਦੇ ਹਨ ਕਿ ਜੇ ਉਹ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ, ਤਾਂ ਉਸਨੂੰ ਆਪਣੇ ਆਪ ਨੂੰ ਮੋਦੀ ਨਾਲੋਂ ਵੱਡਾ ਹਿੰਦੂਤਵ ਦਾ ਬਰਾਂਡ ਸਾਬਤ ਕਰਨਾ ਪਏਗਾ। ਯੂ ਪੀ ਦੇ ਮੁੱਖ ਮੰਤਰੀ ਹੋਣ ਦੇ ਬਾਵਜੂਦ, ਉਸ ਨੇ ਲਗਾਤਾਰ ਕੱਟੜ ਹਿੰਦੂਤਵ ਦੀ ਆਪਣੀ ਤਸਵੀਰ ਬਣਾਈ ਰੱਖੀ ਹੈ। ਇਹ ਉਸ ਦੇ ਬਿਆਨਾਂ ਅਤੇ ਕੰਮਾਂ ਅਤੇ ਨੀਤੀਆਂ ਤੋਂ ਝਲਕਦਾ ਹੈ: ਜਿਵੇਂ ਹੀ ਹਿੰਦੂ ਯੁਵਾ ਵਾਹਨੀ ਦਾ ਗਠਨ ਹੋਇਆ, ਇਹ ਬਹੁਤ ਤੇਜ਼ੀ ਨਾਲ ਫੈਲ ਗਿਆ। ਯੂ ਪੀ ਦੇ 72 ਜ਼ਿਲਿਆਂ ਵਿਚ ਇਹ ਇਕ ਮਜ਼ਬੂਤ ਸੰਗਠਨ ਬਣਾਇਆ ਗਿਆ ਸੀ। ਯੂ ਪੀ ਤੋਂ ਬਾਹਰ ਕੁਝ ਰਾਜਾਂ ਵਿਚ ਇਕਾਈਆਂ ਦਾ ਗਠਨ ਵੀ ਕੀਤਾ ਗਿਆ ਸੀ। ਇਸ ਦਾ ਨਾਮ ਭਾਵੇਂ ਹਿੰਦੂ ਯੁਵਾ ਵਾਹਨੀ ਸੰਗਠਨ ਸੀ ਪਰ ਅਸਲ ਵਿਚ ਇਹ ਠਾਕੁਰ ਜਾਤੀ ਦੇ ਹਮਲਾਵਰ ਨੌਜਵਾਨਾਂ ਦਾ ਸੰਗਠਨ ਸੀ। ਗੋਰਖਪੁਰ ਇਸ ਦਾ ਕੇਂਦਰ ਬਣ ਗਿਆ ਅਤੇ ਹੌਲੀ ਹੌਲੀ ਪੂਰਵਾਂਚਲ ਵਿਚ ਹਿੰਦੂ ਯੁਵਾ ਵਾਹਨੀ ਦਾ ਬੋਲਬਾਲਾ ਹੋ ਗਿਆ। ਹਿੰਦੂਤਵ ਦੇ ਨਾਮ 'ਤੇ ਪੂਰਵਾਂਚਲ ਰਾਜਨੀਤੀ ਵਿਚ, ਠਾਕੁਰ ਬਨਾਮ ਬ੍ਰਾਹਮਣ ਦੇ ਬੋਲਬਾਲੇ ਦਾ ਯੁੱਧ ਚੱਲ ਰਿਹਾ ਸੀ।

### ਯੋਗੀ ਕਿਵੇਂ ਮੁੱਖ ਮੰਤਰੀ ਬਣੇ ?

2017 ਦੀਆਂ ਯੂ ਪੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਨਰਿੰਦਰ ਮੋਦੀ ਦੇ ਬਰਾਂਡ ਅਤੇ ਸ਼ਾਨਦਾਰ ਸੋਸ਼ਲ ਇੰਜੀਨੀਅਰਿੰਗ ਦੇ ਜ਼ਰੀਏ ਜਿੱਤ ਦਾ ਰਿਕਾਰਡ ਬਣਾਇਆ। ਵਿਧਾਨ ਸਭਾ ਦੀਆਂ 403 ਸੀਟਾਂ ਵਿਚੋਂ ਭਾਜਪਾ ਨੇ 312 ਸੀਟਾਂ ਜਿੱਤੀਆਂ। ਮੁੱਖ ਮੰਤਰੀ ਦੇ ਚਿਹਰੇ ਤੋਂ ਬਿਨਾਂ ਚੋਣ ਜਿੱਤਣ ਵਾਲੀ ਭਾਜਪਾ ਨੇ ਯੋਗੀ ਆਦਿੱਤਿਆਨਾਥ ਨੂੰ ਮੁੱਖ ਮੰਤਰੀ ਬਣਾਇਆ। ਇਹ ਮੰਨਿਆ ਜਾਂਦਾ ਹੈ ਕਿ ਆਰ ਐਸ ਐਸ ਦੇ ਦਬਾਅ ਹੇਠ ਨਰਿੰਦਰ ਮੋਦੀ ਨੇ ਆਦਿੱਤਿਆਨਾਥ ਨੂੰ ਮੁੱਖ ਮੰਤਰੀ ਵਜੋਂ ਸਵੀਕਾਰ ਕਰ ਲਿਆ। ਬਦਲੇ ਵਿਚ, ਯੋਗੀ ਆਦਿੱਤਿਆਨਾਥ ਸੰਘ ਦੁਆਰਾ ਦੀਖਿਆ ਲੈਣ ਤੋਂ ਬਾਅਦ ਇਕ ਸਵੈ-ਸੇਵਕ ਬਣ ਗਿਆ। ਜਿਵੇਂ ਹੀ ਯੋਗੀ ਮੁੱਖ ਮੰਤਰੀ ਬਣਿਆ, ਹਿੰਦੂ ਯੁਵਾ ਵਾਹਨੀ ਕਾਰਕੁਨਾਂ ਦੀ ਕਾਰਜਸ਼ੈਲੀ 'ਬਾਰੇ ਸਵਾਲ ਉੱਠਣੇ ਸ਼ੁਰੂ ਹੋ ਗਏ। ਰਾਜਨੀਤਿਕ ਹਲਕਿਆਂ ਵਿਚ ਇਹ ਚਰਚਾ ਹੈ ਕਿ ਇਸ ਤੋਂ ਬਾਅਦ ਸੰਘ ਦੇ ਕਹਿਣ 'ਤੇ ਹਿੰਦੂ ਯੁਵਾ ਵਾਹਨੀ ਨੂੰ ਕਮਜ਼ੋਰ ਕਰ ਦਿੱਤਾ ਗਿਆ। ਸੰਘ ਯੋਗੀ ਆਦਿੱਤਿਆਨਾਥ ਦੀ ਰਾਜਨੀਤਿਕ ਲਾਲਸਾ ਵੱਲ ਧਿਆਨ ਦਿੰਦਾ ਹੈ ਪਰ ਉਸਦੀ ਰਾਜਨੀਤਿਕ ਸ਼ਕਤੀ ਨੂੰ ਕਮਜ਼ੋਰ ਰੱਖ ਕੇ ਅਤੇ ਇਸ ਨੂੰ ਆਪਣੇ ਕੰਟਰੋਲ ਵਿੱਚ ਰੱਖਣਾ ਚਾਹੁੰਦਾ ਹੈ। ਨਤੀਜੇ ਵਜੋਂ ਮਾਰਚ 2018 ਵਿਚ ਹਿੰਦੂ ਯੁਵਾ ਵਾਹਨੀ ਦੀਆਂ ਕਈ ਇਕਾਈਆਂ ਭੰਗ ਕਰਾ ਦਿੱਤੀਆਂ ਗਈਆਂ ਸਨ। ਨਤੀਜੇ ਵਜੋਂ; ਇਸ ਦੇ ਕੁਝ ਨੇਤਾ ਅਤੇ ਕੁਛ ਵਰਕਰ ਸਮਾਜਵਾਦੀ ਪਾਰਟੀ ਵਿਚ ਸ਼ਾਮਲ ਹੋ ਗਏ।

ਇਹ ਸਭ ਜਾਣਿਆ ਜਾਂਦਾ ਹੈ ਕਿ ਆਰਐਸਐਸ ਵਿਚ ਬ੍ਰਾਹਮਣਾਂ ਦਾ ਦੱਬ-ਦਬਾ ਹੈ ਜਦੋਂ ਕਿ ਠਾਕੁਰ ਯੋਗੀ ਆਦਿੱਤਿਆਨਾਥ ਦੀ ਹਿੰਦੂ ਯੁਵਾ ਵਾਹਨੀ ਵਿਚ ਠਾਕੁਰ ਹਾਵੀ ਹਨ।

ਸੰਘ ਹਿੰਦੂ ਯੁਵਾ ਵਾਹਨੀ ਦੀ ਰਾਜਨੀਤਿਕ ਤਾਕਤ ਨੂੰ ਆਪਣੀ ਰਾਜਨੀਤਿਕ ਪਾਰਟੀ ਭਾਜਪਾ ਦੇ ਸਮਾਨੰਤਰ ਪ੍ਰਫੁੱਲਿਤ ਨਹੀਂ ਹੋਣ ਦੇਣਾ ਚਾਹੁੰਦਾ। ਭਾਜਪਾ ਦੇ ਬ੍ਰਾਹਮਣ ਨੇਤਾਵਾਂ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਹੋਣ ਦੇ ਨਾਤੇ ਯੋਗੀ ਆਦਿੱਤਿਆਨਾਥ ਯੂ ਪੀ ਵਿੱਚ ਬ੍ਰਾਹਮਣਾਂ ਦੇ ਪ੍ਰਭਾਵ ਅਤੇ ਦੱਬਦਬੇ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਫਿਰ ਸਵਾਲ ਉੱਠਦਾ ਹੈ ਕਿ ਕੀ ਯੋਗੀ ਆਦਿੱਤਿਆਨਾਥ ਅਜਿਹਾ ਕਰਨ ਦੇ ਸਮਰੱਥ ਹੈ ? ਰਾਜਨੀਤਿਕ ਬੋਰਡ 'ਤੇ ਚੈੱਕ ਐਂਡ ਮੈਚ ਦੀ ਇਸ ਖੇਡ 'ਚ ਕੌਣ ਵਿਜੇਤਾ ਬਣੇਗਾ, ਫ਼ਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਨਿਸ਼ਚਤ ਹੈ ਕਿ ਯੋਗੀ ਆਪਣੇ ਬਲ ਉੱਪਰ ਆਪਣੀ ਹਥੇਲੀ ਉੱਪਰ ਸਰੋਂ ਜਮਾਉਣਾ ਜਾਣਦੇ ਹਨ । ਇਸਦੇ ਲਈ ਉਹ ਭਾਜਪਾ ਦੀ ਕੁਰਬਾਨੀ ਵੀ ਦੇ ਸਕਦੇ ਹਨ। ਅਜਿਹਾ ਲਗਦਾ ਹੈ ਕਿ ਯੋਗੀ ਹਿੰਦੂ ਯੁਵਾ ਵਾਹਨੀ ਨੂੰ ਮੁੜ ਸੁਰਜੀਤ ਕਰਕੇ ਵੀ ਭਾਜਪਾ ਨੂੰ ਚੁਨੌਤੀ ਦੇ ਸਕਦਾ ਹੈ।

### ਬ੍ਰਾਹਮਣ ਬਨਾਮ ਕਸ਼ਤਰੀ

ਭਾਰਤ ਦੇ ਇਤਿਹਾਸ ਵਿੱਚ, ਬ੍ਰਾਹਮਣ ਅਤੇ ਕਸ਼ੱਤਰੀਆਂ ਦਰਮਿਆਨ ਮੁਕਾਬਲਾ ਅਤੇ ਦਬਦਬਾ ਦੀ ਲੜਾਈ ਬਰਾਬਰ ਚਲਦੀ ਆ ਰਹੀ ਹੈ। ਹਾਲਾਂਕਿ, ਬ੍ਰਾਹਮਣਾਂ ਦੁਆਰਾ ਬਣਾਈ ਗਈ ਵਰਨ ਪ੍ਰਣਾਲੀ ਵਿਚ ਬ੍ਰਾਹਮਣਾਂ ਅਤੇ ਖੱਤਰੀਆਂ ਦੇ ਅਧਿਕਾਰਾਂ ਦੀ ਸਪਸ਼ਟ ਵੰਡ ਸੀ। ਪਰ ਵਰਨ ਵੰਡ ਅਨੁਸਾਰ ਖੱਤਰੀਆਂ ਨੇ ਵੀ ਪਹਿਲੇ ਸਥਾਨ 'ਤੇ ਪਹੁੰਚਣ ਦੀ ਕੋਸ਼ਿਸ਼ ਕੀਤੀ। ਧਾਰਮਿਕ ਗੁਰੂ ਹੋਣ ਕਰਕੇ ਬ੍ਰਾਹਮਣ ਰਾਜ ਪੁਜਾਰੀ ਹੁੰਦਾ ਸੀ। ਕਸ਼ੱਤਰੀ ਰਾਜਿਆਂ ਦਾ ਫ਼ਰਜ਼ ਬਣਦਾ ਸੀ ਕਿ ਉਹ ਰਾਜ ਵਿਚ ਬ੍ਰਾਹਮਣਾਂ ਦੀ ਅਗਵਾਈ ਅਨੁਸਾਰ ਚੱਲਣ ਅਤੇ ਉਨਾਂ ਦਾ ਵਿਸ਼ੇਸ਼ ਸਨਮਾਨ ਕਰਨ। ਬ੍ਰਾਹਮਣਾਂ ਦੇ ਆਦੇਸ਼ਾਂ ਅੱਗੇ ਮੱਥਾ ਟੇਕਣਾ ਖੱਤਰੀਆਂ ਦੀ ਜ਼ਿੰਮੇਵਾਰੀ ਸੀ। ਇਸ ਪ੍ਰਬੰਧ ਨੂੰ ਬੁੱਧ ਅਤੇ ਮਹਾਵੀਰ ਦੁਆਰਾ ਚੁਨੌਤੀ ਦਿੱਤੀ ਗਈ ਸੀ।

ਪੰਜਵੀਂ ਸਦੀ ਈ: ਪੂਰਬ ਦੇ ਭਾਰਤੀ ਇਤਿਹਾਸ ਵਿਚ ਬ੍ਰਾਹਮਣ ਬੁੱਧ ਅਤੇ ਮਹਾਵੀਰ ਵਰਗੇ ਕਸ਼ਤਰੀ ਧਾਰਮਿਕ ਨੇਤਾਵਾਂ ਦੇ ਕਾਰਨ ਵਰਨ ਆਸ਼ਰਮ ਵਿਚ ਬ੍ਰਾਹਮਣ ਪਹਿਲੇ ਤੋਂ ਦੂਜੇ ਨੰਬਰ 'ਤੇ ਖਿਸਕ ਗਏ ਸਨ। ਇਸ ਤੋਂ ਬਾਅਦ ਬ੍ਰਾਹਮਣ ਰਾਜ ਅਤੇ ਸੈਨਾ ਦੀ ਸ਼ਕਤੀ ਪ੍ਰਾਪਤ ਕਰਨ ਵਿਚ ਸ਼ਾਮਲ ਹੋ ਗਿਆ। ਬੁੱਧ ਤੋਂ ਲਗਭਗ ਤਿੰਨ ਸੌ ਸਾਲ ਬਾਅਦ, ਇੱਕ ਬ੍ਰਾਹਮਣ ਜਰਨੈਲ, ਪੁਸ਼ਯਮਿੱਤਰ ਸੁੰਗਾਨੇ (182 ਈਸਾ ਪੂਰਬ) ਮੌਰੀਅਨ ਸ਼ਾਸਕ ਬ੍ਰਿਹਦਰਥ ਨੂੰ ਮਾਰ ਕੇ ਮਗਧ ਦਾ ਗੱਦੀ ਪ੍ਰਾਪਤ ਕੀਤੀ ਤੇ ਦੁਬਾਰਾ ਬ੍ਰਾਹਮਣਵਾਦ ਦੀ ਸਰਵਉੱਚਤਾ ਹਾਸਲ ਕੀਤੀ। ਬੁੱਧ ਧਰਮ ਅਤੇ ਬ੍ਰਾਹਮਣ ਧਰਮ ਦਰਮਿਆਨ ਸੰਘਰਸ਼ ਸਮੇਂ ਸਮੇਂ ਤੇ ਖੱਤਰੀਆਂ ਅਤੇ ਬ੍ਰਾਹਮਣਾਂ ਦੀ ਸਰਵਉੱਚਤਾ ਲਈ ਸੰਘਰਸ਼ ਸੀ। ਬੁੱਧ ਅਤੇ ਮਹਾਵੀਰ ਵਰਗੇ ਕਸ਼ੱਤਰੀਆਂ ਗੁਰੂਆਂ ਨੇ ਦਲਿਤਾਂ ਨੂੰ ਆਪਣੇ ਨਾਲ ਜੋੜਿਆ ਤੇ ਜਾਤ ਪਾਤ ,ਵਰਨ ਆਸ਼ਰਮ ਨੂੰ ਖ਼ਤਮ ਕੀਤਾ। ਦਲਿਤਾਂ ਜੋ ਬ੍ਰਾਹਮਣ ਦੇ ਵਰਨ ਆਸ਼ਰਮ ਵਿਤਕਰੇ, ਧਰਮ ਦੀ ਅਸਮਾਨਤਾ ਅਤੇ ਬੇਇਨਸਾਫ਼ੀ ਤੋਂ ਦੁਖੀ ਸਨ, ਨੇ ਬੁੱਧ ਧਰਮ ਨੂੰ ਸਵੀਕਾਰ ਕਰ ਲਿਆ। ਬੁੱਧ ਧਰਮ ਤੇਜ਼ੀ ਨਾਲ ਵਿਸ਼ਾਲ ਧਰਮ ਦਾ ਰੂਪ ਧਾਰਨ ਕਰ ਗਿਆ ਜਿਸ ਨਾਲ ਬ੍ਰਾਹਮਣਵਾਦ ਦਾ ਬੋਲਬਾਲਾ ਸਮਾਪਤ ਹੋਣ ਲਗਾ। ਬਾਅਦ ਵਿਚ ਬ੍ਰਾਹਮਣ ਖ਼ੁਦ ਬੁੱਧ ਧਰਮ ਨਾਲ ਜੁੜ ਗਏ। ਇਸਦੇ ਨਤੀਜੇ ਵਜੋਂ, ਬੁੱਧ ਧਰਮ ਹੌਲੀ ਹੌਲੀ ਰੀਤੀਵਾਦੀ ਬਣ ਗਿਆ ਅਤੇ ਇਸ ਦਾ ਇਨਕਲਾਬੀਪਨ ਅਲੋਪ ਹੋ ਗਿਆ। ਬ੍ਰਾਹਮਣਾਂ ਦੁਆਰਾ ਬੁੱਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਐਲਾਨਿਆ ਗਿਆ ਸੀ। ਇਕ ਵਾਰ ਫਿਰ ਬ੍ਰਾਹਮਣਾਂ ਨੇ ਆਪਣਾ ਸਰਵ ਉੱਚ ਅਧਿਕਾਰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ।

### ਬ੍ਰਾਹਮਣ ਧਰਮ ਦਾ ਪੁਨਰ-ਉਥਾਨ

ਨੌਵੀਂ ਸਦੀ ਵਿਚ ਦੱਖਣੀ ਭਾਰਤ ਵਿਚ ਕੇਰਲਾ ਤੋਂ ਨਿਕਲ ਕੇ ਕਾਂਸ਼ੀ ਪਹੁੰਚੇ ਸ਼ੰਕਰਾਚਾਰੀਆ ਦੁਆਰਾ ਬ੍ਰਾਹਮਣ ਧਰਮ ਨੂੰ ਮੁੜ ਸੁਰਜੀਤ ਕਰਨ ਦੇ ਉਦੇਸ਼ ਨਾਲ ਭਾਰਤ ਦੇ ਕੋਨੇ ਕੋਨੇ ਵਿਚ ਚਾਰ ਮੱਠ ਸਥਾਪਿਤ ਕੀਤੇ। ਬਾਅਦ ਵਿਚ ਇਹ ਮੱਠ ਬ੍ਰਾਹਮਣਾਂ ਦੇ ਅਧਿਕਾਰ ਦੇ ਸੰਸਥਾਗਤ ਰੂਪ ਬਣ ਗਏ। ਦਰਅਸਲ, ਹਿੰਦੂ ਅਤੇ ਬ੍ਰਾਹਮਣਵਾਦ ਇਕ ਦੂਜੇ ਦੇ ਪੂਰਕ ਹਨ। ਜਦੋਂ ਵੀ ਹਿੰਦੂ ਧਰਮ ਦੀ ਰੱਖਿਆ ਦੀ ਗੱਲ ਕੀਤੀ ਜਾਂਦੀ ਹੈ, ਇਸਦਾ ਅਰਥ ਬ੍ਰਾਹਮਣਾਂ ਦੇ ਅਦਾਰਿਆਂ ਅਤੇ ਅਧਿਕਾਰਾਂ ਦੀ ਰੱਖਿਆ ਕਰਨਾ ਹੈ। ਇਸ ਪ੍ਰਬੰਧ ਨੂੰ ਖੱਤਰੀਆਂ ਦੁਆਰਾ ਨਿਰੰਤਰ ਚੁਨੌਤੀ ਦਿੱਤੀ ਗਈ ਹੈ। ਬਾਰਵੀਂ ਸਦੀ ਵਿੱਚ ਭਾਰਤ ਦੀ ਰਾਜ ਸ਼ਾਹੀ ਵਿਦੇਸ਼ੀ ਮੁਸਲਮਾਨਾਂ ਦੇ ਹੱਥ ਵਿੱਚ ਚਲੀ ਗਈ। ਇਸ ਲਈ ਬ੍ਰਾਹਮਣ ਰਾਜ ਤੋਂ ਪ੍ਰਾਪਤ ਹੋਣ ਵਾਲੇ ਸਨਮਾਨ ਤੋਂ ਵਾਂਝੇ ਸਨ।

ਜਦੋਂ ਬ੍ਰਾਹਮਣ ਸਨਮਾਨ ਅਤੇ ਰਾਜ ਮਾਣ ਤੋਂ ਵਾਂਝੇ ਰਹੇ, ਉਨਾਂ ਨੇ ਹਿੰਦੂ ਧਰਮ ਨੂੰ ਹੋਰ ਸੰਕੀਰਨ ਬਣਾ ਦਿੱਤਾ। ਬ੍ਰਾਹਮਣ ਮੰਦਰਾਂ ਅਤੇ ਮੱਠਾ ਉੱਤੇ ਕਬਜ਼ਾ ਕਰਕੇ ਆਪਣੀ ਉੱਤਮਤਾ ਕਾਇਮ ਰੱਖਣਾ ਚਾਹੁੰਦੇ ਸਨ।

ਕਸ਼ੱਤਰੀਆਂ ਅਤੇ ਮੁਗ਼ਲ

ਇਸਦੇ ਉਲਟ ਖੱਤਰੀਆਂ ਨੇ ਮੁਸਲਿਮ ਸ਼ਕਤੀ ਨਾਲ ਸਮਝੌਤਾ ਕੀਤਾ। ਉਨਾਂ ਨੇ ਸ਼ਾਸਨ ਅਤੇ ਪ੍ਰਸ਼ਾਸਨ ਵਿੱਚ ਖੱਤਰੀਆਂ ਨੂੰ ਆਪਣਾ ਹਿੱਸੇਦਾਰ ਬਣਾਇਆ। ਮੁਗ਼ਲ ਕਾਲ ਵਿਚ ਖੱਤਰੀਆਂ ਦੀ ਤਾਕਤ ਵਿਚ ਅਥਾਹ ਵਾਧਾ ਹੋਇਆ। ਮੁਗ਼ਲ ਸਮਰਾਟ ਅਕਬਰ ਅਤੇ ਹੋਰ ਮੁਗ਼ਲਾਂ ਨੇ ਰਾਜਪੂਤਾਂ ਯਾਨੀ ਕਿ ਖੱਤਰੀ ਰਾਜਿਆਂ ਨਾਲ ਨੇੜਲੇ ਸੰਬੰਧ ਕਾਇਮ ਕੀਤੇ। ਸਾਰੇ ਕਸ਼ੱਤਰੀ ਰਾਜਿਆਂ ਨੇ ਆਪਣੀਆਂ ਧੀਆਂ ਦਾ ਰਾਜਿਆਂ ਅਤੇ ਸ਼ਹਿਨਸ਼ਾਹਾਂ ਨਾਲ ਵਿਆਹ ਕਰਵਾ ਕੇ ਪਰਿਵਾਰਕ ਸੰਬੰਧ ਸਥਾਪਤ ਕੀਤੇ। ਸਚਾਈ ਇਹ ਹੈ ਕਿ ਅਕਬਰ ਤੋਂ ਬਾਅਦ ਦੀ ਪੀੜੀ ਦਾ ਕੋਈ ਵੀ ਸ਼ਹਿਨਸ਼ਾਹ ਕਿਸੇ ਵਿਦੇਸ਼ੀ ਜਾਤੀ ਦੇ ਮੁਸਲਮਾਨ ਨਹੀਂ ਸਨ। ਜਹਾਂਗੀਰ, ਸ਼ਾਹਜਹਾਂ ਆਦਿ ਸਮਰਾਟ ਖਤਰਾਣੀ ਦੇ ਘਰ ਪੈਦਾ ਹੋਏ ਸਨ। ਇਹੀ ਕਾਰਨ ਹੈ ਕਿ ਮੁਗ਼ਲ ਪ੍ਰਸ਼ਾਸਨ ਵਿਚ ਖੱਤਰੀਆਂ ਨੇ ਵੱਡੇ ਅਹੁਦਿਆਂ 'ਤੇ ਕਬਜ਼ਾ ਕੀਤਾ ਹੋਇਆ ਸੀ। ਧਾਰਮਿਕ ਤੌਰ 'ਤੇ ਕੱਟੜ ਮੰਨੇ ਜਾਂਦੇ ਔਰੰਗਜ਼ੇਬ ਦੇ ਸਰਦਾਰਾਂ ਤੇ ਰਾਜ ਪ੍ਰਬੰਧ ਵਿਚ ਹਿੰਦੂ ਮੁਸਲਮਾਨਾਂ ਨਾਲੋਂ ਕਿਤੇ ਵੱਧ ਸਨ। ਇਨਾਂ ਵਿੱਚੋਂ ਜ਼ਿਆਦਾਤਰ ਹਿੰਦੂ ਕਸ਼ੱਤਰੀ ਸਨ।

### ਕਸ਼ੱਤਰੀ ਕਦੋਂ ਠਾਕੁਰ ਬਣੇ ?

'ਪਛਾਣ' 'ਤੇ ਆਧਾਰਿਤ ਅੱਜ ਦੀ ਰਾਜਨੀਤੀ ਵਿੱਚ, ਹਰੇਕ ਜਾਤੀ-ਭਾਈਚਾਰਾ ਆਪਣੇ ਰਾਜਨੀਤਕ ਸਮਾਜਿਕ ਹਾਲਤਾਂ ਵਿੱਚ ਆਪਣੇ ਅਤੀਤ ਨੂੰ ਦਰਸਾਉਂਦਿਆਂ ਆਪਣੀ ਭੂਮਿਕਾ ਸਥਾਪਤ ਕਰ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿਚ ਹਿੰਦੂਤਵ ਦੀ ਚੜਤ ਦੇ ਨਤੀਜੇ ਵਜੋਂ, ਇਤਿਹਾਸ ਦਾ ਪ੍ਰਮੁੱਖ ਭਾਈਚਾਰਾ ਪਿਛਲੇ ਸਮੇਂ ਦੀ ਦਮਨਕਾਰੀ ਸ਼ਕਤੀ ਪ੍ਰਾਪਤ ਕਰਨ ਲਈ ਸੰਵਿਧਾਨ ਅਤੇ ਲੋਕਤੰਤਰ ਦੀਆਂ ਸੀਮਾਵਾਂ ਨੂੰ ਤਾਰਦੇ ਆ ਰਹੇ ਹਨ। ਅਚਾਨਕ ਬ੍ਰਾਹਮਣ ਪਰਸ਼ੂਰਾਮ ਦੇ ਵੰਸ਼ ਵਜੋਂ ਸਥਾਪਤ ਹੋ ਗਿਆ। ਪਰ ਪਰਸ਼ੂਰਾਮ ਨੂੰ ਬ੍ਰਾਹਮਣ ਭਾਈਚਾਰੇ ਦੇ ਬੋਲਬਾਲੇ ਅਤੇ ਰਖਵਾਲੇ ਵਜੋਂ ਠਹਿਰਾਇਆ ਗਿਆ ਸੀ।

ਧਿਆਨਯੋਗ ਹੈ ਕਿ ਰਾਮ ਸਾਰੇ ਹਿੰਦੂਆਂ ਦੇ ਪੂਜਕ ਵਜੋਂ ਸਥਾਪਿਤ ਹੋਏ ਸਨ ਅਤੇ ਰਾਜਨੀਤੀ ਉਨਾਂ ਦੇ ਨਾਮ ਤੇ ਕੀਤੀ ਗਈ ਸੀ। ਇਹ ਚੰਗੀ ਤਰਾਂ ਜਾਣਿਆ ਜਾਂਦਾ ਹੈ ਕਿ ਇਕ ਖੱਤਰੀ ਦਿਗ ਵਿਜੈ ਨਾਥ ਨੇ ਰਾਜਨੀਤਿਕ ਰਾਮ ਨੂੰ ਬ੍ਰਾਹਮਣ-ਬਹੁਲ ਸੰਘ ਨੇ ਆਪਣਾ ਰਾਜਨੀਤਿਕ ਹਥਿਆਰ ਬਣਾਇਆ ਸੀ। ਹੁਣੇ ਜਿਹੇ ਅਦਾਲਤ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ ਜਿਸ ਵਿੱਚ ਮਥੁਰਾ ਦੀ ਦਰਗਾਹ ਨੂੰ ਕ੍ਰਿਸ਼ਨ ਦਾ ਜਨਮ ਸਥਾਨ ਦੱਸਿਆ ਗਿਆ ਹੈ। ਹਾਲਾਂਕਿ, ਇਸ ਨੂੰ ਮਥੁਰਾ ਦੀ ਅਦਾਲਤ ਨੇ ਰੱਦ ਕਰ ਦਿੱਤਾ ਹੈ। ਪਰ ਰਾਮ ਅਤੇ ਕ੍ਰਿਸ਼ਨ ਦੀ ਰਾਜਨੀਤੀ ਦੀ ਸਮਾਜਿਕਤਾ ਦੇ ਕੁਝ ਅਰਥ ਹਨ। ਹਾਲਾਂਕਿ, ਸਵਾਲ ਇਹ ਹੈ ਕਿ ਖੱਤਰੀ ਅਖਵਾਉਣ ਵਾਲਾ ਭਾਈਚਾਰਾ ਠਾਕੁਰ ਕਿਵੇਂ ਬਣ ਗਿਆ ? ਇਸ ਦਾ ਜਵਾਬ ਤੁਲਸੀਦਾਸ ਅਤੇ ਉਸ ਦੇ 'ਰਾਮਚਰਿਤ ਮਾਨਸ' ਤੋਂ ਮਿਲ ਸਕਦਾ ਹੈ। ਤੁਲਸੀਦਾਸ, ਮੁਗ਼ਲ ਸਮਰਾਟ ਅਕਬਰ ਦੇ ਸਮਕਾਲੀ, ਨੇ ਰਾਮ ਕਥਾ ਲਿਖ ਕੇ ਇਕ ਨਵਾਂ ਰਾਮ ਹੀ ਨਹੀਂ, ਬਲਕਿ ਪੁਰੋਹਿਤ ਵਾਦ ਨੂੰ ਜਨਮ ਦਿੱਤਾ। ਦਰਅਸਲ, ਮੁਗ਼ਲ ਕਾਲ ਵਿਚ ਬ੍ਰਾਹਮਣਾਂ ਦੀ ਸਥਿਤੀ ਨੂੰ ਰਾਜਪੂਤਾਂ, ਕਸ਼ੱਤਰੀਆਂ ਨੇ ਬਹੁਤ ਕਮਜ਼ੋਰ ਕਰ ਦਿੱਤਾ ਸੀ। ਰਾਜਪੂਤਾਂ ਨੇ ਮੁਗ਼ਲਾਂ ਨਾਲ ਵਿਆਹ ਕਰਵਾ ਕੇ ਪਰਿਵਾਰਕ ਸੰਬੰਧ ਕਾਇਮ ਕੀਤੇ ਸਨ, ਪਰ ਬ੍ਰਾਹਮਣ ਸਮਾਜ ਜਾਤੀ ਉੱਤਮਤਾ ਅਤੇ ਸ਼ੁੱਧਤਾ ਦੀ ਆੜ ਵਿਚ ਰਾਜ ਕਰਨ ਤੋਂ ਕੋਹਾਂ ਦੂਰ ਰਿਹਾ।

ਹਾਲਾਂਕਿ ਤੁਲਸੀਦਾਸ, ਅਕਬਰ ਦੇ ਨੇੜੇ ਸੀ। ਤੁਲਸੀਦਾਸ ਦੀ ਰਾਮ ਕਥਾ ਨੂੰ ਵਿਆਪਕ ਪ੍ਰਵਾਨਗੀ ਅਤੇ ਪ੍ਰਸਿੱਧੀ ਮਿਲੀ। ਇਸ ਦੇ ਜ਼ਰੀਏ ਬ੍ਰਾਹਮਣਾਂ ਨੇ ਕਸ਼ੱਤਰੀ ਰਾਮ ਨੂੰ ਆਪਣਾ ਦੇਵਤਾ ਅਤੇ ਵਿਸ਼ਨੂੰ ਦਾ ਅਵਤਾਰ ਮੰਨ ਲਿਆ। ਤਦ ਤੋਂ ਹੀ ਰਾਮ ਬ੍ਰਾਹਮਣਾਂ ਲਈ ਠਾਕੁਰ ਜੀ ਬਣ ਗਏ।

ਜਦਕਿ ਇਸ ਤੋਂ ਪਹਿਲਾਂ, ਬ੍ਰਾਹਮਣਾਂ ਨੇ ਕਦੇ ਵੀ ਬੁੱਧ ਅਤੇ ਮਹਾਂਵੀਰ ਨੂੰ ਛੱਡ ਕੇ ਕਦੇ ਵੀ ਖੱਤਰੀਆਂ ਦੇ ਅਧੀਨਗੀ ਨੂੰ ਸਵੀਕਾਰ ਨਹੀਂ ਕੀਤਾ। ਪਰ ਤੁਲਸੀ, ਰਾਮ ਕਥਾ ਦੇ ਪ੍ਰਭਾਵ ਕਾਰਨ, ਬ੍ਰਾਹਮਣਾਂ ਨੇ ਸਾਰੇ ਕਸ਼ੱਤਰੀਆਂ ਨੂੰ ਪ੍ਰਭੂ ਰਾਮ ਦੀ ਸੰਤਾਨ ਮੰਨਿਆ ਅਤੇ ਰਾਮ ਦੀ ਪ੍ਰਸ਼ੰਸਾ ਕੀਤੀ। ਹਾਲਾਂਕਿ, ਇਹ ਸਿਰਫ਼ ਬਿਰਤਾਂਤ ਵਿਚ ਹੀ ਰਿਹਾ। ਸਮਾਜਿਕ ਪੱਧਰ 'ਤੇ, ਬ੍ਰਾਹਮਣ ਠਾਕੁਰਾਂ ਦੇ ਪੁਜਾਰੀ ਬਣੇ ਰਹੇ। ਪਰ ਸੱਚ ਇਹ ਵੀ ਹੈ ਕਿ ਦੋਹਾਂ ਵਰਨਾਂ ਵਿਚਕਾਰ ਆਪਸ ਵਿਚ ਟਕਰਾਅ ਰਿਹਾ। ਆਜ਼ਾਦੀ ਤੋਂ ਬਾਅਦ ਦੀ ਲੋਕਤੰਤਰੀ ਰਾਜਨੀਤੀ ਨੇ ਇਸ ਟਕਰਾਅ ਨੂੰ ਨਵਾਂ ਰੂਪ ਪ੍ਰਦਾਨ ਕੀਤਾ।

### ਕਾਂਗਰਸ ਅਤੇ ਬ੍ਰਾਹਮਣ

1915 ਵਿਚ ਅਫ਼ਰੀਕਾ ਤੋਂ ਵਾਪਸ ਆਉਣ ਤੋਂ ਬਾਅਦ, ਮਹਾਤਮਾ ਗਾਂਧੀ ਕਾਂਗਰਸ ਅਤੇ ਸੁਤੰਤਰਤਾ ਅੰਦੋਲਨ ਵਿਚ ਸ਼ਾਮਲ ਹੋ ਗਏ। ਬਾਅਦ ਵਿਚ ਗਾਂਧੀ ਜੀ ਨੇ ਕਾਂਗਰਸ ਦੀ ਅਗਵਾਈ ਸੰਭਾਲ ਲਈ। ਗਾਂਧੀ ਜੀ ਦੇ ਵਿਚਾਰ ਕਾਂਗਰਸ ਦੇ ਅੰਦੋਲਨ ਉੱਤੇ ਹਾਵੀ ਹੋਣ ਲੱਗੇ। ਹਿੰਦੂ ਮਹਾਂਸਭਾ ਅਤੇ ਆਰਐਸਐਸ ਨਾਲ ਜੁੜੇ ਬ੍ਰਾਹਮਣਾਂ ਨੇ ਕਾਂਗਰਸ ਤੋਂ ਵੱਖ ਕਰ ਲਿਆ। ਉਹ ਹਿੰਦੂਤਵ ਦੇ ਮੁੱਦੇ 'ਤੇ ਕਾਂਗਰਸ ਦੇ ਸ਼ਮੂਲੀਅਤ ਵਾਲੇ ਰਾਸ਼ਟਰਵਾਦ ਨਾਲ ਸਹਿਮਤ ਨਹੀਂ ਸੀ। ਪਰ ਕਾਂਗਰਸ ਤੋਂ ਦੂਰੀ ਲਈ ਅੰਦਰੂਨੀ ਕਾਰਨ ਹੋ ਸਕਦੇ ਹਨ ਜਿਸ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਕਿਤੇ ਅਜਿਹਾ ਤਾਂ ਨਹੀਂ ਹੈ ਕਿ ਰਾਜਨੀਤਕ ਅਗਵਾਈ ਦਾ ਬ੍ਰਾਹਮਣਾਂ ਤੋਂ ਨਿਕਲ ਕੇ ਇਕ ਵੈਸ਼ ਕੋਲ ਆ ਜਾਣਾ ਸਵੀਕਾਰ ਨਹੀਂ ਹੋ ਸਕਿਆ ਸੀ। ਇਸ ਲਈ ਹੇਡਗੇਵਾਰ ਅਤੇ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਖੁੱਲ ਕੇ ਕਾਂਗਰਸ ਦਾ ਵਿਰੋਧ ਕੀਤਾ। ਇਸ ਕਾਰਜ ਵਿਚ ਹਿੰਦੂਤਵੀ ਬ੍ਰਾਹਮਣ, ਖਤਰੀ ਰਾਜ ਵਾੜਿਆਂ ਅਤੇ ਜਗੀਰਦਾਰ ਸ਼ਾਮਲ ਹੋਏ।

ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਕਾਂਗਰਸ ਦੇ ਅੰਦੋਲਨ ਦੇ ਵਿਰੋਧੀ ਇਨਾਂ ਰਾਜਿਆਂ ਨੂੰ ਅੰਗਰੇਜ਼ੀ ਸ਼ਾਸਨ ਵਿਚੋਂ ਬਹੁਤ ਸਾਰੀਆਂ ਸੁੱਖ ਸਹੂਲਤਾਂ ਪ੍ਰਾਪਤ ਕੀਤੀਆਂ। ਸੰਘ, ਹਿੰਦੂ ਮਹਾਂਸਭਾ ਅਤੇ ਆਜ਼ਾਦੀ ਤੋਂ ਬਾਅਦ ਜਨ ਸੰਘ, ਰਾਮ ਰਾਜ ਪ੍ਰੀਸ਼ਦ ਅਤੇ ਸੁਤੰਤਰ ਪਾਰਟੀ ਨੇ ਰਾਜਿਆਂ ਨੂੰ ਰਾਜਨੀਤਿਕ ਹਮਾਇਤ ਦਿੱਤੀ।

ਖ਼ਾਸਕਰ ਸੰਘ ਨੇ ਬ੍ਰਿਟਿਸ਼ ਸ਼ਾਸਨ ਵਿਚ ਅਧਿਕਾਰ ਰਾਜਿਆਂ ਅਤੇ ਜਾਗੀਰਦਾਰਾਂ ਦੀ ਕਾਂਗਰਸ ਦੁਆਰਾ ਬਣਾਈ ਸੰਵਿਧਾਨਕ ਵਿਵਸਥਾ ਨੂੰ ਸਵੀਕਾਰ ਨਾ ਕਰਨ ਦੀ ਜਿਦ ਅਤੇ ਰਾਜਾਸ਼ਾਹੀ ਸੰਮਤੀ ਅਧਿਕਾਰ ਨੇ ਠਾਕੁਰਾਂ ਨੂੰ ਕਮਜ਼ੋਰ ਕੀਤਾ। ਇਸ ਮੌਕੇ ਦਾ ਲਾਭ ਬ੍ਰਾਹਮਣਾਂ ਨੂੰ ਮਿਲਿਆ। ਬ੍ਰਾਹਮਣ ਜੋ ਯੂਨੀਵਰਸਿਟੀਆਂ ਵਿਚ ਪੜੇ ਹਨ ਨੇ ਦੇਸ਼ ਦੇ ਸਾਰੇ ਅਦਾਰਿਆਂ ਅਤੇ ਪ੍ਰਸ਼ਾਸਨ ਵਿਚ ਉੱਚ ਅਹੁਦੇ ਪ੍ਰਾਪਤ ਕੀਤੇ ।

**ਬਾਕੀ ਸਫ਼ਾ 15 'ਤੇ**

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

14 ਅਕਤੂਬਰ 2020 ਤੋਂ 20 ਅਕਤੂਬਰ 2020

# ਸੰਸਾਰ ਭੋਜਨ ਦਿਹਾੜਾ - ਭੋਜਨ ਸਮੱਸਿਆ ਅਤੇ ਭੋਜਨ ਪੈਦਾ ਕਰਨ ਵਾਲੇ ਦੀ ਸਥਿਤੀ

16 ਅਕਤੂਬਰ ਨੂੰ ਦੁਨੀਆਂ ਭਰ ਵਿੱਚ 'ਸੰਸਾਰ ਭੋਜਨ ਦਿਹਾੜਾ' ਮਨਾਇਆ ਜਾਣਾ ਹੈ ਜਿਸਨੂੰ ਅੰਗਰੇਜ਼ੀ ਵਿੱਚ 'ਵਰਲਡ ਫੂਡ ਡੇਅ' ਕਿਹਾ ਜਾਂਦਾ ਹੈ। 16 ਅਕਤੂਬਰ 1945 ਵਿੱਚ ਸੰਯੁਕਤ ਰਾਸ਼ਟਰ ਦੀ 'ਫੂਡ ਐਂਡ ਐਗਰੀਕਲਚਰ ਔਰਗਨਾਈਜ਼ੇਸ਼ਨ' ਦੀ ਸਥਾਪਨਾ ਤਰੀਕ ਦੇ ਸਨਮਾਨ ਵਿੱਚ ਇਹ ਦਿਹਾੜਾ ਹਰ ਸਾਲ ਮਨਾਇਆ ਜਾਂਦਾ ਹੈ। 'ਫੂਡ ਐਂਡ ਐਗਰੀਕਲਚਰ ਔਰਗਨਾਈਜ਼ੇਸ਼ਨ' ਇਕ ਉਹ ਏਜੰਸੀ ਹੈ ਜੋ ਭੁੱਖਮਰੀ ਉੱਤੇ ਕਾਬੂ ਪਾਉਣ ਅਤੇ ਭੋਜਨ ਸੁਰੱਖਿਆ ਵਿੱਚ ਸੁਧਾਰ ਲਿਆਉਣ ਲਈ ਅੰਤਰਰਾਸ਼ਟਰੀ ਯਤਨਾਂ ਦੀ ਅਗਵਾਈ ਕਰਦੀ ਹੈ। ਸੰਸਾਰ ਭੋਜਨ ਦਿਹਾੜੇ ਦੇ ਬਹੁਤੇ ਥੀਮ ਖੇਤੀਬਾੜੀ ਦੇ ਆਲੇ ਦੁਆਲੇ ਹੀ ਘੁੱਮਦੇ ਹਨ, ਕਿਓਂਕਿ ਭੋਜਨ ਦੀ ਪੈਦਾਵਾਰ ਇਥੋਂ ਹੀ ਹੋਣੀ ਹੈ ਤੇ ਭੋਜਨ ਦੇਣ ਵਾਲਾ ਵਰਗ ਵੀ ਕਿਸਾਨ ਹੀ ਹੈ। ਪਰ ਆਖਿਰ ਇਹ ਦਿਹਾੜਾ ਮਨਾਉਣ ਦੀ ਲੋੜ ਕਿਓਂ ਪਈ ?, ਭੋਜਨ ਪੈਦਾ ਕਰਨ ਵਾਲੇ ਵਰਗ ਦੀ ਇਸ ਸਭ ਵਿੱਚ ਕੀ ਥਾਂ ਬਣਦੀ ਹੈ ? ਅਤੇ ਕੀ ਓਹਨੂੰ ਓਹਦੀ ਬਣਦੀ ਥਾਂ ਇੰਡੀਆ ਜਾ ਖਾਸਕਰ ਪੰਜਾਬ ਵਿੱਚ ਮਿਲ ਰਹੀ ਹੈ ? ਇਸ ਦਿਹਾੜੇ ਨੂੰ ਮਨਾਉਣ ਦੇ ਨਾਲ ਨਾਲ ਇਸ ਤਰ੍ਹਾਂ ਦੇ ਬਹੁਤ ਸਾਰੇ ਸਵਾਲ ਹਨ ਜੋ ਇਨਸਾਫ ਦੀ ਨਜ਼ਰ ਤੋਂ ਜਵਾਬ ਮੰਗਦੇ ਹਨ ਅਤੇ ਜਵਾਬ ਨਾਲ ਅਗਲੇਰਾ ਅਮਲ ਵੀ, ਜਿਹੜਾ ਇਹ ਜਵਾਬ ਦੇ ਹਾਣ ਦਾ ਹੋ ਸਕੇ।

'ਸੰਸਾਰ ਭੋਜਨ ਦਿਹਾੜਾ' ਉਸ ਔਰਗਨਾਈਜ਼ੇਸ਼ਨ ਦੀ ਸਥਾਪਨਾ ਤਰੀਕ ਦੇ ਸਨਮਾਨ ਵਿੱਚ ਮਨਾਇਆ ਜਾ ਰਿਹਾ ਹੈ ਜੋ ਭੁੱਖਮਰੀ ਅਤੇ ਭੋਜਨ ਸੁਰੱਖਿਆ ਲਈ ਕੰਮ ਕਰ ਰਹੀ ਹੈ। ਇਸ ਦਾ ਮਤਲਬ ਸੰਸਾਰ ਦੇ ਵਿਚ ਭੋਜਨ ਵੀ ਇਕ ਸਮੱਸਿਆ ਹੈ ਜਿਸ ਨਾਲ ਨਜਿੱਠਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਅਸੀਂ ਜਾਣਦੇ ਹਾਂ ਕਿ ਜਿਵੇਂ ਮਾਂ ਬੋਲੀ ਦਿਹਾੜਾ ਮਨਾਇਆ ਗਿਆ, ਜਿਵੇਂ ਮਾਤਾ, ਪਿਤਾ ਦਿਵਸ (ਮਦਰ, ਫਾਦਰ ਡੇਅ) ਮਨਾਇਆ ਗਿਆ ਜਾ ਇਸ ਤਰ੍ਹਾਂ ਦੇ ਹੋਰ ਵੀ ਦਿਹਾੜੇ ਮਨਾਏ ਗਏ ਜਾ ਮਨਾਏ ਜਾਂਦੇ ਹਨ ਓਹਦਾ ਮਤਲਬ ਇਹੀ ਹੈ ਕਿ ਦੁਨੀਆਂ ਵਿਚ ਜਿਹੜੀ ਚੀਜ਼ ਦੀ ਬੇਕਦਰੀ ਹੋਈ ਜਾ ਜਿਹੜੀਆਂ ਚੀਜ਼ਾਂ ਖਤਮ ਹੋ ਰਹੀਆਂ ਨੇ ਓਹਨਾ ਦੇ ਬਚਾਅ ਖਾਤਰ, ਓਹਨਾ ਦੀ ਰਾਖੀ ਖਾਤਰ ਇਹੋ ਜਿਹੇ ਦਿਹਾੜੇ ਮਨਾਏ ਜਾਂਦੇ ਹਨ। ਇਸੇ ਕਰਕੇ ਹੀ ਭੋਜਨ ਦਿਹਾੜਾ ਮਨਾਇਆ ਜਾ ਰਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਸੰਸਾਰ ਭੋਜਨ ਦੀ ਸਮੱਸਿਆ ਦਾ ਸਾਹਮਣਾ ਕਰੇਗਾ ਜਾ ਕਰਨਾ ਪੈ ਸਕਦਾ ਹੈ। ਅਸੀਂ ਜਾਣਦੇ ਹਾਂ ਕਿ ਤਕਨੀਕ ਨਾਲ ਦਿਨ ਪਰ ਦਿਨ ਹੱਥੀਂ ਕਰਨ ਵਾਲੇ ਕੰਮਾਂ ਦਾ ਮਸ਼ੀਨੀਕਰਨ ਹੋ ਰਿਹਾ ਹੈ ਅਤੇ ਇਸ ਮਸ਼ੀਨੀਕਰਨ ਕਰਕੇ ਜਿਹੜਾ ਵਰਗ ਨੌਕਰੀਆਂ ਤੋਂ ਵਿਹਲਾ ਹੋਣਾ ਹੈ ਉਹਨਾਂ ਨੂੰ ਭੋਜਨ ਦੀ ਲੋੜ ਤਾਂ ਹਮੇਸ਼ਾ ਰਹਿਣੀ ਹੀ ਹੈ ਕਿਓਂਕਿ ਤਕਨੀਕ ਕੰਮ ਕਰਨ ਲਈ ਆਪਣੀਆਂ ਮਸ਼ੀਨਾਂ ਤਾ ਲਿਆ ਸਕਦੀ ਹੈ ਪਰ ਭੋਜਨ ਨਹੀਂ ਪੈਦਾ ਕਰ ਸਕਦੀ। ਭੋਜਨ ਸੁੱਟਣ ਦੀ ਸਮੱਸਿਆ ਨੂੰ ਵੀ ਲਗਾਤਾਰ ਸੰਬੋਧਨ ਹੋਇਆ ਜਾ ਰਿਹਾ ਹੈ ਜੋ ਹੋਣਾ ਵੀ ਚਾਹੀਦਾ ਹੈ ਪਰ ਅਹਿਮ ਗੱਲ ਇਹ ਹੈ ਕਿ ਇਹ ਕਦਰ ਉਸ ਡਰ ਚੋਂ ਹੋ ਰਹੀ ਹੈ ਜੋ ਭਵਿੱਖ ਵਿੱਚ ਖੜਾ ਦਿਖਾਈ ਦੇ ਰਿਹਾ ਹੈ ਪਰ ਲੰਗਰ ਦੀ ਮਰਿਆਦਾ ਰਾਹੀਂ ਇਹ ਕਦਰ ਉਦੋਂ ਹੀ ਕਰਨ ਦੀ ਜਾਂਚ ਦੇ ਦਿੱਤੀ ਗਈ ਸੀ ਜਦੋਂ ਇਸ ਤਰ੍ਹਾਂ ਦਾ ਕੋਈ ਡਰ ਮੌਜੂਦ ਹੀ ਨਹੀਂ ਸੀ ਭਾਵ ਭੋਜਨ ਦੀ ਕਦਰ ਸਿਰਫ ਉਸ ਡਰ ਚੋਂ ਕਰਨਾ ਕਿ ਇਹ ਭਵਿੱਖ ਵਿੱਚ ਸੰਕਟ ਬਣ ਸਕਦਾ ਹੈ, ਕਾਫੀ ਨਹੀਂ ਹੈ। ਸਗੋਂ ਇਹ ਵੀ ਇਕ ਕਾਰਨ ਹੈ ਜਿਸ ਕਰਕੇ ਭੋਜਨ ਅਤੇ ਭੋਜਨ ਪੈਦਾ ਕਰਨ ਵਾਲੇ ਨੂੰ ਸਹੀ ਥਾਂ ਖਲੋ ਕੇ ਨਹੀਂ ਵੇਖਿਆ ਜਾ ਰਿਹਾ।

ਭੋਜਨ ਦੇਣ ਵਾਲਾ ਵਰਗ ਕਿਸਾਨ ਵਰਗ ਹੈ ਜੋ ਆਪਣੀ ਦਿਨ ਰਾਤ ਦੀ ਮਿਹਨਤ ਨਾਲ ਦੁਨੀਆਂ ਲਈ ਅਨਾਜ਼ ਉਗਾਉਂਦਾ ਹੈ। ਸੋ ਜੇਕਰ ਭੋਜਨ ਸਾਡੇ ਲਈ ਸਭ ਤੋਂ ਅਹਿਮ ਹੈ ਫਿਰ ਭੋਜਨ ਪੈਦਾ ਕਰਨ ਵਾਲੇ ਦੀ ਸਥਿਤੀ ਵੀ ਓਨੀ ਹੀ ਅਹਿਮ ਹੋਣੀ ਚਾਹੀਦੀ ਹੈ। ਜੋ ਸ਼ਾਇਦ ਇੰਡੀਆ ਵਿੱਚ ਨਹੀਂ ਹੈ, ਖਾਸਕਰ ਪੰਜਾਬ ਵਿੱਚ ਤਾਂ ਬਿਲਕੁਲ ਵੀ ਨਹੀਂ। ਭੋਜਨ ਦੇਣ ਵਾਲਾ ਪਿੱਛੇ ਕਿਓਂ ਹੈ ? ਜੇਕਰ ਭੋਜਨ ਸੁਰੱਖਿਆ ਇਕ ਅਹਿਮ ਮਸਲਾ ਹੈ ਫਿਰ ਭੋਜਨ ਪੈਦਾ ਕਰਨ ਵਾਲੇ ਦੀ ਸੁਰੱਖਿਆ ਅਹਿਮ ਮਸਲਾ ਕਿਓਂ ਨਹੀਂ ਹੈ ? ਵਾਤਾਵਰਣ ਸ਼ਾਸ਼ਤਰੀ ਵਾਰ ਵਾਰ ਭੋਜਨ ਦੀ ਖਰਾਬੀ ਜਾ ਭੋਜਨ ਬੇਕਦਰੀ ਦੀ ਗੱਲ ਨੂੰ ਬਹੁਤ ਜ਼ੋਰ ਨਾਲ ਚੁੱਕ ਰਹੇ ਨੇ ਕਿ ਇਸ ਤਰ੍ਹਾਂ ਦੁਨੀਆਂ ਉੱਪਰ ਭੋਜਨ ਦੀ ਸਮੱਸਿਆ ਬੜੇ ਵੱਡੇ ਪੱਧਰ ਤੇ ਆ ਸਕਦੀ ਹੈ ਪਰ ਦੂਜੇ ਪਾਸੇ ਜਿਹਨਾਂ ਨੇ ਭੋਜਨ ਦੇਣਾ ਓਹਨਾ ਦੀ ਕੀ ਥਾਂ ਬਣ ਰਹੀ ਹੈ ਜਾ ਬਣਾਈ ਜਾ ਰਹੀ ਹੈ, ਇਹ ਵੀ ਇਕ ਸੰਕਟ ਹੈ ਜਿਸਨੂੰ ਸੰਬੋਧਨ ਹੋਣਾ ਚਾਹੀਦਾ ਹੈ। ਕਿੰਨੇ ਹੀ ਵੱਡੇ ਵੱਡੇ ਕਾਰਪੋਰੇਟ ਮੁਲਕਾਂ ਵਿਚ ਵੀ ਕਿਸਾਨਾਂ ਦੀ ਸੁਰੱਖਿਆ ਲਈ ਬਹੁਤ ਜਿਆਦਾ ਸਬਸਿਡੀ ਹੈ ਫਿਰ ਇੰਡੀਆ ਵਰਗੇ ਮੁਲਕ ਵਿੱਚ ਜਿਹੜਾ ਕਿ ਵੱਡਾ ਕਾਰਪੋਰੇਟ ਮੁਲਕ ਵੀ ਨਹੀਂ ਹੈ, ਇਵੇਂ ਕਿਓਂ ਨਹੀਂ ਹੈ ? ਇਹਦੇ ਪਿੱਛੇ ਕੀ ਕਾਰਨ ਹਨ ?

ਪੰਜਾਬ ਵਿੱਚ ਕਿਸਾਨ ਲਗਾਤਾਰ ਪਤਲੀ ਅਤੇ ਸੰਕਟ ਦੀ ਹਾਲਤ ਵਿੱਚ ਜਾ ਰਿਹਾ ਹੈ, ਇਸ ਦੇ ਬਾਵਜ਼ੂਦ ਉਸ ਦੇ ਭਵਿੱਖ ਦਾ ਫੈਸਲਾ ਦਿੱਲੀ ਤਖਤ ਕਰਦਾ ਆ ਰਿਹਾ ਹੈ ਜੋ ਆਏ ਦਿਨ ਉਸਨੂੰ ਸੜਕਾਂ ਅਤੇ ਰੇਲ ਦੀਆਂ ਪਟੜੀਆਂ ਉੱਤੇ ਕਿੰਨੇ ਕਿੰਨੇ ਦਿਨ ਬੈਠਣ ਲਈ ਮਜ਼ਬੂਰ ਕਰੀ ਰੱਖਦਾ ਹੈ। ਜਦੋਂ ਭੋਜਨ ਉਗਾਉਣ ਲਈ ਬੀਜ ਲੈਣ ਜਾਂਦਾ ਹੈ ਤਾਂ ਵੇਚਣ ਵਾਲਾ ਤੈਅ ਕਰਦਾ ਹੈ ਕਿ ਓਹਨੇ ਇਹ ਬੀਜ ਕਿਸਾਨ ਨੂੰ ਕਿਸ ਭਾਅ ਦੇਣੇ ਹਨ ਪਰ ਜਦੋਂ ਓਹਨਾ ਬੀਜਾਂ ਦੁਆਰਾ ਓਹੀ ਕਿਸਾਨ ਉਗਾਇਆ ਹੋਇਆ ਭੋਜਨ ਵੇਚਣ ਜਾਂਦਾ ਹੈ ਤਾਂ ਖਰੀਦਣ ਵਾਲਾ ਤੈਅ ਕਰਦਾ ਹੈ ਕਿ ਉਹ ਇਹ ਭੋਜਨ ਕਿਸ ਭਾਅ ਖਰੀਦੇਗਾ। ਨਾ ਤਾਂ ਕਿਸਾਨ ਇਹ ਤੈਅ ਕਰ ਸਕਦਾ ਹੈ ਕਿ ਓਹਨੇ ਆਪਣੀ ਫਸਲ ਕਿਸ ਭਾਅ ਵੇਚਣੀ ਹੈ ਅਤੇ ਨਾ ਹੀ ਇਹ ਤੈਅ ਕਰ ਸਕਦਾ ਹੈ ਕਿ ਕਿਸ ਮੁਲਕ ਨਾਲ ਵਪਾਰ ਕਰਨਾ ਹੈ। ਇਹ ਕਿਹੜਾ ਇਨਸਾਫ ਹੈ ? ਇਸ ਤਰ੍ਹਾਂ ਦੇ ਢਾਂਚਿਆਂ ਵਿੱਚ ਕਿਸ ਤਰ੍ਹਾਂ ਭੋਜਨ ਪੈਦਾ ਕਰਨ ਵਾਲੇ ਕਿਸਾਨ ਦੀ ਹਾਲਤ ਵਿੱਚ ਕੋਈ ਸੁਧਾਰ ਆ ਸਕਦਾ ਹੈ ? ਜੇਕਰ ਵਾਕਿਆ ਹੀ ਭੋਜਨ ਦੀ ਸਮੱਸਿਆ ਨੂੰ ਲੈ ਕੇ ਇਮਾਨਦਾਰੀ ਨਾਲ ਕੋਈ ਦਿਹਾੜੇ ਮਨਾਉਣੇ ਹਨ ਤਾਂ ਭੋਜਨ ਪੈਦਾ ਕਰਨ ਵਾਲੇ ਦੀਆਂ ਸਮੱਸਿਆਵਾਂ ਨੂੰ ਵੀ ਓਨੀ ਹੀ ਥਾਂ ਦੇਣੀ ਚਾਹੀਦੀ ਹੈ। ਭੋਜਨ ਸੁਰੱਖਿਆ ਜਿੰਨੀ ਅਹਿਮ ਹੈ ਓਨੀ ਹੀ ਅਹਿਮ ਭੋਜਨ ਪੈਦਾ ਕਰਨ ਵਾਲੇ ਦੀ ਸੁਰੱਖਿਆ ਵੀ ਹੈ।

# ਕਸ਼ਮੀਰ ਅਤੇ ਸਿੰਧ ਖੇਤਰਾਂ ਨੂੰ ਭੁੱਲ ਚੁੱਕੀਆਂ ਸਨ

- ਡਾ ਸੁਖਦਿਆਲ ਸਿੰਘ

ਅਫ਼ਗਾਨ ਸਾਮਰਾਜ ਦੀ ਕਬਰ 'ਤੇ ਖਾਲਸੇ ਦਾ ਰਾਜ ਉਸਾਰਿਆ ਗਿਆ ਸੀ। ਸੰਨ 1799 ਵਿੱਚ ਲਾਹੌਰ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਨੇ ਬਾਕਾਇਦਾ ਰੂਪ ਵਿੱਚ ਖ਼ਾਲਸੇ ਦੇ ਰਾਜ ਦਾ ਐਲਾਨ ਕਰ ਦਿੱਤਾ ਸੀ। ਜਿਉਂ ਜਿਉਂ ਖ਼ਾਲਸਾ ਰਾਜ ਫੈਲ ਰਿਹਾ ਸੀ ਤਿਉਂ ਤਿਉਂ ਅਫ਼ਗਾਨ ਸਾਮਰਾਜ ਸੁੰਗੜ ਰਿਹਾ ਸੀ। ਅਖ਼ੀਰ 1815-16 ਵਿੱਚ ਅਹਿਮਦ ਸ਼ਾਹ ਅਦਬਾਲੀ ਦੇ ਦੋਵੇਂ ਪੋਤਰੇ ਸ਼ਾਹ ਜ਼ਮਾਨ ਅਤੇ ਸ਼ਾਹ ਸੁਜ਼ਾ ਖ਼ਾਲਸੇ ਦੀ ਸ਼ਰਨ ਵਿੱਚ ਆ ਗਏ ਸਨ। ਸ਼ਾਹ ਜ਼ਮਾਨ ਨੂੰ 1801 ਵਿੱਚ ਤਖ਼ਤ ਤੋਂ ਲਾਹ ਕੇ ਦੋਵੇਂ ਅੱਖਾਂ ਤੋਂ ਅੰਨਾ ਕਰ ਦਿੱਤਾ ਗਿਆ ਸੀ। ਤਿੰਨ ਕੁ ਸਾਲਾਂ ਬਾਅਦ ਸ਼ਾਹ ਸੁਜ਼ਾਹ ਕਾਬਲ ਦਾ ਬਾਦਸ਼ਾਹ ਬਣ ਗਿਆ ਸੀ। ਇਹ ਸ਼ਾਹ ਜ਼ਮਾਨ ਦਾ ਛੋਟਾ ਭਰਾ ਸੀ ਪਰ 1808 ਵਿੱਚ ਇਸ ਨੂੰ ਵੀ ਤਖ਼ਤ ਤੋਂ ਲਾਹ ਦਿੱਤਾ ਗਿਆ ਸੀ। ਆਖ਼ਰ ਇਹ ਦੋਵੇਂ ਭਰਾ ਬਚਦੇ-ਬਚਾਉਂਦੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਰਨ ਵਿੱਚ ਆ ਗਏ ਸਨ। ਇਤਿਹਾਸ ਨੇ ਆਪਣਾ ਪੂਰਾ ਚੱਕਰ ਕੱਟ ਲਿਆ ਸੀ। ਤਿੰਨ ਵਾਰ ਪੰਜਾਬ ਵਿੱਚ ਹਮਲਾਵਰ ਵਜੋਂ ਆਇਆ ਸ਼ਾਹ ਜ਼ਮਾਨ 1815 ਵਿੱਚ ਪੰਜਾਬ ਵਿੱਚ ਹੀ ਸ਼ਰਨ ਲੈਣ ਲਈ ਮਜਬੂਰ ਹੋ ਗਿਆ ਸੀ। ਇਹ ਸਭ ਖ਼ਾਲਸੇ ਦੀਆਂ ਪ੍ਰਾਪਤੀਆਂ ਸਨ। ਜਿਹੜਾ ਕੋਹਿਨੂਰ ਹੀਰਾ ਸੰਨ 1739 ਵਿੱਚ ਮੁਗਲ ਬਾਦਸ਼ਾਹ ਕੋਲੋਂ ਨਾਦਰ ਸ਼ਾਹ ਖੋਹ ਕੇ ਲੈ ਗਿਆ ਸੀ ਉਹੀ ਕੋਹਿਨੂਰ ਹੀਰਾ ਅਹਿਮਦ ਸ਼ਾਹ ਅਦਬਾਲੀ ਕੋਲ ਹੁੰਦਾ ਹੋਇਆ ਪਹਿਲਾਂ ਤੈਮੂਰ ਸ਼ਾਹ, ਫਿਰ ਸ਼ਾਹ ਜ਼ਮਾਨ ਅਤੇ ਫਿਰ ਸ਼ਾਹ ਸੁਜ਼ਾਹ ਪਾਸ ਪਹੁੰਚ ਗਿਆ ਸੀ। ਜਦੋਂ ਸ਼ਾਹ ਸੁਜ਼ਾਹ ਮਹਾਰਾਜਾ ਰਣਜੀਤ ਸਿੰਘ ਦੀ ਸ਼ਰਨ ਵਿੱਚ ਆ ਗਿਆ ਤਾਂ ਕੋਹਿਨੂਰ ਹੀਰਾ ਮੁੜ ਮਹਾਰਾਜਾ ਰਣਜੀਤ ਸਿੰਘ ਪਾਸ ਪਹੁੰਚ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਵੱਲੋਂ ਸੰਨ 1799 ਵਿੱਚ ਕਾਇਮ ਰਾਜ ਸੰਨ 1839 ਤਕ ਫੈਲਦਾ ਅਤੇ ਪਰਸਦਾ ਹੋਇਆ ਕਾਬਲ-ਕੰਧਾਰ ਤਕ ਪਹੁੰਚ ਗਿਆ ਸੀ। ਪੰਜਾਬ ਅਤੇ ਹਿੰਦੁਸਤਾਨ ਦਾ ਉਹ ਖੁੱਸਿਆ ਹੋਇਆ ਵਿਸ਼ਾਲ ਖੇਤਰ, ਜਿਸ ਨੂੰ ਹਿੰਦੁਸਤਾਨੀ ਤਾਕਤਾਂ ਉੱਕਾ ਹੀ ਵਿਸਾਰ ਚੁੱਕੀਆਂ ਸਨ, ਖ਼ਾਲਸੇ ਨੇ ਫਿਰ ਤੋਂ ਅਫ਼ਗਾਨ ਸਾਮਰਾਜ ਕੋਲੋਂ ਖੋਹ ਕੇ ਵਾਪਸ ਲੈ ਲਿਆ ਸੀ। ਇਸ ਵਾਪਸ ਲਏ ਹੋਏ ਇਲਾਕੇ ਵਿੱਚ ਖ਼ਾਲਸੇ ਨੇ ਆਪਣੀ ਅਗਵਾਈ ਹੇਠ ਹਿੰਦੁਸਤਾਨੀ ਲੋਕਾਂ ਦਾ ਹੀ ਰਾਜ ਸਥਾਪਤ ਕੀਤਾ ਸੀ। ਖ਼ਾਲਸਾ ਰਾਜ ਦੀਆਂ ਪੱਛਮੀ ਹੱਦਾਂ ਸਿੰਧ ਦਰਿਆ ਤੋਂ ਵੀ ਪਰੇ ਚਲੀਆਂ ਗਈਆਂ ਸਨ। ਸੰਨ 1839 ਵਿੱਚ ਤਰੈ-ਪੱਖੀ ਸੰਧੀ ਰਾਹੀਂ ਕਾਬਲ ਦੇ ਤਖ਼ਤ 'ਤੇ ਸ਼ਾਹ ਸੁਜ਼ਾਹ ਨੂੰ ਬਿਠਾਇਆ ਗਿਆ ਸੀ। ਉਸ ਉੱਪਰ ਸ਼ਰਤ ਲਾਈ ਗਈ ਸੀ ਕਿ ਉਹ ਹਰ ਛਿਮਾਹੀ ਪੰਜਾਬ ਦੇ ਮਹਾਰਾਜੇ ਨੂੰ ਨਜ਼ਰਾਨਾ ਪੇਸ਼ ਕਰਿਆ ਕਰੇਗਾ ਅਤੇ ਕਾਬਲ ਵਿੱਚ ਪਈ ਹਰ ਚੀਜ਼ ਵਾਪਸ ਲਾਹੌਰ ਭੇਜੇਗਾ ਜਿਹੜੀ ਕਦੇ ਹਿੰਦੁਸਤਾਨ ਵਿੱਚੋਂ ਲੁੱਟ ਕੇ ਲਿਆਂਦੀ ਗਈ ਸੀ। ਇਸੇ ਸ਼ਰਤ ਅਧੀਨ ਕਾਬਲ ਤੋਂ ਸੋਮਨਾਥ ਮੰਦਰ ਦੇ ਦਰਵਾਜ਼ੇ ਮੋੜੇ ਗਏ ਸਨ। ਇਹ ਚਾਂਦੀ ਦੇ ਦਰਵਾਜ਼ੇ ਸਨ। ਭਾਵੇਂ ਬਾਕੀ ਵਾਪਸ ਲਿਆਂਦੀਆਂ ਗਈਆਂ ਚੀਜ਼ਾਂ-ਵਸਤਾਂ ਦੀ ਅੱਜ ਸਾਨੂੰ ਪੂਰੀ ਜਾਣਕਾਰੀ ਨਹੀਂ ਮਿਲਦੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਦੀ ਡਿਊਟੀ ਲਗਾ ਦਿੱਤੀ ਸੀ ਕਿ ਉਹ ਸ਼ਾਹ ਸੁਜ਼ਾਹ ਦੇ ਸਹਿਯੋਗ ਨਾਲ ਕਾਬਲ ਦੇ ਖਜ਼ਾਨੇ ਵਿੱਚ ਪਈਆਂ ਉਨਾਂ ਸਾਰੀਆਂ ਵਸਤਾਂ ਦੀ ਸੂਚੀ ਤਿਆਰ ਕਰੇ ਜਿਹੜੀਆਂ ਹਿੰਦੁਸਤਾਨ ਵਿੱਚੋਂ ਲੁੱਟ ਕੇ ਲਿਜਾਈਆਂ ਗਈਆਂ ਸਨ। ਇਨਾਂ ਵਸਤਾਂ ਬਾਰੇ ਰਿਕਾਰਡ ਸੰਭਾਲੇ ਨਹੀਂ ਜਾ ਸਕੇ ਕਿਉਂਕਿ 1839 ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਸੀ। ਮਹਾਰਾਜੇ ਦੀ ਮੌਤ ਨਾਲ ਲਾਹੌਰ ਵਿੱਚ ਗੜਬੜੀ ਫੈਲ ਗਈ ਸੀ।

ਕੰਵਰ ਨੌਨਿਹਾਲ ਸਿੰਘ ਸ਼ਾਹ ਸੁਜ਼ਾਹ ਨੂੰ ਕਾਬਲ ਦੇ ਤਖ਼ਤ ਉਪਰ ਬਿਠਾਉਣ ਲਈ ਗਈ ਫ਼ੌਜ ਦਾ ਸੈਨਾਪਤੀ ਸੀ। ਕਾਬਲ ਵਿਖੇ ਸਾਰਾ ਕੰਮ ਬੜੇ ਯੋਜਨਾਬੱਧ ਤਰੀਕੇ ਨਾਲ ਹੋ ਰਿਹਾ ਸੀ ਕਿ ਪਿੱਛੇ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਏ। ਮਹਾਰਾਜੇ ਦੇ ਅਕਾਲ ਚਲਾਣੇ ਨਾਲ ਸਾਰੀ ਯੋਜਨਾ ਹੀ ਠੁੱਸ ਹੋ ਗਈ ਸੀ। ਕੰਵਰ ਨੌਨਿਹਾਲ ਸਿੰਘ ਨੂੰ ਕਾਬਲ ਤੋਂ ਲਾਹੌਰ ਵਾਪਸ ਆਉਣਾ ਪਿਆ ਸੀ। ਉਹ ਵਸਤਾਂ ਤਾਂ ਵਾਪਸ ਮੰਗਵਾਉਣ ਦਾ ਇੰਤਜ਼ਾਮ ਕਰ ਲਿਆ ਗਿਆ ਸੀ ਪਰ ਬਾਅਦ ਵਿੱਚ ਇਨਾਂ ਨੂੰ ਸੰਭਾਲਿਆ ਨਹੀਂ ਜਾ ਸਕਿਆ ਸੀ। ਕੁਝ ਗੱਲਾਂ ਤਾਂ ਤਰੈ-ਪੱਖੀ ਸੰਧੀ (1839) ਵਿੱਚ ਹੀ ਲਿਖ ਕੇ ਪੂਰੀਆਂ ਕਰ ਲਈਆਂ ਸਨ ਪਰ ਕੁਝ ਗੱਲਾਂ ਲਿਖਤ ਵਿੱਚ ਨਹੀਂ ਆ ਸਕਦੀਆਂ ਸਨ। ਕੁਝ ਗੱਲਾਂ ਐਸੀਆਂ ਹੁੰਦੀਆਂ ਹਨ ਜਿਨਾਂ ਨੂੰ ਤਕੜਾ ਜਰਨੈਲ ਜਾਂ ਤਕੜੀ ਧਿਰ ਆਪਣੇ-ਆਪ ਹੀ ਕਰਵਾ ਲੈਂਦੀ ਹੈ। ਭਾਵ ਇਹ ਹੈ ਕਿ ਖ਼ਾਲਸੇ ਨੇ ਹਿੰਦੁਸਤਾਨ ਨਾਲੋਂ ਖੋਹੇ ਗਏ ਇਲਾਕੇ ਦੇ ਨਾਲ-ਨਾਲ ਉਹ ਵਸਤਾਂ ਵੀ ਵਾਪਸ ਲੈ ਲਈਆਂ ਸਨ ਜਿਨਾਂ ਨੂੰ ਹਮਲਾਵਰ ਹਿੰਦੁਸਤਾਨ ਵਿੱਚੋਂ ਲੁੱਟ ਕੇ ਬਾਹਰ ਲੈ ਗਏ ਸਨ। ਇਨਾਂ ਵਿੱਚ ਕੋਹਿਨੂਰ ਹੀਰਾ ਅਤੇ ਸੋਮਨਾਥ ਦੇ ਦਰਵਾਜ਼ੇ ਪ੍ਰਮੁੱਖ ਸਨ। ਕੰਵਰ ਨੌਨਿਹਾਲ ਸਿੰਘ ਨੂੰ ਸਿਰਫ਼ ਅੱਠ-ਨੌਂ ਮਹੀਨੇ ਖ਼ਾਲਸਾ ਦਰਬਾਰ ਵਿੱਚ ਹਕੂਮਤ ਕਰਨ ਦਾ ਮੌਕਾ ਮਿਲਿਆ ਸੀ ਕਿਉਂਕਿ ਕੰਵਰ ਨੌਨਿਹਾਲ ਸਿੰਘ, ਮਹਾਰਾਜਾ ਖੜਕ ਸਿੰਘ ਦੇ ਹੁੰਦਿਆਂ ਹੀ ਖ਼ਾਲਸਾ ਦਰਬਾਰ ਦੇ ਰੀਜੈਂਟ ਬਣ ਗਏ ਸਨ। ਕੰਵਰ ਨੇ ਆਪਣੇ ਅੱਠ-ਨੌਂ ਮਹੀਨਿਆਂ ਦੇ ਸ਼ਾਸਨ ਦੌਰਾਨ ਹੀ ਏਸ਼ੀਆ ਨੂੰ ਫਤਿਹ ਕਰਨ ਦੇ ਮਨਸੂਬੇ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਉਸ ਦੀ ਸੋਚ ਵਿੱਚ ਹਿੰਦੁਸਤਾਨ ਦਾ ਤਖ਼ਤ 'ਤਖ਼ਤ-ਏ-ਤਾਊਸ' ਵੀ ਸਮਾਇਆ ਹੋਇਆ ਸੀ ਜਿਸ ਨੂੰ ਨਾਦਰ ਸ਼ਾਹ ਆਪਣੇ ਨਾਲ ਇਰਾਨ ਲੈ ਗਿਆ ਸੀ। ਕੰਵਰ ਨੌਨਿਹਾਲ ਸਿੰਘ ਨੇ ਕਾਬਲ ਮੁਹਿੰਮ ਤੋਂ ਪ੍ਰੇਰਨਾ ਲੈ ਕੇ ਇਰਾਨ ਵਿੱਚ ਵੀ ਮੁਹਿੰਮ ਲਿਜਾਣ ਦਾ ਮਨ ਬਣਾ ਲਿਆ ਸੀ ਤਾਂ ਕਿ ਹਿੰਦੁਸਤਾਨ ਦੇ ਤਖ਼ਤ 'ਤਖ਼ਤ-ਏ-ਤਾਊਸ' ਨੂੰ ਵੀ ਵਾਪਸ ਲਿਆਂਦਾ ਜਾਵੇ ਪਰ ਉਮਰ ਨੇ ਵਫ਼ਾ ਨਹੀਂ ਕੀਤੀ। ਛੇਤੀ ਹੀ ਕੰਵਰ ਦੀ ਇੱਕ ਹਾਦਸੇ ਵਿੱਚ ਮੌਤ ਹੋ ਗਈ ਸੀ।

ਖ਼ਾਲਸਾ ਰਾਜ ਆਪਣੇ-ਆਪ ਵਿੱਚ ਇੱਕ ਕਰਿਸ਼ਮਾ ਸੀ। ਸਾਰੇ ਖ਼ਾਲਸਾ ਰਾਜ, ਜਿਸ ਦੀਆਂ ਹੱਦਾਂ ਸਤਲੁਜ ਤੋਂ ਲੈ ਕੇ ਸਿੰਧ ਤੋਂ ਪਰੇ ਕਾਬਲ-ਕੰਧਾਰ ਨਾਲ ਜਾ ਲੱਗੀਆਂ ਸਨ ਤੇ ਜਿਸ ਵਿੱਚ ਕਸ਼ਮੀਰ, ਲੱਦਾਖ, ਤਿੱਬਤ ਦਾ ਵੀ ਇਲਾਕਾ ਸੀ, ਸਿੱਖਾਂ ਦੀ ਗਿਣਤੀ ਮਸਾਂ-ਮਸਾਂ ਦਸ ਫ਼ੀਸਦੀ ਹੀ ਸੀ। ਫਿਰ ਵੀ ਸਿੱਖਾਂ ਨੇ ਹੋਰਾਂ ਨੂੰ ਇਹ ਅਹਿਸਾਸ ਨਹੀਂ ਸੀ ਹੋਣ ਦਿੱਤਾ ਕਿ ਖ਼ਾਲਸਾ ਰਾਜ ਇੱਕ ਫਿਰਕੇ ਦਾ ਰਾਜ ਹੈ। ਖ਼ਾਲਸਾ ਰਾਜ ਨੂੰ ਸਾਰੇ ਆਪਣਾ ਹੀ ਰਾਜ ਸਮਝਦੇ ਸਨ। ਅਸਲ ਵਿੱਚ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬੀ ਕੌਮ ਹੋਣ ਦਾ ਅਹਿਸਾਸ ਭਰਿਆ ਗਿਆ ਸੀ। ਇਹ ਖ਼ਾਲਸਾ ਰਾਜ ਦੀ ਵੱਡੀ ਪ੍ਰਾਪਤੀ ਸੀ।

ਕੁਝ ਕਾਰਨਾਂ ਕਰਕੇ ਸੰਨ 1849 ਵਿੱਚ ਖ਼ਾਲਸਾ ਰਾਜ ਖ਼ਤਮ ਹੋ ਗਿਆ ਸੀ। ਇਹ ਬਹੁਤ ਵੱਡਾ ਦੁਖਾਂਤ ਸੀ। ਜੋ ਪੰਜਾਬ 1947 ਤਕ ਬਣਿਆ ਰਿਹਾ ਸੀ, ਉਸ ਵਿੱਚੋਂ ਅੰਗਰੇਜ਼ਾਂ ਨੇ ਕਈ ਸੂਬੇ (ਜਿਵੇਂ ਕਿ ਜੰਮੂ-ਕਸ਼ਮੀਰ ਅਤੇ ਉੱਤਰ-ਪੱਛਮੀ ਸਰਹੱਦੀ ਸੂਬੇ) ਅਲੱਗ ਕਰ ਦਿੱਤੇ ਸਨ, ਫਿਰ ਵੀ ਉਹ ਬਹੁਤ ਵੱਡਾ ਸੀ। ਇਹ ਪੰਜਾਬ ਵੀ ਜਮਨਾ ਤੋਂ ਲੈ ਕੇ ਸਿੰਧ ਦਰਿਆ ਤਕ ਦਾ ਸੀ। ਇਹ ਖ਼ਾਲਸੇ ਦੀ ਹੀ ਦੇਣ ਸੀ। ਇੰਨੇ ਵੱਡੇ ਪੰਜਾਬ ਨੂੰ ਪਹਿਲਾਂ ਹਿੰਦੁਸਤਾਨ ਦੀ ਕੋਈ ਵੀ ਤਾਕਤ ਕਾਇਮ ਨਹੀਂ ਕਰ ਸਕੀ ਸੀ। ਸੰਨ 1849 ਤੋਂ ਬਾਅਦ ਸਿੱਖਾਂ ਦੀ ਤਾਕਤ ਖ਼ਤਮ ਹੋ ਗਈ ਸੀ। ਇਸ ਲਈ ਹੁਣ ਉਹ ਪੰਜਾਬ ਨੂੰ ਬਣਾ ਕੇ ਰੱਖਣ ਵਿੱਚ ਜ਼ਿੰਮੇਵਾਰ ਧਿਰ ਨਹੀਂ ਸਨ ਕਿਉਂਕਿ ਉਹ ਪੰਜਾਬ ਦੀ ਕੁੱਲ ਆਬਾਦੀ ਵਿੱਚ ਮਸਾਂ-ਮਸਾਂ ਪੰਦਰਾਂ ਕੁ ਫ਼ੀਸਦੀ ਹੀ ਸਨ। ਜਦੋਂ ਤਕ ਖ਼ਾਲਸੇ ਦੀ ਜ਼ਿੰਮੇਵਾਰੀ ਸੀ ਖ਼ਾਲਸੇ ਨੇ ਇਸ ਨੂੰ ਪੂਰਾ ਕਰਕੇ ਦਿਖਾ ਦਿੱਤਾ ਸੀ। ਖ਼ਾਲਸੇ ਦੀ ਅਗਵਾਈ ਹੇਠ ਪੰਜਾਬ ਅਤਿ ਵਿਸ਼ਾਲ ਮੁਲਕ ਦੇ ਰੂਪ ਵਿੱਚ ਵਿਸ਼ਵ ਦੇ ਨਕਸ਼ੇ 'ਤੇ ਉੱਭਰ ਆਇਆ ਸੀ। ਪੰਜਾਬ ਵਿਸ਼ਵ ਪੱਧਰ 'ਤੇ ਸਭ ਤੋਂ ਪਹਿਲਾਂ ਹੜੱਪਾ ਸੱਭਿਅਤਾ ਅਤੇ ਦੂਜੀ ਵਾਰ ਪੋਰਸ ਸਮੇਂ ਉਭਰਿਆ ਸੀ। ਤੀਜਾ ਸਮਾਂ ਖ਼ਾਲਸੇ ਦਾ ਸਮਾਂ ਸੀ ਜਦੋਂ ਪੰਜਾਬ ਅੰਤਰਰਾਸ਼ਟਰੀ ਪੱਧਰ 'ਤੇ ਉਭਰਿਆ ਸੀ। ਇਹ ਪੂਰੀ ਇੱਕ ਸਦੀ ਦਾ ਸਮਾਂ ਸੀ। ਦਲ ਖ਼ਾਲਸਾ ਸੰਨ 1748 ਵਿੱਚ ਬਣਿਆ ਸੀ ਅਤੇ ਇਸ ਨੇ ਉਸੇ ਸਮੇਂ ਤੋਂ ਹੀ ਸੁਤੰਤਰ ਪੰਜਾਬ ਦਾ ਐਲਾਨ ਕਰ ਦਿੱਤਾ ਸੀ। ਸੰਨ 1849 ਵਿੱਚ ਖ਼ਾਲਸੇ ਦਾ ਰਾਜ ਖ਼ਤਮ ਕਰ ਦਿੱਤਾ ਗਿਆ ਸੀ। ਪੰਜਾਬ ਦੀ ਇਸ ਇੱਕ ਸਦੀ ਦੀਆਂ ਪ੍ਰਾਪਤੀਆਂ ਨੇ ਰਿਕਾਰਡ ਤੋੜ ਦਿੱਤੇ ਸਨ। ਸੰਨ 1947 ਤਕ ਪੰਜਾਬੀ ਲੋਕ ਇਨਾਂ ਪ੍ਰਾਪਤੀਆਂ ਦੇ ਸਿਰ 'ਤੇ ਹੀ ਜਿਉਂਦੇ ਆ ਰਹੇ ਸਨ। ਸੰਨ 1947 ਦੀ ਸਾਰੀ ਲੜਾਈ ਕਾਂਗਰਸ ਅਤੇ ਮੁਸਲਿਮ ਲੀਗ ਨੇ ਲੜੀ ਸੀ। ਕਾਂਗਰਸ ਭਾਵੇਂ ਬਾਹਰੀ ਸਰੂਪ ਵਿੱਚ ਧਰਮ ਨਿਰਪੱਖ ਪਾਰਟੀ ਸੀ ਪਰ ਅਸਲ ਵਿੱਚ ਅਜਿਹਾ ਨਹੀਂ ਸੀ। ਮੁਸਲਿਮ ਲੀਗ ਤਾਂ ਪੂਰੇ ਰੂਪ ਵਿੱਚ ਹੀ ਫਿਰਕੂ ਪਾਰਟੀ ਸੀ। ਸਿੱਟੇ ਵਜੋਂ ਸੰਨ 1947 ਵਿੱਚ ਪੰਜਾਬ ਨੂੰ ਬੁਰੀ ਤਰਾਂ ਫਿਰਕਾਪ੍ਰਸਤੀ ਵਿੱਚ ਵੰਡ ਦਿੱਤਾ ਗਿਆ ਸੀ। ਹਿੰਦੂ-ਸਿੱਖ, ਮੁਸਲਮਾਨਾਂ ਦੇ ਹਤਿਆਰੇ ਬਣ ਗਏ ਸਨ ਅਤੇ ਮੁਸਲਮਾਨ, ਹਿੰਦੂ-ਸਿੱਖਾਂ ਦੇ। ਇਸ ਲੋਕਤੰਤਰੀ ਸਿਧਾਂਤ ਅੱਗੇ ਸਿੱਖ ਸਿਰਫ਼ ਫ਼ੀਸਦੀਆਂ ਦੇ ਚੱਕਰ ਵਿੱਚ ਹੀ ਉਲਝ ਕੇ ਰਹਿ ਗਏ ਸਨ। ਪੰਜਾਬ ਵੰਡਿਆ ਗਿਆ ਸੀ, ਇਸ ਦੇ ਲੋਕ ਵੰਡੇ ਗਏ ਸਨ ਅਤੇ ਪੰਜ ਦਰਿਆਵਾਂ ਵਿੱਚ ਪਾਣੀ ਦੀ ਥਾਂ ਬੇਦੋਸ਼ਿਆਂ ਦਾ ਖ਼ੂਨ ਵਹਿ ਰਿਹਾ ਸੀ। ਪੰਜਾਬ ਨੂੰ ਵੰਡਣ ਵਾਲੇ 14-15 ਅਗਸਤ 1947 ਨੂੰ ਆਪੋ-ਆਪਣੀਆਂ ਰਾਜਧਾਨੀਆਂ (ਦਿੱਲੀ ਅਤੇ ਰਾਵਲਪਿੰਡੀ) ਵਿੱਚੋਂ ਰੋਸ਼ਨੀਆਂ ਕਰ ਰਹੇ ਸਨ, ਖੁਸ਼ੀਆਂ ਮਨਾ ਰਹੇ ਸਨ ਪਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਝੰਡਾਬਰਦਾਰ ਵਾਹਗੇ ਦੀ ਸਰਹੱਦ 'ਤੇ ਖੜੇ ਕਦੇ ਦਿੱਲੀ ਦੀਆਂ ਰੋਸ਼ਨੀਆਂ ਵੱਲ ਦੇਖ ਰਹੇ ਸਨ ਤੇ ਕਦੇ ਰਾਵਲਪਿੰਡੀ ਦੀਆਂ ਰੋਸ਼ਨੀਆਂ ਵੱਲ।

ਪੰਜਾਬ ਵੰਡਿਆ ਗਿਆ ਸੀ। ਅੱਧੇ ਤੋਂ ਵੀ ਜ਼ਿਆਦਾ ਪੰਜਾਬ ਪਾਕਿਸਤਾਨ ਨੂੰ ਮਿਲ ਗਿਆ ਸੀ। ਗ਼ੈਰ-ਪੰਜਾਬੀ ਖੇਤਰਾਂ ਦਾ ਪੰਜਾਬ ਵਿੱਚ ਰਲੇਵਾਂ ਹੀ ਆਪਣੇ-ਆਪ ਵਿੱਚ ਇੱਕ ਦੁਖਾਂਤਕ ਕਾਂਡ ਸਮੋਈ ਬੈਠਾ ਸੀ। ਸੰਨ 1858 ਵਿੱਚ ਜਦੋਂ ਹਿੰਦੁਸਤਾਨ ਵਿੱਚ ਅੰਗਰੇਜ਼ਾਂ ਖ਼ਿਲਾਫ਼ ਫ਼ੌਜੀ ਵਿਦਰੋਹ ਹੋਇਆ ਸੀ ਤਾਂ ਪੰਜਾਬ ਦੀਆਂ ਰਿਆਸਤਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਸ ਵਿਦਰੋਹ ਨੂੰ ਕੁਚਲ ਦਿੱਤਾ ਗਿਆ ਸੀ। ਵਿਦਰੋਹ ਕੁਚਲਣ ਤੋਂ ਬਾਅਦ ਮਦਦਗਾਰ ਧਿਰਾਂ ਨੂੰ ਬਖਸ਼ਿਸ਼ਾਂ ਕੀਤੀਆਂ ਗਈਆਂ ਸਨ ਅਤੇ ਬਗ਼ਾਵਤ ਕਰਨ ਵਾਲੀਆਂ ਧਿਰਾਂ ਨੂੰ ਰਗੜਾ ਲਾਇਆ ਗਿਆ ਸੀ। ਵਰਤਮਾਨ ਹਰਿਆਣੇ ਦੇ ਬਾਂਗਰ ਇਲਾਕੇ ਨੂੰ ਦੱਖਣੀ ਹਰਿਆਣਾ ਕਿਹਾ ਜਾਂਦਾ ਹੈ। ਇਹ ਸਾਰਾ ਬਗ਼ਾਵਤ ਕਰਨ ਵਾਲੀਆਂ ਰਿਆਸਤਾਂ ਦਾ ਇਲਾਕਾ ਸੀ। ਇਨਾਂ ਰਿਆਸਤਾਂ ਨੂੰ ਤੋੜ ਕੇ ਪੰਜਾਬ ਦੀਆਂ ਉਨਾਂ ਰਿਆਸਤਾਂ ਨੂੰ ਦੇ ਦਿੱਤਾ ਗਿਆ ਸੀ ਜਿਨਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਹ ਸਾਰੇ ਇਲਾਕੇ ਗ਼ੈਰ-ਪੰਜਾਬੀ ਸਨ। ਨਾ ਇਨਾਂ ਦੀ ਬੋਲੀ ਅਤੇ ਨਾ ਹੀ ਸੱਭਿਆਚਾਰ ਪੰਜਾਬੀ ਸੀ। ਇਹ ਇਲਾਕੇ ਸੰਨ 1858 ਵਿੱਚ ਪੰਜਾਬ ਦੀਆਂ ਰਿਆਸਤਾਂ ਨਾਲ ਮਿਲਾਏ ਗਏ ਸਨ। ਇਉਂ ਇਹ ਪੰਜਾਬ ਦਾ ਹਿੱਸਾ ਬਣ ਗਏ ਸਨ। ਇਸ ਤਰਾਂ ਜੇ ਖਾਸ ਪੰਜਾਬ ਦੀ ਹੀ ਗੱਲ ਕਰਨੀ ਹੋਵੇ ਤਾਂ ਸੰਨ 1947 ਵਿੱਚ ਪੰਜਾਬ ਦਾ ਸਿਰਫ਼ ਤੀਜਾ ਹਿੱਸਾ ਹੀ ਭਾਰਤ ਨੂੰ ਮਿਲਿਆ ਸੀ, ਦੋ ਤਿਹਾਈ ਪੰਜਾਬ, ਪਾਕਿਸਤਾਨ ਵਿੱਚ ਰਹਿ ਗਿਆ ਸੀ। ਪਾਕਿਸਤਾਨੀ ਪੰਜਾਬ ਵਿੱਚੋਂ ਹਿੰਦੂ ਅਤੇ ਸਿੱਖ ਪੂਰੀ ਤਰਾਂ ਕੁੱਟ ਅਤੇ ਲੁੱਟ ਕੇ ਕੱਢ ਦਿੱਤੇ ਗਏ ਸਨ। ਪੰਜਾਬੀ ਬੋਲੀ ਅਤੇ ਸੱਭਿਆਚਾਰ ਪੰਜਾਬ ਵਿੱਚੋਂ ਹੀ ਗਾਇਬ ਹੋਣਾ ਸ਼ੁਰੂ ਹੋ ਗਿਆ ਸੀ। ਇਸ ਖ਼ਤਰੇ ਤੋਂ ਬਚਣ ਲਈ ਪੰਜਾਬੀ ਸੂਬੇ ਦੀ ਮੰਗ ਉਠੀ। ਪੰਜਾਬੀ ਸੂਬੇ ਦੀ ਮੰਗ ਅਨੁਸਾਰ ਪੰਜਾਬ ਵਿੱਚੋਂ ਗ਼ੈਰ-ਪੰਜਾਬੀ ਸੱਭਿਆਚਾਰ ਵਾਲੇ ਖੇਤਰ ਕੱਢਣੇ ਸਨ। ਬਾਕੀ ਦੇ ਪੰਜਾਬ ਨੂੰ ਪੰਜਾਬੀ ਬੋਲਦਾ ਅਤੇ ਪੰਜਾਬੀ ਸੱਭਿਆਚਾਰ ਵਾਲਾ ਮੰਨ ਕੇ ਪੁਨਰਗਠਿਤ ਕਰਨਾ ਸੀ। ਪੰਜਾਬੀ ਸੂਬੇ ਦੀ ਮੰਗ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਸੀ ਅਤੇ ਇਸ ਵੱਲੋਂ ਕੀਤੀ ਪੰਜਾਬੀ ਸੂਬੇ ਦੀ ਤਜਵੀਜ਼ ਮੁਤਾਬਕ ਪੰਜਾਬ ਵਿੱਚ ਇਸ ਦਾ 65 ਫ਼ੀਸਦੀ ਇਲਾਕਾ ਰਹਿਣਾ ਸੀ ਅਤੇ ਪੈਂਤੀ ਫ਼ੀਸਦੀ ਨਿਕਲ ਜਾਣਾ ਸੀ ਪਰ ਅਕਾਲੀਆਂ ਦੀ ਇਸ ਮੰਗ ਦੇ ਜਵਾਬ ਵਿੱਚ ਕੇਂਦਰੀ ਸਰਕਾਰ ਨੇ ਇਸ ਆਧਾਰ ਉੱਤੇ ਪੰਜਾਬ ਨਹੀਂ ਬਣਾਇਆ। 65 ਫ਼ੀਸਦੀ ਇਲਾਕਾ ਪੰਜਾਬ ਵਿੱਚੋਂ ਕੱਢ ਦਿੱਤਾ ਗਿਆ ਅਤੇ ਸਿਰਫ਼ 35 ਫ਼ੀਸਦੀ ਇਲਾਕਾ ਪੰਜਾਬ ਨੂੰ ਦਿੱਤਾ ਗਿਆ ਸੀ।

ਸੰਨ ਸੰਤਾਲੀ ਦੀ ਵੰਡ ਵੇਲੇ ਸਿੱਖਾਂ ਨੇ ਪੂਰੀ ਕੋਸ਼ਿਸ਼ ਕੀਤੀ ਸੀ ਕਿ ਪੰਜਾਬ ਦੀ ਵੰਡ ਨਾ ਹੋਵੇ ਪਰ ਉਹ ਘੱਟ-ਗਿਣਤੀ ਹੋਣ ਕਰਕੇ ਇਸ ਨੂੰ ਰੋਕ ਨਾ ਸਕੇ। ਕਾਂਗਰਸ ਅਤੇ ਮੁਸਲਿਮ ਲੀਗ ਨੇ ਪੰਜਾਬ ਨੂੰ ਲੀਰੋ-ਲੀਰ ਕਰ ਦਿੱਤਾ ਸੀ। 1947 ਤੋਂ ਪਿੱਛੋਂ ਵੀ ਸਿੱਖਾਂ ਨੇ ਭਾਰਤੀ ਪੰਜਾਬ ਵਿੱਚ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਕਾਇਮ ਰੱਖਣ ਦੀ ਬੜੀ ਕੋਸ਼ਿਸ਼ ਕੀਤੀ ਸੀ ਪਰ ਇਹ ਗੱਲ ਮੰਨੀ ਨਹੀਂ ਗਈ। ਆਖ਼ਰ ਪੰਜਾਬੀ ਸੂਬੇ ਦੀ ਮੰਗ ਉਠਾਈ ਗਈ। ਇਸ ਮੰਗ ਨੂੰ ਇਸ ਤਰਾਂ ਮੰਨਿਆ ਗਿਆ ਕਿ ਪੰਜਾਬ ਵਿੱਚੋਂ ਦੋ ਸੂਬਿਆਂ (ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ) ਦਾ ਖੇਤਰ ਕੱਢ ਦਿੱਤਾ ਗਿਆ, ਇਸ ਦੀ ਰਾਜਧਾਨੀ ਚੰਡੀਗੜ ਕੱਢ ਦਿੱਤੀ ਗਈ ਅਤੇ ਤਕਰੀਬਨ ਤੀਜਾ ਹਿੱਸਾ ਪੰਜਾਬੀ ਸੂਬੇ ਦੇ ਰੂਪ ਵਿੱਚ ਛੱਡ ਦਿੱਤਾ ਗਿਆ ਸੀ। ਪੰਜਾਬੀ ਸੂਬਾ ਤਾਂ ਉਹ ਖੇਤਰ ਹੈ ਜਿਹੜਾ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਬਣਾਉਣ ਤੋਂ ਬਾਅਦ ਬਚਿਆ ਹੈ।

ਜਦੋਂ ਵੀ ਪੰਜਾਬ ਵਿਸ਼ਵ ਦੇ ਨਕਸ਼ੇ 'ਤੇ ਉਭਰਿਆ, ਇਸ ਨੇ ਭਾਰਤੀ ਉਪ-ਮਹਾਂਦੀਪ ਦੀ ਰੱਖਿਆ ਹੀ ਕੀਤੀ ਸੀ। ਬਾਹਰਲੇ ਦੁਸ਼ਮਣਾਂ ਨੂੰ ਇਸ ਨੇ ਰੋਕਿਆ ਸੀ ਪਰ ਭਾਰਤ ਅਤੇ ਪਾਕਿਸਤਾਨ ਬਣਨ ਮਗਰੋਂ ਪੰਜਾਬ ਲੀਰੋ-ਲੀਰ ਹੋਇਆ ਹੈ। ਪੰਜਾਬ ਨਾਲ ਇਹ ਕਰੋਪੀ ਕਿਉਂ ਵਾਪਰੀ ਹੈ ? ਕੀ ਕਦੇ ਪੰਜਾਬ ਦਾ ਅੰਨ-ਪਾਣੀ ਖਾਣ ਵਾਲੇ ਲੋਕ ਇਸ ਬਾਰੇ ਸੋਚਣਗੇ ?

# ਕਿਸਾਨੀ ਅੰਦੋਲਨ ਵਿਚ ਜਥੇਬੰਦਕ ਏਕਤਾ ਦੀ ਘਾਟ ਪਰ ਪੰਜਾਬ ਦਾ ਹਰ ਵਰਗ ਸ਼ਾਮਲ

## ਰਵਾਇਤੀ ਲੀਡਰਸ਼ਿੱਪ ਦੀ ਸ਼ੱਕੀ ਭੂਮਿਕਾ ਅਤੇ ਯੋਗ ਲੀਡਰਸ਼ਿੱਪ ਦੀ ਅਣਹੋਂਦ ਉਭਰੀ

- ਬਘੇਲ ਸਿੰਘ ਧਾਲੀਵਾਲ
99142-58142

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਦੇ ਖਿਲਾਫ ਦੇਸ਼ ਦੇ ਕੁੱਝ ਹਿੱਸਿਆਂ ਵਿਚੋਂ ਜੋਰਦਾਰ ਵਿਰੋਧ ਸ਼ੁਰੂ ਹੋ ਗਿਆ ਹੈ। ਸਭ ਤੋਂ ਵੱਧ ਮੌਜੂਦਾ ਕਿਸਾਨ ਲਹਿਰ ਦਾ ਪ੍ਰਭਾਵ ਪੰਜਾਬ ਅਤੇ ਹਰਿਆਣੇ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਹਰਿਆਣੇ ਅੰਦਰ ਰੋਸ ਜਤਾ ਰਹੇ ਕਿਸਾਨਾਂ ਤੇ ਰਾਜ ਕਰਦੀ ਧਿਰ ਵੱਲੋਂ ਕਾਫੀ ਅੱਤਿਆਚਾਰ ਦੀਆਂ ਤਸਵੀਰਾਂ ਅਤੇ ਵੀਡੀਓ ਜਨਤਕ ਹੋਈਆਂ ਹਨ, ਇਸ ਦੇ ਬਾਵਜੂਦ ਵੀ ਕਿਸਾਨਾਂ ਦਾ ਰੋਹ ਮੱਠਾ ਨਹੀ ਪਿਆ, ਬਲਕਿ ਵੱਧ ਰਿਹਾ ਹੈ। ਪੰਜਾਬ ਅੰਦਰ ਵੀ ਕਿਸਾਨ ਦੀ ਹੋਣੀ ਨਾਲ ਜੁੜੇ ਇਨਾਂ ਮਾਰੂ ਕਾਨੂੰਨਾਂ ਦਾ ਵੱਡੀ ਪੱਧਰ ਤੇ ਵਿਰੋਧ ਹੋ ਰਿਹਾ ਹੈ।ਪੰਜਾਬ ਅੰਦਰ ਇਹ ਪਹਿਲੀ ਵਾਰ ਦੇਖਣ ਨੂੰ ਮਿਲ ਰਿਹਾ ਹੈ, ਜਦੋਂ ਕਿਸਾਨਾਂ ਦੇ ਹੱਕ ਵਿੱਚ ਹਰ ਵਰਗ ਨੇ ਹਾਅ ਦਾ ਨਾਹਰਾ ਮਾਰਿਆ ਹੈ ਅਤੇ ਪੰਜਾਬ ਦੀਆਂ ਕਿਸਾਨ ਮਜਦੂਰ ਜਥੇਬੰਦੀਆਂ ਨੇ ਇਕੱਠੇ ਹੋ ਕੇ ਕੇਂਦਰ ਦੀ ਹਕੂਮਤ ਦੇ ਖਿਲਾਫ ਆਰ ਪਾਰ ਦੀ ਲੜਾਈ ਵਿੱਢ ਦਿੱਤੀ ਹੈ। ਬੇਸ਼ੱਕ ਇਸ ਅੰਦੋਲਨ ਨੂੰ ਮੁਲਾਜ਼ਮਾਂ ਆੜਤੀਆਂ, ਦੁਕਾਨਦਾਰਾਂ, ਵਪਾਰੀਆਂ ਆਦਿ ਨੇ ਵੀ ਸਮਰੱਥਨ ਦਿੱਤਾ ਹੈ,ਪਰ ਮੁੱਖ ਰੂਪ ਵਿੱਚ ਇਸ ਅੰਦੋਲਨ ਦੀ ਅਗਵਾਈ ਕਿਸਾਨ ਤੇ ਮਜਦੂਰ ਜਥੇਬੰਦੀਆਂ ਹੀ ਕਰ ਰਹੀਆਂ ਹਨ। ਪੰਜਾਬ ਦੀਆਂ ਇਕੱਤੀ ਕਿਸਾਨ ਮਜਦੂਰ ਜਥੇਬੰਦੀਆਂ ਨੇ ਇਕੱਠੇ ਹੋ ਕੇ ਮੋਦੀ ਸਰਕਾਰ ਖਿਲਾਫ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ।ਇਸ ਖੇਤੀ ਅੰਦੋਲਨ ਦਾ ਮਾੜਾ ਪੱਖ ਇਹ ਹੈ ਕਿ ਕਿਸਾਨ ਮਜਦੂਰ ਜਥੇਬੰਦੀਆਂ ਇਹ ਭਲੀ ਭਾਂਤ ਜਾਣਦੀਆਂ ਹੋਈਆਂ ਵੀ ਕਿ ਏਕੇ ਤੋਂ ਬਗੈਰ ਜਿੱਤ ਸਕਣਾ ਸੰਭਵ ਨਹੀਂ, ਫਿਰ ਵੀ ਇਮਾਨਦਾਰੀ ਨਾਲ ਏਕਾ ਕਰਨ ਵੱਲ ਨਹੀ ਚੱਲ ਸਕੀਆਂ। ਸਾਂਝੇ ਅੰਦੋਲਨ ਵਿੱਚ ਆਪਣੀ ਆਪਣੀ ਜਥੇਬੰਦੀ ਦੇ ਝੰਡੇ ਅਤੇ ਏਜੰਡੇ ਦੀ ਕਸ਼ਮਕਸ਼ ਬਰਕਰਾਰ ਹੈ।

ਚੱਲਦੇ ਰੋਸ ਪ੍ਰਦਰਸ਼ਨਾਂ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀ ਕਿ ਕਿਸਾਨ ਜਥੇਬੰਦੀਆਂ ਆਪਣੇ ਹਿਤਾਂ ਦੀ ਲੜਾਈ ਪ੍ਰਤੀ ਕਿੰਨੀਆਂ ਕੁ ਸੁਹਿਰਦ ਹਨ। ਅਸਲ ਸਚਾਈ ਤਾਂ ਇਹ ਵੀ ਹੈ ਕਿ ਕਿਸਾਨ ਮਜ਼ਦੂਰ ਜਥੇਬੰਦੀਆਂ ਦੀ ਵਕਤੀ ਏਕਤਾ ਵੀ ਇਮਾਨਦਾਰੀ ਵਾਲੀ ਨਹੀਂ ਹੈ। ਕਿਸਾਨਾਂ ਦੀਆਂ ਦੀ ਅਗਵਾਈ ਖੱਬੇ ਪੱਖੀ ਸੋਚ ਵਾਲੇ ਆਗੂਆਂ ਦੇ ਹੱਥ ਹੋਣ ਕਰਕੇ ਉਹ ਕਿਸਾਨੀ ਨੂੰ ਸਿੱਖੀ ਤੋਂ ਅਲੱਗ ਕਰਕੇ ਦੇਖਣ ਦੀ ਬੇਸਮਝੀ ਕਰ ਰਹੇ ਹਨ, ਜਿਹੜੀ ਕਿਸਾਨੀ ਸੰਘਰਸ਼ ਦੇ ਹਿਤ ਵਿੱਚ ਨਹੀ ਹੈ, ਕਿਉਂਕਿ ਜਿਹੜਾ ਪੰਜਾਬ ਵਸਦਾ ਹੀ ਗੁਰਾਂ ਦੇ ਨਾਮ ਤੇ ਹੈ ਅਤੇ ਜਿਹੜੀ ਕਿਸਾਨੀ ਖੁਦ ਗੁਰੂ ਨਾਨਕ ਸਾਹਿਬ ਨੇ ਕੀਤੀ ਹੋਵੇ ਅਤੇ ਉਨਾਂ ਵੱਲੋਂ ਵਰੋਸਾਈ ਇਸ ਗਰੀਬ ਕਿਸਾਨੀ ਨੂੰ ਮਾਲਕੀ ਦੇ ਹੱਕ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਥਾਪੜਾ ਲੈ ਕੇ ਪਹਿਲਾ ਖਾਲਸਾ ਰਾਜ ਕਾਇਮ ਕਰਨ ਵਾਲੇ ਸਿੱਖ ਹੁਕਮਰਾਨ ਬਾਬਾ ਬੰਦਾ ਸਿੰਘ ਬਹਾਦੁਰ ਨੇ ਦਿੱਤੇ ਹੋਣ, ਉਸ ਖਿੱਤੇ ਦੀ ਕਿਸਾਨੀ ਨੂੰ ਸਿੱਖੀ ਤੋਂ ਅਲੱਗ ਕਿਵੇਂ ਕੀਤਾ ਜਾ ਸਕਦਾ ਹੈ। ਜੇਕਰ ਕਿਸਾਨ ਜਥੇਬੰਦੀਆਂ ਇਹ ਵਰਤਾਰਾ ਜਾਰੀ ਰੱਖਦੀਆਂ ਹਨ, ਤਾਂ ਪੰਜਾਬ ਦਾ ਨੌਜਵਾਨ ਵਰਗ ਕਿਸਾਨੀ ਸੰਘਰਸ਼ ਤੋਂ ਪਿੱਛੇ ਹੱਟ ਸਕਦਾ ਹੈ, ਕਿਉਂਕਿ ਨੌਜਵਾਨ ਕਿਤੋਂ ਬਾਹਰੋਂ ਨਹੀਂ ਆਏ, ਬਲਕਿ ਉਨਾਂ ਮਜਦੂਰ ਅਤੇ ਕਿਸਾਨ ਪਰਿਵਾਰਾਂ ਵਿਚੋਂ ਹਨ, ਜਿਨਾਂ ਦਾ ਸਿੱਖੀ ਨਾਲ ਸਬੰਧ ਹੋਣ ਕਰਕੇ ਲਗਾਤਾਰ ਹਕੂਮਤੀ ਧੱਕੇਸ਼ਾਹੀਆਂ ਦਾ ਸ਼ਿਕਾਰ ਹੁੰਦੇ ਆ ਰਹੇ ਹਨ।

ਪੰਜਾਬੀ ਦੇ ਗਾਇਕ ਕਲਾਕਾਰ ਅੰਦੋਲਨ ਦਾ ਹਿੱਸਾ

ਦੇਖਿਆ ਗਿਆ ਹੈ ਕਿ ਪੰਜਾਬੀ ਦੇ ਗਾਇਕ ਕਲਾਕਾਰ ਵੀ ਇਸ ਅੰਦੋਲਨ ਦਾ ਹਿੱਸਾ ਬਣ ਰਹੇ ਹਨ, ਜਿਨਾਂ ਦੇ ਪਿੱਛੇ ਬਹੁਤ ਵੱਡੀ ਗਿਣਤੀ ਉਨਾਂ ਦੇ ਨੌਜਵਾਨ ਪ੍ਰਸੰਸਕਾਂ ਦੀ ਹੈ।



ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਗਾਇਕਾਂ ਨੇ ਉਨਾਂ ਕਿਸਾਨ ਜਥੇਬੰਦੀਆਂ ਨਾਲ ਸਾਂਝਾ ਗੱਠਜੋੜ ਬਣਾ ਲਿਆ ਹੈ, ਜਿਹੜੇ ਪੰਥ ਅਤੇ ਸਿੱਖੀ ਦੀ ਗੱਲ ਕਰਨ ਵਾਲਿਆਂ ਨਾਲ ਨਫਰਤ ਕਰਦੇ ਹਨ ਤੇ ਖੁਦ ਸਿੱਖ ਹਿਤਾਂ ਦੀ ਗੱਲ ਕਰਨਾ ਵੱਡਾ ਗੁਨਾਹ ਸਮਝਦੇ ਹਨ। ਹੈਰਾਨੀ ਇਸ ਗੱਲ ਤੋਂ ਹੁੰਦੀ ਹੈ ਕਿ ਜਦੋਂ ਸਿੱਖ ਹਿਤਾਂ ਦੀ ਗੱਲ ਕਰਨ ਵਾਲੇ ਬਹੁਤ ਸਾਰੇ ਉਹ ਗਾਇਕ ਜਿਹੜੇ ਗਾਹੇ ਬ ਗਾਹੇ ਸਿੱਖਾਂ ਨਾਲ ਹੁੰਦੀਆਂ ਧੱਕੇਸ਼ਾਹੀਆਂ ਦੀ ਗੱਲ ਆਪਣੇ ਗੀਤਾਂ ਵਿੱਚ ਕਰਦੇ ਰਹਿੰਦੇ ਹਨ, ਉਨਾਂ ਕਲਾਕਾਰਾਂ ਨੇ ਅਗਵਾਈ ਪੰਜਾਬ ਦੀਆਂ ਉਨਾਂ ਕਿਸਾਨ ਜਥੇਬੰਦੀਆਂ ਦੀ ਕਬੂਲੀ ਹੈ, ਜਿਨਾਂ ਨੇ ਆਪਣੀ ਸਟੇਜ ਤੋਂਭ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਲਾਉਣ ਤੇ ਸਖਤੀ ਨਾਲ ਪਾਬੰਦੀ ਲਾਈ ਹੋਈ ਹੈ। ਚਰਚਾ ਇਹ ਵੀ ਹੈ ਕਿ ਕਿਸਾਨ ਜਥੇਬੰਦੀਆਂ ਨੇ ਗਾਇਕਾਂ ਨੂੰ ਆਪਣੀਆਂ ਸਟੇਜਾਂ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਅਸਹਿਜ ਮਹਿਸੂਸ ਕਰ ਰਹੇ ਕਲਾਕਾਰਾਂ ਨੇ ਖੱਬੇ ਪੱਖੀ ਕਿਸਾਨ ਜਥੇਬੰਦੀਆਂ ਨਾਲ ਸਮਝੌਤਾ ਕਰ ਲਿਆ, ਤਾਂ ਕਿ ਕਿਸਾਨੀ ਹਿਤਾਂ ਲਈ ਚੱਲ ਰਹੇ ਸੰਘਰਸ਼ ਵਿੱਚ ਸ਼ਮੂਲੀਅਤ ਹੁੰਦੀ ਰਹੇ ਤੇ ਕਿਸਾਨ ਰੋਹ ਤੋਂ ਬਚਿਆ ਜਾ ਸਕੇ। ਕਿਉਂਕਿ ਜਿੱਥੇ ਬਹੁਗਿਣਤੀ ਗਾਇਕਾਂ ਕਲਾਕਾਰਾਂ ਦਾ ਸਬੰਧ ਕਿਸਾਨ ਪਰਿਵਾਰਾਂ ਨਾਲ ਹੈ, ਉੱਥੇ ਉਨਾਂ ਦੇ ਕਾਰੋਬਾਰ ਦਾ ਵੀ ਸਿੱਧਾ ਸਬੰਧ ਪੰਜਾਬ ਦੀ ਮਜਬੂਤ ਆਰਥਿਕਤਾ ਨਾਲ ਜੁੜਿਆ ਹੋਇਆ ਹੈ, ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਦੀ ਆਰਥਿਕਤਾ ਵੀ ਕਿਸਾਨੀ ਦੁਆਲੇ ਹੀ ਘੁੰਮਦੀ ਹੈ।

ਗਾਇਕਾਂ ਦਾ ਪਿਛੋਕੜ ਭਾਵੇਂ ਕਿਸਾਨੀ ਨਾਲ ਸਬੰਧਤ ਹੈ,ਪਰ ਅਸਲ ਸਚਾਈ ਇਹ ਹੈ ਕਿ ਉਨਾਂ ਦੇ ਕਾਰੋਬਾਰ ਕਿਸਾਨੀ ਦੀ ਖੁਸ਼ਹਾਲੀ ਨਾਲ ਚੱਲਦੇ ਹਨ, ਇਸ ਲਈ ਉਹ ਕਿਸਾਨੀ ਰੋਹ ਦਾ ਸ਼ਿਕਾਰ ਹੋਣ ਤੋ ਬਚਣ ਲਈ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਏ ਹਨ, ਤਾਕਿ ਲੋਕਾਂ ਦੇ ਮਨਾਂ ਵਿਚ ਉਨਾਂ ਲਈ ਥਾਂ ਬਣੀ ਰਹੇ। ਜਿੱਥੋਂ ਤੱਕ ਵਿਚਾਰਧਾਰਾ ਦਾ ਸੁਆਲ ਹੈ ਕੁੱਝ ਕੁ ਕਲਾਕਾਰਾਂ ਨੂੰ ਛੱਡ ਕੇ ਗਾਇਕਾਂ ਦੀ ਕੋਈ ਵਿਚਾਰਧਾਰਾ ਨਹੀਂ। ਯਾਦ ਹੋਵੇਗਾ ਕਿ ਜਦੋਂ ਭਾਈ ਗੁਰਬਖਸ਼ ਸਿੰਘ ਵੱਲੋਂ ਗੁਰਦੁਆਰਾ ਅੰਬ ਸਾਹਿਬ ਤੋਂ ਪਹਿਲੀ ਵਾਰ ਬੰਦੀ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਸ਼ੁਰੂ ਕੀਤਾ ਗਿਆ ਸੀ, ਸੰਘਰਸ਼ ਪੂਰੇ ਜੋਬਨ ਤੇ ਪੁੱਜ ਗਿਆ ਸੀ ਤਾਂ ਉਸ ਮੌਕੇ ਵੀ ਸਮੁੱਚੇ ਪੰਜਾਬੀ ਗਾਇਕਾਂ ਨੇ ਉੱਥੇ ਹਾਜਰੀ ਭਰੀ ਸੀ, ਸੋ ਹੁਣ ਵੀ ਗਾਇਕਾਂ ਨੇ ਕਿਸਾਨੀ ਸੰਘਰਸ਼ ਵਿੱਚ ਸ਼ਾਮਲ ਹੋ ਕੇ ਭਾਵੇਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਵੀ ਕਿਸਾਨ ਮਜ਼ਦੂਰ ਪਰਿਵਾਰਾਂ ਵਿਚੋ ਹਨ,ਪ੍ਰੰਤੂ ਅਸਲ ਸਚਾਈ ਇਹ ਹੈ ਕਿ ਉਹਨਾਂ ਨੇ ਪੰਜਾਬ ਦੇ ਲੋਕਾਂ ਦਾ ਗੁੱਸਾ ਦੇਖਿਆ ਹੈ,ਉਹ ਇਹ ਵੀ ਚੰਗੀ ਤਰਾਂ ਜਾਣਦੇ ਹਨ ਕਿ ਜੇਕਰ ਪੰਜਾਬੀ ਅੱਖਾਂ ਉਪਰ ਬੈਠਾਉਣਾ ਜਾਣਦੇ ਹਨ,ਤਾਂ ਉਹ ਔਕਾਤ ਦਿਖਾਉਣੀ ਵੀ ਜਾਣਦੇ ਹਨ, ਇਸ ਲਈ ਹਵਾ ਦਾ ਰੁੱਖ ਦੇਖ ਕੇ, ਆਪਣਾ ਭਵਿੱਖ ਸੁਰਖਿਅਤ ਕਰਨ ਲਈ ਕਿਸਾਨੀ ਘੋਲ ਦਾ ਹਿੱਸਾ ਬਣੇ ਹਨ। ਫਿਰ ਵੀ ਗਾਇਕ ਕਲਾਕਾਰਾਂ ਦੇ ਇਸ ਰੁਝਾਨ ਨੂੰ ਪੰਜਾਬ ਦੇ ਹਿਤ ਵਿਚ ਦੇਖਦਿਆਂ ਸ਼ੁਭ ਹੀ ਮੰਨਿਆ ਜਾਣਾ ਚਾਹੀਦਾ ਹੈ ਅਤੇ ਕਲਾਕਾਰਾਂ ਦੀ ਇਸ ਪਹੁੰਚ ਨੂੰ ਨਜ਼ਰ ਅੰਦਾਜ਼ ਵੀ ਨਹੀ ਕੀਤਾ ਜਾ ਸਕਦਾ,ਪਰ ਇਹ ਜ਼ਰੂਰ ਕਹਿਣਾ ਬਣਦਾ ਹੈ ਕਿ ਜਦੋਂ ਜਥੇਬੰਦ ਹੋ ਕੇ ਲੜਾਈ ਲੜਨ ਦਾ ਤਹੱਈਆ ਕਰ ਹੀ ਲਿਆ ਹੈ, ਫਿਰ ਵਿਚਾਰਧਾਰਾ ਜਰੂਰ ਸਪੱਸ਼ਟ ਹੋਣੀ ਚਾਹੀਦੀ ਹੈ, ਜਿਸ ਤਰਾਂ ਕੁੱਝ ਕੁ ਕਲਾਕਾਰਾਂ ਨੇ ਆਪਣੀ ਜ਼ਮੀਰ ਦੀ ਅਵਾਜ਼ ਸੁਣੀ ਹੈ ਤੇ ਸ਼ੰਭੂ ਬਾਰਡਰ ਵਾਲੇ ਧਰਨੇ ਵਿਚ ਸਾਰਾ ਕੁੱਝ ਸਪੱਸ਼ਟ ਵੀ ਕੀਤਾ ਹੈ।

ਬਹੁਤ ਲੰਮੇ ਸਮੇਂ ਬਾਅਦ ਇਹ ਦੇਖਿਆ ਗਿਆ ਹੈ, ਜਦੋਂ ਕਿਸਾਨੀ ਘੋਲਾਂ ਨੇ ਲੋਕ ਘੋਲਾਂ ਦਾ ਰੂਪ ਧਾਰਿਆ ਹੋਵੇ।ਇਸ ਕਿਸਾਨੀ ਅੰਦੋਲਨ ਵਿੱਚ ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਦਰਸਾਉਂਦੀ ਹੈ ਕਿ ਪੰਜਾਬ ਦੇ ਨੌਜਵਾਨ ਕੇਂਦਰ ਦੀਆਂ ਲਗਾਤਾਰ ਹੋ ਰਹੀਆਂ ਵਧੀਕੀਆਂ ਤੋਂ ਤੰਗ ਆ ਚੁੱਕੇ ਹਨ, ਜਿਸ ਕਰਕੇ ਉਨਾਂ ਨੇ ਜੋਸ਼ ਨਾਲ ਇਸ ਸੰਘਰਸ਼ ਵਿੱਚ ਸ਼ਮੂਲੀਅਤ ਕੀਤੀ ਹੈ।ਇਹ ਵੀ ਦੇਖਿਆ ਗਿਆ ਹੈ ਕਿ ਆਪਣੀ ਹੋਂਦ ਪ੍ਰਤੀ ਜਾਗਰੂਕ ਨੌਜਵਾਨਾਂ ਵੱਲੋਂ ਕਿਸਾਨੀ ਘੋਲਾਂ ਵਿੱਚ ਵੀ ਗਾਹੇ ਬ ਗਾਹੇ ਖਾਲਿਸਤਾਨ ਜਿੰਦਾਬਾਦ ਅਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਾਏ ਜਾ ਰਹੇ ਹਨ, ਜਿਨਾਂ ਦਾ ਖੱਬੇ ਪੱਖੀ ਕਿਸਾਨ ਆਗੂਆਂ ਵੱਲੋਂ ਸਖਤ ਵਿਰੋਧ ਦਰਜ ਕਰਵਾਇਆ ਜਾਂਦਾ ਹੈ। ਆਪਣਾ ਗੁੱਸਾ ਕੱਢਣ ਲਈ ਬਹੁਤ ਸਾਰੇ ਨੌਜਵਾਨਾਂ ਨੇ ਸ਼ੰਭੂ ਬਾਰਡਰ ਤੇ ਲੱਗੇ ਧਰਨੇ ਵਿੱਚ ਜਾਣ ਨੂੰ ਇਸ ਕਰਕੇ ਹੀ ਤਰਜੀਹ ਦਿੱਤੀ ਹੈ, ਕਿਉਂਕਿ ਉਥੇ ਨੌਜਵਾਨਾਂ ਵੱਲੋਂ ਸਿੱਖ ਭਾਵਨਾਵਾਂ ਦਾ ਪ੍ਰਗਟਾਵਾ ਖੁੱਲ ਕੇ ਕੀਤਾ ਜਾ ਸਕਦਾ ਹੈ, ਇਸ ਦੇ ਨਾਲ ਨਾਲ ਕਿਸਾਨ ਯੂਨੀਅਨਾਂ ਦੇ ਧਰਨਿਆਂ ਵਿੱਚ ਵੀ ਨੌਜਵਾਨਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ, ਪ੍ਰੰਤੂ ਨੌਜਵਾਨਾਂ ਦੇ ਜੋਸ਼ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਵਾਲਾ ਕੋਈ ਵੀ ਆਗੂ ਇਸ ਵੱਡੇ ਅੰਦੋਲਨ ਵਿੱਚ ਵੀ ਦਿਖਾਈ ਨਹੀਂ ਪੈਂਦਾ। ਸ਼ੰਭੂ ਬਾਰਡਰ ਤੇ ਲੱਗੇ ਧਰਨੇ ਦੀ ਇੱਕ ਵਿਸ਼ੇਸ਼ਤਾ ਇਹ ਵੀ ਰਹੀ ਕਿ ਉਥੇ ਆਪਣੇ ਹਿਤਾਂ ਪ੍ਰਤੀ ਜਾਗਰੂਕ ਨੌਜਵਾਨ, ਬੁੱਧੀਜੀਵੀ, ਪ੍ਰਚਾਰਕ, ਪੰਥਕ ਅਤੇ ਪੰਜਾਬ ਹਿਤੈਸ਼ੀ ਬੁਲਾਰਿਆਂ ਦੀ ਭਰਵੀਂ ਹਾਜ਼ਰੀ ਦਰਜ ਕੀਤੀ ਗਈ ਹੈ, ਜਿਨਾਂ ਨੇ ਕੇਂਦਰ ਨੂੰ ਇਹ ਸਪੱਸ਼ਟ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਦੇ ਲੋਕ ਸਿਰਫ ਕਿਸਾਨੀ ਕਨੂੰਨ ਰੱਦ ਕਰਨ ਦੀ ਹੀ ਮੰਗ ਨਹੀਂ ਕਰਦੇ ਬਲਕਿ ਕੇਂਦਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਧੱਕੇ ਅਤੇ ਵਿਤਕਰੇ ਪ੍ਰਤੀ ਕੇਂਦਰ ਨੂੰ ਸੁਚੇਤ ਵੀ ਕਰਦੇ ਹਨ ਕਿ ਪੰਜਾਬ ਦੀ ਜੁਆਨੀ ਵਿਚੋਂ ਗੈਰਤ ਮਰੀ ਨਹੀਂ ਹੈ, ਇਸ ਲਈ ਉਨਾਂ ਦੇ ਸਬਰ ਦੀ ਪਰਖ ਨਾ ਕੀਤੀ ਜਾਵੇ।

ਇਹਦੇ ਵਿੱਚ ਕੋਈ ਸ਼ੱਕ ਨਹੀ ਕਿ ਕੋਈ ਵੀ ਸਿਆਸੀ ਪਾਰਟੀ ਕਿਸੇ ਵੀ ਸੰਘਰਸ਼ ਵਿੱਚ ਇਮਾਨਦਾਰੀ ਨਾਲ ਸ਼ਮੂਲੀਅਤ ਨਹੀਂ ਕਰਦੀ, ਬਲਕਿ ਵੋਟ ਰਾਜਨੀਤੀ ਨੂੰ ਆਧਾਰ ਬਣਾ ਕੇ ਹੀ ਆਪਣਾ ਪੱਤਾ ਖੇਡਦੀ ਹੈ। ਭਾਵੇਂ ਉਹ ਪਿਛਲੇ ਸਾਲਾਂ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਇਨਸਾਫ ਲੈਣ ਲਈ ਲੱਗਿਆ ਬਰਗਾੜੀ ਮੋਰਚਾ ਹੋਵੇ ਜਾਂ ਮੌਜੂਦਾ ਕਿਸਾਨ ਮਜ਼ਦੂਰ ਸੰਘਰਸ਼ ਹੋਵੇ, ਸਿਆਸੀ ਪਾਰਟੀਆਂ ਹਮੇਸ਼ਾ ਆਪਣੇ ਪਾਰਟੀ ਹਿਤਾਂ ਨੂੰ ਪ੍ਰਮੁੱਖਤਾ ਦਿੰਦੀਆਂ ਹਨ, ਇਸ ਤੋਂ ਵੱਧ ਉਨਾਂ ਦੀ ਲੋਕ ਘੋਲਾਂ ਨਾਲ ਕੋਈ ਹਮਦਰਦੀ ਨਹੀਂ ਹੁੰਦੀ। ਜਿਸ ਤਰਾਂ ਕਿਸਾਨੀ ਘੋਲਾਂ ਨੇ ਲੋਕ ਘੋਲਾਂ ਦਾ ਰੂਪ ਲਿਆ ਹੈ, ਉਸ ਦਾ ਲਾਹਾ ਵੀ ਸਿਆਸੀ ਧਿਰਾਂ ਅਪਣੇ ਅਪਣੇ ਵਿਤ ਅਨੁਸਾਰ ਲੈਣ ਤੋਂ ਪਿੱਛੇ ਨਹੀਂ ਹਨ। ਪਿਛਲੇ ਦਿਨਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਉਨਾਂ ਨੂੰ ਇਹ ਭਰੋਸਾ ਦਵਾਇਆ ਸੀ ਕਿ ਕੇਂਦਰ ਸਰਕਾਰ ਦੁਆਰਾ ਪਾਸ ਕੀਤੇ ਤਿੰਨੋ ਕਾਨੂੰਨਾਂ ਨੂੰ ਵਿਧਾਨ ਸਭਾ ਵਿੱਚ ਸਪੈਸ਼ਲ ਇਜਲਾਸ ਬੁਲਾ ਕੇ ਰੱਦ ਕਰਨ ਦਾ ਮਤਾ ਪਾਸ ਕੀਤਾ ਜਾਵੇਗਾ ਪਰ ਹਾਲੇ ਤਕ ਕੁਝ ਨਹੀਂ ਵਾਪਰਿਆ।

ਇਸੇ ਤਰਾਂ ਅਕਾਲੀ ਦਲ ਵੱਲੋਂ 25 ਸਤੰਬਰ ਦੇ ਮੁਕੰਮਲ ਪੰਜਾਬ ਬੰਦ ਦੌਰਾਨ ਹੀ ਚਾਰ ਘੰਟੇ ਦੇ ਚੱਕਾ ਜਾਮ ਅਤੇ ਇੱਕ ਅਕਤੂਬਰ ਨੂੰ ਤਿੰਨ ਤਖਤ ਸਹਿਬਾਨਾਂ ਤੋ ਵੱਖ ਵੱਖ ਆਗੂਆਂ ਦੀ ਅਗਵਾਈ ’ਚ ਵੱਡੇ ਕਾਫਲਿਆਂ ਦੇ ਰੂਪ ਚੰਡੀਗੜ ਪਹੁੰਚ ਕੇ ਰਾਜਪਾਲ ਪੰਜਾਬ ਨੂੰ ਮੰਗ ਪੱਤਰ ਦੇਣ ਦੀ ਕੋਸ਼ਿਸ਼ ਵਿੱਚ ਗ੍ਰਿਫਤਾਰੀਆਂ ਦੇਣਾ ਵੀ ਸਿਆਸੀ ਲਾਹੇ ਦੇ ਯਤਨਾਂ ਵਿੱਚ ਇੱਕ ਦੂਜੇ ਤੋਂ ਅੱਗੇ ਨਿਕਲਣ ਦਾ ਵਰਤਾਰਾ ਸੀ, ਜਿਸ ਨੂੰ ਹੁਣ ਲੋਕ ਹੁੰਗਾਰਾ ਨਹੀਂ ਮਿਲਿਆ ।ਆਮ ਆਦਮੀ ਪਾਰਟੀ ਸਮੇਤ ਵੋਟਾਂ ਦੀ ਰਾਜਨੀਤੀ ਕਰਨ ਵਾਲੀਆਂ ਸਾਰੀਆਂ ਹੀ ਧਿਰਾਂ ਕਿਸਾਨੀ ਦੇ ਇਸ ਅੰਦੋਲਨ ਵਿਚ ਸਿਆਸੀ ਲਾਹਾ ਲੈਣ ਤੋਂ ਵੱਧ ਹੋਰ ਕੋਈ ਵੀ ਮਾਅਰਕਾ ਨਹੀਂ ਮਾਰ ਸਕਦੀਆਂ। ਜੇਕਰ ਕਿਸਾਨੀ ਘੋਲਾਂ ਦੀ ਹਮਾਇਤ ਦੀ ਗੱਲ ਕੀਤੀ ਜਾਵੇ ਤਾਂ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਪੰਜਾਬ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਕਿਸਾਨੀ ਅੰਦੋਲਨ ਦੇ ਹੱਕ ਵਿੱਚ ਆਪੋ ਆਪਣੀਆ ਪਾਰਟੀਆਂ ਦੇ ਬੈਨਰ ਹੇਠ ਪ੍ਰਦੂਸ਼ਨ ਕਰਕੇ ਕਿਸਾਨ ਹਿਤੈਸ਼ੀ ਸਿੱਧ ਕਰਨ ਦੀ ਕੋਸ਼ਿਸ਼ ਵਿੱਚ ਸਰਗਰਮ ਹਨ।

ਪੰਜਾਬ ਦੇ ਲੋਕਾਂ ਦਾ ਖਾਸ ਕਰਕੇ ਕਿਸਾਨ ਮਜਦੂਰਾਂ ਅਤੇ ਨੌਜੁਆਨਾਂ ਦੇ ਵੱਡੀ ਪੱਧਰ ਤੇ ਕਿਸਾਨੀ ਅੰਦੋਲਨ ਨਾਲ ਜੁੜਨ ਪਿੱਛੇ ਕਿਸੇ ਵਿਸ਼ੇਸ਼ ਕਿਸਾਨ ਜਥੇਬੰਦੀ ਦੀ ਲੀਡਰਸ਼ਿੱਪ ਦੀ ਵਿਸ਼ੇਸ਼ ਯੋਗਤਾ ਨਹੀਂ ਹੈ, ਬਲਕਿ ਇਹ ਕੇਂਦਰ ਸਰਕਾਰ ਵੱਲੋਂ ਕਿਸਾਨੀ ਅਤੇ ਪੰਜਾਬ ਨਾਲ ਕੀਤੇ ਜਾ ਰਹੇ ਲਗਾਤਾਰ ਵਿਤਕਰਿਆਂ ਦੀ ਲੜੀ ਤਹਿਤ ਪਾਸ ਕੀਤੇ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਕਰਕੇ ਲੋਕਾਂ ਵਿਚ ਪੈਦਾ ਹੋਏ ਬੇਤਹਾਸ਼ੇ ਰੋਹ ਦਾ ਨਤੀਜਾ ਹੈ, ਸਰਕਾਰ ਦੀ ਇਸ ਧੱਕੇਸ਼ਾਹੀ ਤੋ ਬਾਅਦ ਲੋਕ ਬਗੈਰ ਕਿਸੇ ਜਥੇਬੰਦੀ ਦਾ ਝੰਡਾ ਦੇਖੇ ਆਪ ਮੁਹਾਰੇ ਸੜਕਾਂ ’ਤੇ ਆ ਗਏ ਅਤੇ ਅੰਦੋਲਨ ਵਿਚ ਆ ਸ਼ਾਮਲ ਹੋਏ ਹਨ, ਇਸ ਲਈ ਇਸ ਅੰਦੋਲਨ ਨੂੰ ਲੋਕਾਂ ਦਾ ਅੰਦੋਲਨ ਬਨਾਉਣ ਅਤੇ ਜਿੱਤ ਤੱਕ ਲੈ ਕੇ ਜਾਣ ਲਈ ਜਿੱਥੇ ਖੱਬੇ ਪੱਖੀ ਧਿਰਾਂ ਨੂੰ ਸਿੱਖ ਵਿਰੋਧੀ ਸੋਚ ਦਾ ਤਿਆਗ ਕਰਨਾ ਪਵੇਗਾ, ਉੱਥੇ ਵੱਖ ਵੱਖ ਰਾਜਸੀ ਪਾਰਟੀਆਂ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਨੂੰ ਵੀ ਆਪਸੀ ਏਕਤਾ ਬਾਰੇ ਜ਼ਰੂਰ ਸੋਚਣਾ ਪਵੇਗਾ । ਇਹ ਆਮ ਚਰਚਾ ਵੀ ਸੁਆਲ ਖੜੇ ਕਰਦੀ ਹੈ ਕਿ ਲੋਕਾਂ ਨੂੰ ਲੋਕ ਏਕਤਾ ਦਾ ਪੜਾਉਣ ਵਾਲੇ ਖੁਦ ਤਿੰਨ ਦਰਜਨ ਜਥੇਬੰਦੀਆਂ ਵਿੱਚ ਕਿਉਂ ਵੰਡੇ ਹੋਏ ਹਨ।

ਅੱਜ ਲੜਾਈ ਮਹਿਜ ਤਿੰਨ ਮੰਗਾਂ ਦੀ ਨਹੀਂ ਬਲਕਿ ਪੰਜਾਬ ਦੇ ਖੋਹੇ ਬਿਜਲੀ ਪਾਣੀ, ਖੁਦਮੁਖਤਿਆਰੀ ਸਮੇਤ ਪੰਜਾਬ ਦੇ ਲੰਮੇ ਸਮੇ ਤੋਂ ਲਟਕੇ ਮਸਲਿਆਂ ਨੂੰ ਹੱਲ ਕਰਨ ਦੀ ਹੈ, ਜਿਸ ਤੋਂ ਘੱਟ ਕਿਸਾਨ ਜਥੇਬੰਦੀਆਂ ਕੁੱਝ ਵੀ ਪ੍ਰਵਾਨ ਨਾ ਕਰਨ, ਜੇਕਰ ਮਹਿਜ ਤਿੰਨ ਕਿਸਾਨੀ ਮੰਗਾਂ ਤੇ ਕਿਸਾਨ ਜਥੇਬੰਦੀਆਂ ਸੰਤੁਸ਼ਟੀ ਜਾਹਿਰ ਕਰਦੀਆਂ ਹਨ, ਤਾਂ ਸਮਝਣਾ ਹੋਵੇਗਾ ਕਿ ਇਹ ਜਥੇਬੰਦੀਆਂ ਨਾ ਹੀ ਮਜਦੂਰਾਂ ਪ੍ਰਤੀ ਇਮਾਨਦਾਰ ਰਹਿ ਸਕੀਆਂ ਹਨ ਅਤੇ ਨਾ ਹੀ ਕਿਸਾਨੀ ਸਮੇਤ ਸਮੁੱਚੇ ਪੰਜਾਬ ਪ੍ਰਤੀ। ਸੋ ਪੰਜਾਬ ਦੀ ਹੋਂਦ ਬਚਾਉਣ ਦਾ ਅੰਦੋਲਨ ਬਣਾ ਕੇ ਜਿੱਤ ਤੱਕ ਲੈ ਕੇ ਜਾਣ ਵਾਲੀ ਲੀਡਰਸ਼ਿੱਪ ਦੀ ਘਾਟ ਰੜਕਦੀ ਹੈ ਤੇ ਰਵਾਇਤੀ ਕਿਸਾਨੀ ਲੀਡਰਸ਼ਿੱਪ ਵੱਲੋਂ ਪਿਛਲੇ ਸਮਿਆਂ ਦੌਰਾਨ ਕਿਸਾਨੀ ਘੋਲਾਂ ਦੇ ਸਿਖਰ ’ਤੇ ਪਹੁੰਚਣ ਉਪਰੰਤ ਕੀਤੀਆਂ ਬੰਦ ਕਮਰਾ ਮੀਟਿੰਗਾਂ ਦੇ ਫੈਸਲਿਆਂ ਕਾਰਨ ਕਿਸਾਨ ਜਥੇਬੰਦੀਆਂ ਦੀ ਪੁਰਾਣੀ ਚੱਲੀ ਆ ਰਹੀ ਲੀਡਰਸ਼ਿਪ ਦੀ ਭੂਮਿਕਾ ਲੋਕ ਵਿੱਚ ਸ਼ੱਕੀ ਹੋ ਚੁੱਕੀ ਹੈ, ਇਸ ਲਈ ਕਿਸਾਨੀ ਅੰਦੋਲਨ ਦੌਰਾਨ ਜਥੇਬੰਦੀਆਂ ਵਿਚ ਰੜਕਦੀ ਏਕੇ ਦੀ ਘਾਟ, ਰਵਾਇਤੀ ਲੀਡਰਸ਼ਿੱਪ ਦੀ ਸ਼ੱਕੀ ਭੂਮਿਕਾ ਅਤੇ ਯੋਗ ਲੀਡਰਸ਼ਿੱਪ ਦੀ ਅਣਹੋਂਦ ਤੇ ਚਿੰਤਾ ਤੇ ਚਿੰਤਨ ਕਰਨਾ ਵੀ ਮੌਜੂਦਾ ਸੰਘਰਸ਼ ਦੇ ਏਜੰਡੇ ਤੇ ਹੋਣਾ ਚਾਹੀਦਾ ਹੈ।ਅਜਿਹੀ ਭਰੋਸੇਯੋਗ, ਨਿਰ-ਸੁਆਰਥ, ਹਉਮੈ ਰਹਿਤ, ਦੂਰ ਅੰਦੇਸ਼ ਅਤੇ ਸੂਝਵਾਨ ਨੌਜੁਆਨ ਲੀਡਰਸ਼ਿਪ ਪੈਦਾ ਕਰਨ ਦੀ ਜਰੂਰਤ ਹੈ, ਜਿਹੜੀ ਦੱਬੇ ਕੁਚਲੇ ਲੋਕਾਂ ਨੂੰ ਬਰਾਬਰਤਾ ਪ੍ਰਦਾਨ ਕਰਨ ਵਾਲੀ ਸਿੱਖ ਵਿਚਾਰਧਾਰਾ ਤੇ ਪਹਿਰਾ ਦੇ ਕੇ ਇਸ ਕਿਸਾਨੀ ਅੰਦੋਲਨ ਨੂੰ ਪੰਜਾਬ ਦੀ ਹੋਂਦ ਦੀ ਲੜਾਈ ਬਨਾਉਣ ਦੇ ਸਮਰੱਥ ਹੋਵੇ।

# ਕੌਮੀ ਜਮਹੂਰੀ ਗੱਠਜੋੜ ਹੁਣ ਆਖਰੀ ਸਾਹਾਂ ਉਪਰ

## ਭਾਜਪਾ ਪਰਵਾਹ ਨਹੀਂ ਕਰ ਰਹੀ ਆਪਣੇ ਸਾਥੀਆਂ ਦੀ

**- ਪ੍ਰੋਫੈਸਰ ਅਭੈ ਕੁਮਾਰ**

ਭਾਰਤ ਦਾ ਸਭ ਤੋਂ ਤਾਕਤਵਰ ਅਤੇ ਪੁਰਾਣਾ ਸੱਤਾਧਾਰੀ ਗੱਠਜੋੜ ਆਪਣੇ ਆਖਰੀ ਸਾਹਾਂ 'ਤੇ ਹੈ। ਕੌਮੀ ਜਮਹੂਰੀ ਗੱਠਜੋੜ ਦੀ ਮੁੱਖ ਪਾਰਟੀ ਭਾਜਪਾ ਆਪਣੇ ਸਿਆਸੀ ਹਿਤਾਂ ਲਈ ਤਲਵਾਰ ਨਾਲ ਗੱਠਜੋੜ ਦੇ ਇਕ-ਇਕ ਅੰਗ ਨੂੰ ਸਿਲਸਿਲੇਵਾਰ ਕੱਟ ਰਹੀ ਹੈ। ਹੁਣ ਸ਼ਾਇਦ ਉਸ ਦੇ ਕੁਝ ਹੀ ਅੰਗ ਬਾਕੀ ਰਹਿ ਗਏ ਹਨ। ਲੋਕ ਜਨਸ਼ਕਤੀ ਪਾਰਟੀ ਦੇ ਨੇਤਾ ਅਤੇ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਦੇ ਦਿਹਾਂਤ ਤੋਂ ਬਾਅਦ ਸਥਿਤੀ ਇਹ ਹੈ ਕਿ ਕੇਂਦਰੀ ਮੰਤਰੀ ਮੰਡਲ ਵਿਚ ਸਿਰਫ ਇਕ ਗ਼ੈਰ-ਭਾਜਪਾ ਚਿਹਰਾ ਬਚਿਆ ਹੈ, ਇਹ ਹਨ ਮਹਾਰਾਸ਼ਟਰ ਦੇ ਦਲਿਤ ਨੇਤਾ ਰਾਮਦਾਸ ਅਠਾਵਲੇ। ਸ਼ਿਵ ਸੈਨਾ ਇਸ ਗੱਠਜੋੜ ਤੋਂ ਪਹਿਲਾਂ ਹੀ ਬਾਹਰ ਹੋ ਚੁੱਕੀ ਹੈ। ਹੁਣ ਅਕਾਲੀ ਦਲ ਵੀ ਇਸ ਗੱਠਜੋੜ ਤੋਂ ਬਾਹਰ ਚਲਾ ਗਿਆ ਹੈ। ਬਿਹਾਰ ਵਿਚ ਚੋਣਾਂ ਤੋਂ ਬਾਅਦ ਭਾਵ ਨਵੰਬਰ ਖ਼ਤਮ ਹੋਣ ਤੱਕ ਕਿਹੜੀ ਬਿਹਾਰੀ ਪਾਰਟੀ ਕੌਮੀ ਜਮਹੂਰੀ ਗੱਠਜੋੜ ਵਿਚ ਰਹੇਗੀ ਅਤੇ ਕਿਹੜੀ ਬਾਹਰ ਚਲੀ ਜਾਵੇਗੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਇਹ ਇਕ ਦਿਲਚਸਪ ਸੰਯੋਗ ਹੈ ਕਿ ਇਕ ਪਾਸੇ ਤਾਂ ਭਾਜਪਾ ਲਈ ਕੌਮੀ ਜਮਹੂਰੀ ਗੱਠਜੋੜ ਦੀ ਹੋਂਦ ਨਾਮਾਤਰ ਰਹਿ ਗਈ ਹੈ ਅਤੇ ਦੂਜੇ ਪਾਸੇ ਸ੍ਰੀ ਨਰਿੰਦਰ ਮੋਦੀ ਨੇ ਗੁਜਰਾਤ ਤੋਂ ਲੈ ਕੇ ਦਿੱਲੀ ਤੱਕ 20 ਸਾਲ ਤੱਕ ਸੱਤਾ ਵਿਚ ਰਹਿਣ ਦਾ ਰਿਕਾਰਡ ਬਣਾ ਦਿੱਤਾ ਹੈ। ਗੁਜਰਾਤ ਵਿਚ ਉਨਾਂ ਦੀ 14 ਸਾਲ ਲੰਮੀ ਸੱਤਾ ਕਿਸੇ ਗੱਠਜੋੜ ਦੀ ਮੁਹਤਾਜ ਨਹੀਂ ਰਹੀ। ਇਹੀ ਸਥਿਤੀ ਪਿਛਲੇ 6 ਸਾਲ ਤੋਂ ਦਿੱਲੀ ਵਿਚ ਹੈ। ਮੋਦੀ ਲਈ ਗੱਠਜੋੜ ਸਿਰਫ ਇਕ ਵਿਖਾਵੇ ਦੀ ਚੀਜ਼ ਹੈ। ਲੋੜ ਪਵੇਗੀ ਤਾਂ ਉਸ ਦੀ ਵਰਤੋਂ ਕੀਤੀ ਜਾਵੇਗੀ, ਨਹੀਂ ਤਾਂ ਉਸ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਜਾਵੇਗਾ।

ਰਾਜਨੀਤੀ ਵਿਚ ਦਿਲਚਸਪੀ ਰੱਖਣ ਵਾਲੇ ਆਸਾਨੀ ਨਾਲ ਸਮਝ ਸਕਦੇ ਹਨ ਕਿ ਭਾਜਪਾ ਦੇ ਇਕ ਤੋਂ ਬਾਅਦ ਇਕ ਪੁਰਾਣੇ ਸਹਿਯੋਗੀ ਕੌਮੀ ਜਮਹੂਰੀ ਗੱਠਜੋੜ ਦਾ ਸਾਥ ਕਿਉਂ ਛੱਡ ਰਹੇ ਹਨ? ਅਕਾਲੀ ਦਲ ਦੇ ਸਰਪ੍ਰਸਤ ਸ: ਪ੍ਰਕਾਸ਼ ਸਿੰਘ ਬਾਦਲ ਕਹਿੰਦੇ ਸਨ ਕਿ ਭਾਜਪਾ ਅਤੇ ਉਨਾਂ ਦਾ ਰਿਸ਼ਤਾ ਨਹੁੰ-ਮਾਸ ਦੇ ਰਿਸ਼ਤੇ ਵਰਗਾ ਹੈ। ਇਸ ਡੂੰਘੇ ਰਿਸ਼ਤੇ ਕਾਰਨ 1992 ਵਿਚ ਅਕਾਲੀ ਦਲ ਨੇ ਆਪਣੇ ਵਰਕਰਾਂ ਦੇ ਇਕ ਜਥੇ ਨੂੰ ਅਯੁੱਧਿਆ ਭੇਜਿਆ ਸੀ ਭਾਵ ਕਿ ਸਿੱਖਾਂ ਦੀ ਪ੍ਰਤੀਨਿਧ ਪਾਰਟੀ ਅਤੇ ਹਿੰਦੂਤਵ ਦੀ ਪ੍ਰਤੀਨਿਧ ਪਾਰਟੀ ਦਰਮਿਆਨ ਸਬੰਧ ਸਿਰਫ ਸਿਆਸੀ ਨਾ ਹੋ ਕੇ ਵਿਚਾਰਧਾਰਕ ਵੀ ਸਨ। ਸ਼ਿਵ ਸੈਨਾ ਅਤੇ ਭਾਜਪਾ ਦੇ ਸਬੰਧਾਂ ਦਾ ਹਾਲ ਤਾਂ ਇਹ ਸੀ ਕਿ ਦੋਵਾਂ ਪਾਸਿਆਂ ਤੋਂ ਦੋਸਤੀ ਦੀਆਂ ਕਸਮਾਂ ਖਾਧੀਆਂ ਜਾਂਦੀਆਂ ਸਨ। ਦੂਜੇ ਪਾਸੇ ਬਾਲ ਠਾਕਰੇ ਆਪਣੇ-ਆਪ ਨੂੰ ਹਿੰਦੂ ਨੇਤਾ ਦੇ ਰੂਪ ਵਿਚ ਪੇਸ਼ ਕਰਦੇ ਸਨ ਅਤੇ ਇਧਰ ਭਾਜਪਾ ਖ਼ੁਦ ਨੂੰ ਹਿੰਦੂ ਹਿਤਾਂ ਦੀ ਪੈਰੋਕਾਰ ਦੱਸਦੀ ਸੀ। ਇਕ ਤਰਾਂ ਨਾਲ ਦੇਖਿਆ ਜਾਵੇ ਤਾਂ ਮਹਾਰਾਸ਼ਟਰ ਦੀ ਰਾਜਨੀਤੀ 'ਤੇ ਕਾਂਗਰਸ ਦਾ ਪ੍ਰਭਾਵ ਘਟਾਉਣ ਵਿਚ ਇਨਾਂ ਦੋਵਾਂ ਪਾਰਟੀਆਂ ਦੇ ਗੱਠਜੋੜ ਦੀ ਅਹਿਮ ਭੂਮਿਕਾ ਰਹੀ ਹੈ। ਦੋਵਾਂ ਦਾ ਉਭਾਰ ਇਕ-ਦੂਜੇ ਦਾ ਸਾਥ ਨਿਭਾਉਣ ਦੀ ਪ੍ਰਕਿਰਿਆ ਨਾਲ ਹੀ ਸ਼ੁਰੂ ਹੋਇਆ ਹੈ। ਇਸ ਦੇ ਬਾਵਜੂਦ ਅੱਜ ਦੋਵੇਂ ਇਕ-ਦੂਜੇ ਖਿਲਾਫ਼ ਖੜੇ ਹਨ। ਬਿਹਾਰ ਵਿਚ ਨਿਤਿਸ਼ ਕੁਮਾਰ ਦੀ ਅਗਵਾਈ ਵਾਲੇ ਜਨਤਾ ਦਲ (ਯੂ) ਦੇ ਦਿੱਲੀ ਸਥਿਤ ਪ੍ਰਤੀਨਿਧ ਕੇ.ਸੀ. ਤਿਆਗੀ ਤਾਂ ਟੀ.ਵੀ. 'ਤੇ ਅਤੇ ਨਿੱਜੀ ਗੱਲਬਾਤ ਵਿਚ ਹਮੇਸ਼ਾ ਕਹਿੰਦੇ ਸਨ ਕਿ ਭਾਜਪਾ ਕਾਂਗਰਸ ਜਾਂ ਕਿਸੇ ਹੋਰ ਪਾਰਟੀ ਦੇ ਮੁਕਾਬਲੇ ਗੱਠਜੋੜ ਚੰਗੇ ਤਰੀਕੇ ਨਾਲ ਨਿਭਾਉਂਦੀ ਹੈ। ਤਿਆਗੀ ਅੱਜ ਅਫ਼ਸੋਸ ਨਾਲ ਦੇਖ ਰਹੇ ਹੋਣਗੇ ਕਿ ਉਹੀ ਭਾਜਪਾ ਅੱਜ ਉਨਾਂ ਦੀ ਪਾਰਟੀਆਂ ਦੀਆਂ ਜੜਾਂ ਵੱਢਣ ਲਈ ਲੋਕ ਜਨਸ਼ਕਤੀ ਪਾਰਟੀ ਦੀ ਵਰਤੋਂ ਕਰ ਰਹੀ ਹੈ।

**ਭੱਖਦਾ ਮੱਸਲਾ**

ਸਵਾਲ ਇਹ ਹੈ ਕਿ ਗੱਠਜੋੜ ਦੇ ਬਿਖਰਾਅ ਦੇ ਕਾਰਨ ਕੀ ਹਨ? ਕੀ ਇਸ ਦੀ ਜ਼ਿੰਮੇਵਾਰੀ ਸਿਰਫ ਭਾਜਪਾ ਦੀ ਹੈ ਜਾਂ ਉਸ ਦੇ ਨਾਲ ਲੰਮੇ ਸਮੇਂ ਤੋਂ ਜੁੜੀਆਂ ਖੇਤਰੀ ਪਾਰਟੀਆਂ ਨੂੰ ਵੀ ਇਸ ਦਾ ਜ਼ਿੰਮੇਵਾਰ ਸਮਝਿਆ ਜਾਣਾ ਚਾਹੀਦਾ ਹੈ? ਸਾਲ 2013 ਵਿਚ ਜਦੋਂ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ 2014 ਦੀਆਂ ਲੋਕ ਸਭਾ ਚੋਣਾਂ ਲਈ ਪ੍ਰਧਾਨ ਮੰਤਰੀ ਉਮੀਦਵਾਰ ਐਲਾਨਿਆ ਗਿਆ ਤਾਂ ਮੋਦੀ ਨੇ ਜਿਵੇਂ ਹੀ ਚੋਣ ਮੁਹਿੰਮ ਦੀ ਕਮਾਨ ਸੰਭਾਲੀ, ਉਦੋਂ ਤੋਂ ਹੀ ਉਨਾਂ ਨੇ ਲਾਲ ਕ੍ਰਿਸ਼ਨ ਅਡਵਾਨੀ ਅਤੇ ਅਟਲ ਬਿਹਾਰੀ ਵਾਜਪਾਈ ਵਲੋਂ ਬਣਾਏ ਗਏ ਕੌਮੀ ਜਮਹੂਰੀ ਗੱਠਜੋੜ ਨਾਲ ਜੁੜੀਆਂ ਪਾਰਟੀਆਂ ਸਬੰਧੀ ਕੰਮਕਾਰ ਵਿਚ ਸੋਧ ਕਰਨ ਦਾ ਅਣਐਲਾਨਿਆ ਫ਼ੈਸਲਾ ਕਰ ਦਿੱਤਾ। ਅਟਲ ਬਿਹਾਰੀ ਵਾਜਪਾਈ ਸੇਵਾ-ਮੁਕਤ ਹੋ ਚੁੱਕੇ ਸਨ। ਪਰ ਅਡਵਾਨੀ ਦੀ ਰਣਨੀਤੀ ਸੀ ਕਿ ਕੌਮੀ ਜਮਹੂਰੀ ਗੱਠਜੋੜ ਨੂੰ ਜਿੰਨਾ ਮਜ਼ਬੂਤ ਕੀਤਾ ਜਾਵੇਗਾ, ਓਨਾ ਹੀ ਭਾਜਪਾ ਕੇਂਦਰੀ ਰਾਜਨਤੀ ਦੀ ਜ਼ਮੀਨ 'ਤੇ ਠੋਸ ਢੰਗ ਨਾਲ ਅੱਗੇ ਵਧ ਸਕੇਗੀ। ਮੋਦੀ ਇਸ ਨਾਲ ਸਹਿਮਤ ਨਹੀਂ ਸਨ। ਉਨਾਂ ਦਾ ਕਹਿਣਾ ਸੀ ਕਿ ਭਾਜਪਾ ਦੀ ਜ਼ਿੰਮੇਵਾਰੀ ਕੌਮੀ ਜਮਹੂਰੀ ਗੱਠਜੋੜ ਨੂੰ ਮਜ਼ਬੂਤ ਕਰਨ ਦੀ ਨਹੀਂ ਹੈ। ਉਸ ਨੂੰ ਆਪਣੀ ਸਾਰੀ ਊਰਜਾ ਖ਼ੁਦ ਨੂੰ ਮਜ਼ਬੂਤ ਕਰਨ ਵਿਚ ਲਾਉਣੀ ਚਾਹੀਦੀ ਹੈ।

ਮੋਦੀ ਜਿਵੇਂ ਚਾਹੁੰਦੇ ਸਨ, ਉਵੇਂ ਹੀ ਹੋਇਆ। ਅਮਿਤ ਸ਼ਾਹ ਰਾਹੀਂ ਉਨਾਂ ਨੇ ਭਾਜਪਾ ਨੂੰ ਇਕ ਪਾਰਟੀ ਦੇ ਤੌਰ 'ਤੇ ਬਹੁਤ ਵੱਡਾ ਬਣਾ ਦਿੱਤਾ। ਸਿੱਟਾ ਇਹ ਨਿਕਲਿਆ ਕਿ ਅੰਦਰੂਨੀ ਹਲਕਿਆਂ ਵਿਚ ਭਾਜਪਾ ਜਿਸ ਸਥਿਤੀ ਦੀ ਕਲਪਨਾ ਕਰਦੀ ਸੀ, ਉਸ ਨੂੰ ਆਪਣਾ ਸੁਪਨਾ ਸਾਕਾਰ ਕਰਨ ਦਾ ਮੌਕਾ ਮਿਲ ਗਿਆ। ਨਿਤਿਨ ਗਡਕਰੀ ਦੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਉਨਾਂ ਦੀ ਪਾਰਟੀ ਚੱਪੇ-ਚੱਪੇ 'ਤੇ ਭਾਜਪਾ ਦੇ ਉਦੇਸ਼ ਨੂੰ ਸਾਹਮਣੇ ਰੱਖ ਕੇ ਕੰਮ ਕਰਦੀ ਹੈ। ਇਹ ਉਦੇਸ਼ ਉਦੋਂ ਹੀ ਪੂਰਾ ਹੋ ਸਕਦਾ ਸੀ ਜਦੋਂ ਭਾਜਪਾ ਖੇਤਰੀ ਸਹਿਯੋਗੀ ਪਾਰਟੀਆਂ ਨੂੰ ਸੂਬਿਆਂ ਵਿਚ ਸੱਤਾ ਹਾਸਲ ਕਰਨ ਲਈ ਦੂਜੇ ਦਰਜੇ ਦੀ ਭੂਮਿਕਾ ਵਿਚ ਰਹਿ ਕੇ ਸਹਿਯੋਗ ਦੇਣ ਦੀ ਬਜਾਏ ਉਨਾਂ ਦੇ ਵਿਰੋਧੀ ਦੀ ਭੂਮਿਕਾ ਨਿਭਾਉਣ 'ਤੇ ਉਤਰ ਆਵੇ। ਇਸ ਦੀ ਪਹਿਲੀ ਝਲਕ ਉੜੀਸਾ ਵਿਚ ਦਿਖੀ, ਜਦੋਂ ਕੌਮੀ ਜਮਹੂਰੀ ਗੱਠਜੋੜ ਦੇ ਸਹਿਯੋਗੀ ਬੀਜੂ ਜਨਤਾ ਦਲ ਨੂੰ ਲੱਗਾ ਕਿ ਭਾਜਪਾ ਸੂਬੇ ਵਿਚ ਸੱਤਾ ਦੀ ਪ੍ਰਮੁੱਖ ਦਾਅਵੇਦਾਰ ਬਣ ਕੇ ਉੱਭਰਨਾ ਚਾਹੁੰਦੀ ਹੈ। ਦੂਜੀ ਝਲਕ ਆਂਧਰਾ ਪ੍ਰਦੇਸ਼ ਵਿਚ ਦਿਖੀ, ਜਦੋਂ ਤੇਲਗੂ ਦੇਸ਼ਮ ਦੇ ਚੰਦਰ ਬਾਬੂ ਨਾਇਡੂ ਨੂੰ ਭਾਜਪਾ ਦੇ ਸਥਾਨਕ ਲੀਡਰਾਂ ਨੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਕੌਮੀ ਜਮਹੂਰੀ ਗੱਠਜੋੜ ਨਾਲੋਂ ਸਭ ਤੋਂ ਪਹਿਲਾਂ ਬੀਜੂ ਜਨਤਾ ਦਲ ਅਤੇ ਤੇਲਗੂ ਦੇਸਮ ਨੇ ਹੀ ਨਾਤਾ ਤੋੜਿਆ ਸੀ। ਇਸ ਤੋਂ ਪਹਿਲਾਂ ਭਾਜਪਾ ਨੇ ਆਸਾਮ ਵਿਚ ਅਸਮ ਗਣ ਪ੍ਰੀਸ਼ਦ ਨਾਲ ਝਗੜਾ ਕੀਤਾ। ਅੱਜ ਵੀ ਹਰ ਚੋਣ ਤੋਂ ਪਹਿਲਾਂ ਇਹੀ ਲਗਦਾ ਹੈ ਕਿ ਦੋਵਾਂ ਵਿਚਕਾਰ ਤਰੇੜ ਆ ਜਾਏਗੀ। ਇਸ ਤੋਂ ਬਾਅਦ ਮਹਾਰਾਸ਼ਟਰ ਵਿਚ ਭਾਜਪਾ ਨੇ ਸ਼ਿਵ ਸੈਨਾ ਦਾ 'ਜੂਨੀਅਰ ਪਾਰਟਨਰ' ਬਣਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਦੋਵਾਂ ਪਾਰਟੀਆਂ ਵਿਚ ਤਣਾਅ ਵਧਿਆ। ਆਖਰ ਭਾਜਪਾ ਨੇ ਮੁੱਖ ਮੰਤਰੀ ਦਾ ਅਹੁਦਾ ਸ਼ਿਵ ਸੈਨਾ ਤੋਂ ਖੋਹ ਹੀ ਲਿਆ। ਪੰਜਾਬ ਵਿਚ ਵੀ ਹੌਲੀ-ਹੌਲੀ ਭਾਜਪਾ ਅਕਾਲੀਆਂ ਦੇ ਬਰਾਬਰ ਸੀਟਾਂ ਮੰਗਣ ਵੱਲ ਵਧ ਰਹੀ ਸੀ। ਬੀਜੂ ਜਨਤਾ ਦਲ ਅਤੇ ਤੇਲਗੂ ਦੇਸਮ ਤਾਂ ਐਲਾਨੇ ਰੂਪ ਨਾਲ ਵੱਖ ਹੋਏ ਪਰ ਇਹ ਵੀ ਮੰਨਣਾ ਪਏਗਾ ਕਿ ਘੱਟੋ-ਘੱਟ ਸ਼ਿਵ ਸੈਨਾ ਅਤੇ ਅਕਾਲੀ ਦਲ ਨੇ ਭਾਜਪਾ ਦੇ ਇਨਾਂ ਇਰਾਦਿਆਂ ਦਾ ਜਵਾਬ ਉਸ ਤੋਂ ਵੀ ਜ਼ਿਆਦਾ ਕੁਟਿਲ ਸਿਆਸਤ ਨਾਲ ਦਿੱਤਾ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਿਲਜੁਲ ਕੇ ਬਹੁਮਤ ਹਾਸਲ ਕਰਨ ਦੇ ਬਾਵਜੂਦ ਜਿਸ ਤਰਾਂ ਸ਼ਿਵ ਸੈਨਾ ਨੇ ਮੁੱਖ ਮੰਤਰੀ ਦੇ ਅਹੁਦੇ ਦੀ ਦਾਅਵੇਦਾਰੀ ਦੇ ਸਵਾਲ 'ਤੇ ਭਾਜਪਾ ਦੀ ਵਿਰੋਧਤਾ ਕੀਤੀ, ਉਹ ਇਸ ਦਾ ਸਭ ਤੋਂ ਵੱਡਾ ਸਬੂਤ ਹੈ। ਇਸ ਮਾਮਲੇ ਵਿਚ ਭਾਜਪਾ ਦੀ ਸਥਿਤੀ ਜ਼ਿਆਦਾ ਤਰਕਪੂਰਨ ਸੀ। ਉਸ ਕੋਲ ਸਾਬਕਾ ਮੁੱਖ ਮੰਤਰੀ ਸੀ ਅਤੇ ਸੀਟਾਂ ਵੀ ਸ਼ਿਵ ਸੈਨਾ ਨਾਲੋਂ ਵੱਧ ਸਨ। ਪੰਜਾਬ ਵਿਚ ਅਕਾਲੀ ਦਲ ਪਹਿਲਾਂ ਤਾਂ 3 ਖੇਤੀਬਾੜੀ ਆਰਡੀਨੈਂਸਾਂ ਦਾ ਸਮਰਥਨ ਕਰਦਾ ਰਿਹਾ। ਹਰਸਿਮਰਤ ਕੌਰ ਬਾਦਲ ਨੇ ਮੰਤਰੀ ਮੰਡਲ ਦੀਆਂ ਬੈਠਕਾਂ ਵਿਚ ਆਪਣਾ ਵਿਰੋਧ ਦਰਜ ਨਹੀਂ ਕਰਾਇਆ ਪਰ ਉਨਾਂ ਦੇ ਪਤੀ ਸੁਖਬੀਰ ਸਿੰਘ ਬਾਦਲ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਦਾ ਪੱਤਰ ਦਿਖਾ ਕੇ ਕਿਸਾਨਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਪਰ ਐਨ ਮੌਕੇ 'ਤੇ ਆ ਕੇ ਪਹਿਲਾਂ ਇਸ ਪਾਰਟੀ ਨੇ ਸਰਕਾਰ ਛੱਡੀ ਅਤੇ ਫਿਰ ਗੱਠਜੋੜ। ਭਾਜਪਾ ਬਹੁਤ ਹੈਰਾਨ ਹੋਈ।

ਤਾਂ ਕੀ ਇਹ ਮੰਨ ਲਿਆ ਜਾਵੇ ਕਿ ਭਾਜਪਾ ਨੇ ਕੌਮੀ ਜਮਹੂਰੀ ਗੱਠਜੋੜ ਤੋਂ ਸਾਰੀਆਂ ਉਮੀਦਾਂ ਛੱਡ ਦਿੱਤੀਆਂ ਹਨ। ਨਹੀਂ, ਹਾਲ ਹੀ ਵਿਚ ਭਾਜਪਾ ਨੇ ਕੋਸ਼ਿਸ਼ ਜ਼ਰੂਰ ਕੀਤੀ ਹੈ ਕਿ ਆਂਧਰਾ ਪ੍ਰਦੇਸ਼ ਦੇ ਜਗਨਮੋਹਨ ਰੈਡੀ ਨੂੰ ਕੇਂਦਰ ਵਿਚ ਜਗਾ ਦਿੱਤੀ ਜਾਵੇ। ਇਸ ਨਾਲ ਇਕ ਵਾਰ ਫਿਰ ਕੌਮੀ ਜਮਹੂਰੀ ਗੱਠਜੋੜ ਵਿਚ ਨਵੀਂ ਜਾਨ ਪੈ ਸਕਦੀ ਹੈ। ਪਰ ਜਿਵੇਂ ਹੀ ਭਾਜਪਾ ਨੇ ਉਸ ਸੂਬੇ ਵਿਚ ਮੁੱਖ ਮੰਤਰੀ ਦੀ ਕੁਰਸੀ 'ਤੇ ਨਿਗਾ ਰੱਖੀ ਤਾਂ ਇਹ ਸਬੰਧ ਟੁੱਟ ਜਾਵੇਗਾ। ਸਾਨੂੰ ਪਤਾ ਹੈ ਕਿ ਆਂਧਰਾ ਪ੍ਰਦੇਸ਼ ਵਿਚ ਰਾਸ਼ਟਰੀ ਸੋਇਮ ਸੇਵਕ ਸੰਘ ਦੀਆਂ ਸ਼ਕਤੀਆਂ ਪਰਦੇ ਪਿੱਛੇ ਭਾਜਪਾ ਲਈ ਜ਼ਮੀਨ ਤਿਆਰ ਕਰਨ ਵਿਚ ਲੱਗੀਆਂ ਹੋਈਆਂ ਹਨ। ਇਹ ਪ੍ਰਕਿਰਿਆ ਇਕ ਵਾਰ ਫਿਰ ਕੌਮੀ ਜਮਹੂਰੀ ਗੱਠਜੋੜ ਦੇ ਭਵਿੱਖ ਨੂੰ ਚੌਰਾਹੇ 'ਤੇ ਲਿਆ ਕੇ ਖੜਾ ਕਰ ਦੇਵੇਗੀ।

---

# ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਅਤੇ ਪੰਜਾਬ ਦੀ ਕਿਰਸਾਨੀ

**- ਰਣਜੀਤ ਸਿੰਘ ਕੁਕੀ**

ਸੰਤ ਰਾਮ ਉਦਾਸੀ ਦਾ ਬਹੁਤ ਹੀ ਮਸ਼ਹੂਰ ਕਥਨ ਹੈ -

**ਚੜਿਆ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ**

ਪਰ ਅੱਜ ਚਿਰਾਂ ਵਾਂਗ ਪੰਜਾਬ ਦੀ ਕਿਸਾਨੀ ਤੇ ਖੇਤਾਂ ਦੇ ਮਜ਼ਦੂਰਾਂ ਦੇ ਵਿਹੜਿਆਂ ਵਿੱਚ ਸੂਰਜ ਨੂੰ ਗ੍ਰਹਿਣ ਲੱਗ ਗਿਆ ਜਾਪਦਾ ਹੈ। ਨਵੇਂ ਬਣੇ ਖੇਤੀ ਨਾਲ ਸਬੰਧ ਰੱਖਦੇ ਭਾਰਤੀ ਸਰਕਾਰ ਦੇ ਕਨੂੰਨ ਪੰਜਾਬ ਦੀ ਕਿਸਾਨੀ ਲਈ ਇੱਕ ਗ੍ਰਹਿਣ ਵਜੋਂ ਉੱਭਰ ਰਹੇ ਹਨ। ਇਸ ਗ੍ਰਹਿਣ ਵਿੱਚੋਂ ਹਾਲ ਦੀ ਘੜੀ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਕੋਈ ਰਾਹ ਨਿਕਲਦਾ ਨਜ਼ਰ ਨਹੀਂ ਆ ਰਿਹਾ। ਭਾਵੇਂ ਕਿਸਾਨ ਜੋ ਵਧੇਰੇ ਸਿੱਖ ਧਰਮ ਨਾਲ ਸਬੰਧਤ ਹਨ, ਪਿਛਲੇ ਸਮੇਂ ਤੋਂ ਆਪਣੀਆਂ ਰਾਤਾਂ ਰੇਲ ਦੀਆਂ ਪਟੜੀਆਂ ਤੇ ਗੁਜ਼ਾਰ ਰਹੇ ਹਨ। ਜਦ ਕਿ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਕਾਂਗਰਸ (ਸੱਤਾਧਾਰੀ), ਲੰਮਾ ਸਮਾਂ ਪੰਜਾਬ ਦੀ ਸੱਤਾ ਤੇ ਕਾਬਜ਼ ਰਹੀ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਇਸ ਕਿਸਾਨਾਂ ਦੇ ਸੰਘਰਸ਼ ਵਿੱਚੋਂ ਜੋ ਉਹਨਾਂ ਲਈ ਮਰਨ ਜਿਉਣ ਦਾ ਸੰਘਰਸ਼ ਹੈ, ਦੇ ਰਾਹੀਂ 2022 ਦੀ ਹੋਣ ਵਾਲੀ ਵਿਧਾਨ ਸਭਾ ਦੀ ਚੋਣ ਨੂੰ ਕੇਂਦਰਿਤ ਰੱਖ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਜਿਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸਕ ਨਾਮ ਨਾਲ ਬਾਦਲ ਜੋੜ ਕੇ ਇੱਕ ਪਰਿਵਾਰਵਾਦ ਆਧਾਰਿਤ ਸ਼੍ਰੋਮਣੀ ਅਕਾਲੀ ਦਲ ਦਾ ਰੂਪ ਅਖਤਿਆਰ ਕਰ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਸਦਾ ਲਈ ਜਿਸ ਨੂੰ ਹੁਣ ਤਬਦੀਲ ਕਰਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਬਣਾ ਲਿਆ ਗਿਆ ਹੈ, ਕਿਸਾਨੀ ਦੇ ਹੱਕਾਂ ਲਈ ਅਤੇ ਉਹਨਾਂ ਦੇ ਜੀਵਨ ਵਿੱਚ ਸੁਧਾਰ ਲਿਆਉਣ ਦਾ ਉਪਰਾਲਾ ਕਰਨ ਵਾਲੀ ਰਾਜਨੀਤਿਕ ਜਮਾਤ ਮੰਨੀ ਜਾਂਦੀ ਸੀ। ਸ਼੍ਰੋਮਣੀ ਅਕਾਲੀ ਦਲ ਦਾ ਪਿਛੋਕੜ 100 ਸਾਲ ਪੁਰਾਣਾ ਹੈ ਤੇ ਇਹ ਇੱਕ ਸਮਾਜਿਕ ਸੱਭਿਆਚਾਰਕ ਤੇ ਸਿੱਖਾਂ ਲਈ ਪੰਥਕ ਹੱਕ ਮਹਿਫੂਜ਼ ਰੱਖਣ ਲਈ ਬਣਾਈ ਗਈ ਰਾਜਨੀਤਿਕ ਸੰਸਥਾ ਸੀ। ਇਸ ਦਾ ਆਧਾਰ ਸ਼ੁਰੂ ਵਿੱਚ ਸਿੱਖ ਕੌਮ ਵਿੱਚ ਬਹੁਤ ਪ੍ਰਫੁੱਲਤ ਹੋਇਆ ਅਤੇ ਇਹ ਇੱਕ ਪ੍ਰਭਾਵਸ਼ਾਲੀ ਮੁਸਲਮਾਨਾਂ ਤੇ ਹਿੰਦੂਆਂ ਦੇ ਵਿਚਕਾਰ ਤੀਸਰੀ ਧਿਰ ਸਿੱਖ ਕੌਮ ਨੂੰ ਉਭਾਰਨ ਵਿੱਚ ਕਾਮਯਾਬ ਰਹੇ ਹਨ। ਜਿਸ ਕਰਕੇ ਬਰਤਾਨਵੀ ਸਰਕਾਰ ਇਹਨਾਂ ਨੂੰ ਤੀਜੀ ਧਿਰ ਵਜੋਂ ਮਾਨਤਾ ਦਿੰਦੀ ਸੀ। ਉਸ ਵਕਤ ਇਸਦਾ ਉਦੇਸ਼ ਵੀ ਸਿੱਖ ਕੌਮ ਦੀ ਪ੍ਰਭੂਸੱਤਾ ਤੇ ਸਵੈ ਰਾਜ ਹੋਣਾ ਸੀ। ਪਰ ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਦੇ ਸੰਚਾਲਕਾਂ ਨੇ ਸਿੱਖ ਕੌਮ ਦੀ ਹੋਣੀ ਭਾਰਤ ਦੇ ਲੇਖੇ ਲਾ ਦਿੱਤੀ ਜੋ ਕਿ ਹਿੰਦੂ ਬਹੁਗਿਣਤੀ ਦੇਸ਼ ਬਣਿਆ ਸੀ।

ਅਜਾਦੀ ਤੋਂ ਬਾਅਦ ਸਿੱਖ ਕੌਮ ਨੂੰ ਪ੍ਰਭੂਸੱਤਾ ਤੇ ਸਵੈ ਰਾਜ ਤਾਂ ਕੀ ਮਿਲਣਾ ਸੀ, ਸਗੋਂ ਸਿੱਖ ਕੌਮ ਦੀ ਪਛਾਣ ਵੀ ਸੰਵਿਧਾਨ ਮੁਤਾਬਕ ਹਿੰਦੂ ਧਰਮ ਨਾਲ ਰਲਾ ਦਿੱਤੀ ਗਈ। ਸ਼੍ਰੋਮਣੀ ਅਕਾਲੀ ਦਲ ਸਹਿਕਦੇ ਹੋਏ ਨੇ ਭਾਸ਼ਾਈ ਆਧਾਰ ਤੇ ਆਪਣੀ ਰਾਜਨੀਤਿਕ ਲਾਲਸਾ ਨੂੰ ਮੁੱਖ ਰੱਖ ਕੇ ਪੰਜਾਬੀ ਸੂਬੇ ਦਾ ਸੰਘਰਸ਼ ਅਰੰਭਿਆ ਤੇ 1966 ਵਿੱਚ ਰਾਜਧਾਨੀ ਅਤੇ ਆਪਣੇ ਪਾਣੀਆਂ ਤੋਂ ਕੋਰਾ ਪੰਜਾਬ ਸਿਰਜ ਲਿਆ। ਇਹ ਜਰੂਰ ਹੈ ਕਿ ਇਸ ਵਿੱਚ ਸਿੱਖ ਕੌਮ ਥੋੜੇ ਫਰਕ ਤੇ ਹਿੰਦੂਆਂ ਨਾਲੋਂ ਬਹੁ ਗਿਣਤੀ ਵਿੱਚ ਸੀ। ਇਸ ਦੇ ਬਾਵਜੂਦ ਵੀ ਉਸ ਵੇਲੇ ਦੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਰਾਜਨੀਤਿਕ ਪੂਰਤੀ ਨੂੰ ਪਹਿਲ ਦਿੰਦੇ ਹੋਏ ਹਿੰਦੂ ਕੱਟੜ ਜਮਾਤ ਜਨਸੰਘ ਨਾਲ ਸਾਂਝ ਪਾਈ। ਜਿਹੜੀ ਜਨਸੰਘ ਸਿੱਖਾਂ ਨੂੰ ਹਿੰਦੂ ਰਾਸ਼ਟਰ ਦਾ ਹਿੱਸਾ ਮੰਨਦੀ ਸੀ ਜਿਸਨੇ ਪੰਜਾਬੀ ਸੂਬਾ ਬਣਨ ਵੇਲੇ ਇਸਦੇ ਵਿਰੁੱਧ ਸੰਘਰਸ਼ ਕੀਤਾ ਸੀ ਤੇ ਪੰਜਾਬੀ ਭਾਸ਼ਾ ਨੂੰ ਤਿਲਾਂਜਲੀ ਦਿੰਦਿਆਂ ਹੋਇਆਂ ਹਿੰਦੀ ਨੂੰ ਆਪਣੀ ਮੁੱਖ ਭਾਸ਼ਾ ਦੱਸਿਆ ਸੀ। ਜਿਵੇਂ ਇੱਕ ਮਸ਼ਹੂਰ ਕਥਨ ਹੈ ਕਿ -

**ਲਮਹੋਂ ਨੇ ਖ਼ਤਾ ਕੀ ਔਰ ਸਦੀਓਂ ਨੇ ਸਜ਼ਾ ਪਾਈ**

ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਇਤਿਹਾਸ ਮੁੜ ਸਿਰਜਣ ਲਈ ਪੰਜਾਬ ਸੂਬੇ ਲਈ ਖੁਦਮੁਖਤਿਆਰੀ ਦਾ ਝੰਡਾ ਚੁੱਕਿਆ ਜੋ ਚਲਦਿਆਂ ਚਲਦਿਆਂ ਧਰਮ ਯੁੱਧ ਮੋਰਚੇ ਵਿੱਚ ਤਬਦੀਲ ਹੋ ਗਿਆ। ਜਿਸਦੇ ਕਾਰਨ ਦਰਬਾਰ ਸਾਹਿਬ ਫੌਜੀ ਹਮਲੇ ਦਾ ਨਿਸ਼ਾਨਾ ਬਣਿਆ ਤੇ ਉਸਤੋਂ ਬਾਅਦ ਸਿੱਖ ਸੰਘਰਸ਼ ਦੀ ਰੂਪ ਰੇਖਾ ਬਣਿਆ। ਸਮੇਂ ਨਾਲ ਸ਼੍ਰੋਮਣੀ ਅਕਾਲੀ ਦਲ ਨੇ ਇਸਦੇ ਸਿਰ ਤੇ ਆਪਣੀ ਰਾਜ ਸੱਤਾ ਤਾਂ ਸਿਰਜ ਲਈ ਪਰ ਆਪ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲ ਵਿੱਚ ਤਬਦੀਲ ਕਰਕੇ ਪਰਿਵਾਰਵਾਦ ਸਿਆਸਤ ਅਧੀਨ ਸਿੱਖ ਕੌਮ ਦੀ ਰਾਜਨੀਤੀ ਅਤੇ ਧਾਰਮਿਕ ਖੇਤਰ ਵਿੱਚ ਆਪਣੀ ਸਰਮਾਏਦਾਰੀ ਕਾਇਮ ਕਰ ਲਈ। ਇਸੇ ਦੌਰਾਨ ਹੀ ਜਨਸੰਘ ਦੀ ਪਛਾਣ ਮੌਜੂਦਾ ਸਮੇਂ ਵਿੱਚ ਬਣੀ। ਹਿੰਦੂਤਵ ਸੋਚ ਨਾਲ ਬੱਝੀ ਭਾਰਤੀ ਜਨਤਾ ਪਾਰਟੀ ਨਾਲ ਰਾਜਨੀਤਿਕ ਸਾਂਝ ਸਿਰਜ ਲਈ ਗਈ। ਕਸ਼ਮੀਰ ਦੀ ਖੇਤਰੀ ਪਾਰਟੀ ਦੀ ਲੀਡਰਸ਼ਿਪ ਦੀ ਤਰਜ਼ ਤੇ ਕੇਂਦਰ ਸਰਕਾਰ ਅਤੇ ਇਨਸਾਫ ਨਾਲ ਜੁੜੀਆਂ ਸੰਸਥਾਵਾਂ ਨਾਲ ਪੂਰੀ ਤਰਾਂ ਸਾਂਝ ਸਥਾਪਤ ਕਰ ਲਈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਇੱਕ ਰਾਸ਼ਟਰੀ ਪੱਖੀ ਸੂਬਾ ਪਾਰਟੀ ਤਾਂ ਬਣਾ ਲਿਆ ਪਰ ਸਿੱਖ ਕੌਮ ਨਾਲ ਜੁੜੇ ਅਤੇ ਪੰਜਾਬ ਦੀ ਕਿਸਾਨੀ ਨਾਲ ਜੁੜੇ ਅਹਿਮ ਮੁੱਦੇ ਜਿਵੇਂ ਕਿ ਪਾਣੀਆਂ ਦਾ ਮਸਲਾ ਤੇ ਹੋਰ ਮਸਲੇ ਪਿਛਾਂਹ ਸੁੱਟ ਦਿੱਤੇ ਗਏ। ਇਥੋਂ ਤੱਕ ਕਿ ਪੰਜਾਬ ਸੂਬੇ ਦੇ ਵੱਧ ਅਧਿਕਾਰਾਂ ਦਾ ਮੁੱਦਾ ਵੀ ਵਿਸਾਰ ਦਿੱਤਾ ਗਿਆ। ਆਪਣੀ ਰਾਸ਼ਟਰੀ ਸੂਬਾ ਪਾਰਟੀ ਦੀ ਪਛਾਣ ਨੂੰ ਬਰਕਰਾਰ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਕੇਂਦਰ ਸਰਕਾਰ ਦੇ ਕੇਂਦਰੀਕਰਨ ਜਿਹੇ ਸੰਵੇਦਨਸ਼ੀਲ ਮੁੱਦਿਆਂ ਤੇ ਉਹਨਾਂ ਦੇ ਭਾਈਵਾਲ ਬਣ ਗਏ। ਅੱਜ ਇਸ ਕੇਂਦਰੀਕਰਨ ਸਦਕਾ ਸੂਬਾ ਸਰਕਾਰਾਂ ਕੋਲ ਦਿਖਾਵੇ ਦੇ ਹੀ ਹੱਕ ਰਹਿ ਗਏ ਹਨ। ਲੰਮਾ ਸਮਾਂ ਰਾਜ ਸੱਤਾ ਵਿੱਚ ਰਹਿਣ ਸਦਕਾ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੇ ਰਾਜ ਕਾਲ ਦੌਰਾਨ ਵਾਪਰੀਆਂ ਅਤਿ ਸੰਵੇਦਨਸ਼ੀਲ ਘਟਨਾਵਾਂ ਸਦਕਾ ਸਿੱਖ ਕੌਮ ਵਿਚੋਂ ਆਪਣੀ ਪਛਾਣ ਤਕਰੀਬਨ ਗੁਆ ਚੁੱਕਿਆ ਹੈ। ਹੁਣ ਸੱਤਾ ਤੋਂ ਬਾਹਰ ਰਹਿਣ ਸਦਕਾ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਆਪਣੀ ਹੈਸੀਅਤ ਤੇ ਪਛਾਣ ਦਾ ਜਦੋਂ ਅੰਦਾਜ਼ਾ ਲੱਗਿਆ ਤਾਂ ਇਸਨੇ ਆਪਣੀ ਇਤਿਹਾਸਕ ਪਛਾਣ ਨੂੰ ਯਾਦ ਕਰਦਿਆਂ ਸਿੱਖ ਕੌਮ ਅਤੇ ਕਿਸਾਨੀ ਜੋ ਕਿ ਬਹੁ ਗਿਣਤੀ ਸਿੱਖ ਹੈ ਨਾਲ ਨੇੜਤਾ ਵਧਾਉਣ ਦਾ ਯਤਨ ਅਰੰਭਿਆ ਹੈ। ਹੁਣ ਪੰਜਾਬ ਦੀ ਕਿਸਾਨੀ ਭਾਰਤੀ ਰਾਜ ਅਧੀਨ ਪਹਿਲੀ ਵਾਰ ਆਪਣੇ ਭਵਿੱਖ ਨੂੰ ਗੁਆਚਦਿਆਂ ਦੇਖ ਰਹੀ ਹੈ। ਇਸ ਲਈ ਉਸਨੇ ਆਪਣੀ ਸਮਰਥਾ ਮੁਤਾਬਿਕ ਸੰਘਰਸ਼ ਦਾ ਰਾਹ ਚੁਣਿਆ ਹੈ। ਪਰ ਸੰਘਰਸ਼ਮਈ ਇਤਿਹਾਸ ਪ੍ਰਤੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸ਼ਮੂਲੀਅਤ ਪ੍ਰਤੀ ਪੰਜਾਬ ਦੀ ਕਿਸਾਨੀ ਮੁਨਕਰ ਹੈ। ਇਸ ਸੰਘਰਸ਼ ਰਾਹੀਂ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣਾ ਰਾਜਨੀਤਿਕ ਰਾਜ-ਸੱਤਾ ਵਾਲਾ ਸੁਪਨਾ ਘੜਨ ਦਾ ਯਤਨ ਕਰ ਰਹੀ ਹੈ ਪਰ ਵਕਤ ਦੇ ਪੰਨਿਆਂ ਉੱਤੇ ਤੇ ਰਾਜ ਸੱਤਾ ਦੇ ਨਸ਼ੇ ਵਿੱਚ ਜੋ ਖਤਾਵਾਂ ਹੋਈਆਂ ਹਨ, ਉਹਨਾਂ ਦਾ ਖ਼ਮਿਆਜਾ ਇਹਨਾਂ ਨੇ ਭੁਗਤਨਾ ਹੀ ਹੈ।

**ਹੁਣ ਪੰਜਾਬ ਦੇ ਕਿਸਾਨ ਦੀ ਇਹ ਦਿਸ਼ਾ ਹੈ ਕਿ -**

**ਸਾਡੇ ਮੁੱਕ ਜਾਂਦੇ ਦੇ ਦੇ ਸ਼ਹੀਦੀਆਂ**
**ਥੋਡੇ ਤਖਤਾਂ ਤੇ ਬਹਿਣ ਲਈ ਤਿਆਰ ਨੇ**
**ਸੱਚ ਆਉਂਦਾ ਨਹੀਂ ਸਾਹਮਣੇ**
**ਦਬਾਇਆ ਜਾਂਦਾ ਏ**
**ਬੇ-ਵਾਕ ਹੋ ਕੇ ਬੋਲੇ ਜੋ**
**ਬੰਦਾ ਵੱਡਿਆ ਜਾਂਦਾ ਏ**
**ਅਸੀਂ ਉਹ ਜੋ ਧਰਨੇ ਤੇ ਬੈਠੇ ਆਂ**
**ਤੁਸੀਂ ਉਹ ਜੋ ਚਲਾਉਂਦੇ ਸਰਕਾਰ ਨੇ**

# ਕਰੋਨਾ ਆਫ਼ਤ ਦੇ ਹੀਰੋ ਬਣੇ 20 ਸਿੱਖਾਂ ਨੂੰ ਮਿਲੇਗਾ ਬ੍ਰਿਟਿਸ਼ ਐਂਪਾਇਰ ਐਵਾਰਡ

## ਮਹਾਰਾਣੀ ਐਲਿਜ਼ਾਬੈੱਥ-2 ਦੇ ਜਨਮ ਦਿਨ 'ਤੇ ਇਨਾਂ ਸਾਰਿਆਂ ਨੂੰ ਐਵਾਰਡ ਮਿਲੇਗਾ

**ਲੰਡਨ/ਏ.ਟੀ.ਨਿਊਜ਼ :** ਕੋਰੋਨਾ ਨੇ ਪੂਰੀ ਦੁਨੀਆ ਨੂੰ ਗਹਿਰੇ ਜ਼ਖ਼ਮ ਦਿੱਤੇ। ਯੂ.ਕੇ. ਵੀ ਇਸ ਤੋਂ ਅਣਛੋਹਿਆ ਨਹੀਂ ਰਿਹਾ। ਇੱਥੇ 42 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਜਾਨ ਚਲੀ ਗਈ ਤੇ ਹਜ਼ਾਰਾਂ ਲੋਕ ਹਾਲੇ ਵੀ ਇਸ ਦੀ ਲਪੇਟ 'ਚ ਹਨ। ਦੁਨੀਆ ਦੇ ਤਾਕਤਵਰ ਦੇਸ਼ਾਂ 'ਚ ਸ਼ੁਮਾਰ ਇੰਗਲੈਂਡ ਵੀ ਮਹਾਂਮਾਰੀ ਦੇ ਸਾਹਮਣੇ ਲਾਚਾਰ ਨਜ਼ਰ ਆਇਆ। ਅਜਿਹੇ 'ਚ ਆਪਣੀ ਸੇਵਾ ਭਾਵਨਾ ਲਈ ਜਾਣੇ ਜਾਂਦੇ ਸਿੱਖ ਨਾਇਕ ਬਣ ਕੇ ਉੱਭਰੇ। ਯੂ.ਕੇ. 'ਚ ਵਸੇ ਪੰਜਾਬੀ ਮੂਲ ਦੇ 20 ਸਿੱਖਾਂ ਨੇ ਸਦਭਾਵਨਾ ਤੇ ਸਮਾਨਤਾ ਦੀ ਅਜਿਹੀ ਮਿਸਾਲ ਸਾਹਮਣੇ ਰੱਖੀ ਕਿ ਦੁਨੀਆ ਕਾਇਲ ਹੋ ਗਈ। ਮਹਾਰਾਣੀ ਐਲਿਜ਼ਾਬੈੱਥ-2 ਦੇ ਜਨਮ ਦਿਨ 'ਤੇ ਇਨਾਂ ਸਾਰਿਆਂ ਨੂੰ ਬ੍ਰਿਟਿਸ਼ ਐਂਪਾਇਰ ਐਵਾਰਡ ਦਿੱਤਾ ਜਾਵੇਗਾ।

ਕੁੱਲ 1495 ਲੋਕਾਂ ਦੀ ਸੂਚੀ ਜਾਰੀ ਕੀਤੀ ਗਈ ਹੈ, ਜਿਨਾਂ ਵਿਚ 20 ਪੰਜਾਬੀ ਸਿੱਖ ਹੀ ਹਨ। ਕਸਰਤ ਦੀ ਵੀਡੀਓ ਬਣਾ ਕੇ 12 ਹਜ਼ਾਰ ਪਾਊਂਡ ਇਕੱਤਰ ਕਰਨ ਵਾਲੇ ਅੰਮ੍ਰਿਤਸਰ 'ਚ ਜਨਮੇ ਰਾਜਿੰਦਰ ਸਿੰਘ ਹਰਜਾਲ ਤੇ 110 ਦਿਨਾਂ 'ਚ 18,000 ਹਜ਼ਾਰ ਫੂਡ ਪੈਕੇਟ ਤਿਆਰ ਕਰਨ ਵਾਲੀ ਰਾਣੀ ਕੌਰ ਵੀ ਇਸ ਵਿਚ ਸ਼ਾਮਲ ਹਨ। ਇਨਾਂ ਤੋਂ ਇਲਾਵਾ ਹਜ਼ਾਰਾਂ ਵਰਚੂਅਲ ਪ੍ਰਾਰਥਨਾ ਕਰਨ ਵਾਲੇ ਹਰਮੋਹਿੰਦਰ ਸਿੰਘ ਭਾਟੀਆ ਤੇ ਸਿੱਖ ਭਾਈਚਾਰੇ ਨੂੰ ਨਿਤਨੇਮ ਨਾਲ ਜੋੜੀ ਰੱਖਣ ਲਈ ਸੰਦੀਪ ਸਿੰਘ ਦੇ ਯਤਨਾਂ ਦੀ ਚਰਚਾ ਪੂਰੇ ਵਿਸ਼ਵ 'ਚ ਹੈ। ਇਹੀ ਨਹੀਂ ਨੈਸ਼ਨਲ ਹੈਲਥ ਸਿਸਟਮ ਨਾਲ ਜੁੜੇ ਅਜਿਹੇ ਵਾਰੀਅਰਜ਼ ਦੀ ਪਛਾਣ ਵੀ ਕੀਤੀ ਗਈ ਜਿਹੜੇ ਬਿਨਾਂ ਕਿਸੇ ਭੇਦਭਾਵ ਦੇ ਫਰੰਟ ਲਾਈਨ 'ਤੇ ਲੜੇ ਤੇ ਹਜ਼ਾਰਾਂ ਲੋਕਾਂ ਦੀ ਜਾਨ ਬਚਾਈ। ਪੇਸ਼ ਹਨ ਇਨਾਂ ਮਹਾਂਨਾਇਕਾਂ ਬਾਰੇ ਇਕ ਵਿਸ਼ੇਸ਼ ਰਿਪੋਰਟ :



1. ਰਾਜਿੰਦਰ ਸਿੰਘ ਹਰਜਾਲ

ਸਕਿਪਿੰਗ ਸਿੱਖ ਦੇ ਨਾਂ ਨਾਲ ਜਾਣੇ ਜਾਂਦੇ ਹਨ। ਮੂਲ ਰੂਪ 'ਚ ਅੰਮ੍ਰਿਤਸਰ ਦੇ ਨਿਵਾਸੀ ਹਨ। ਰੱਸੀ ਟੱਪਣ ਤੇ ਕਸਰਤ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਈ ਤੇ ਕੋਰੋਨਾ ਕਾਲ ਵਿੱਚ ਲੋੜਵੰਦਾਂ ਲਈ 12 ਹਜ਼ਾਰ ਪਾਊਂਡ ਦਾ ਫੰਡ ਇਕੱਤਰ ਕੀਤਾ।

2. ਪ੍ਰੋ. ਯਾਦਵਿੰਦਰ ਸਿੰਘ ਮਲੀ

ਆਕਸਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਹਨ। ਈਕੋ ਸਿਸਟਮ ਲਈ ਵਧੀਆ ਕੰਮ ਕਰਨ ਲਈ ਚੁਣਿਆ ਗਿਆ। ਇਨਾਂ ਦੀ ਖੋਜ ਨੇ ਇਹ ਸਮਝਣ 'ਚ ਮਦਦ ਕੀਤੀ ਕਿ ਇਸ ਨਾਜ਼ੁਕ ਹਾਲਾਤ ਵਿੱਚ ਕੀ ਬਦਲਾਅ ਹੋ ਰਹੇ ਹਨ।

3. ਮਨਜੀਤ ਕੌਰ ਗਿੱਲ

ਮਨਜੋਤ ਕੌਰ ਗਿੱਲ ਐੱਨਜੀਓ ਬਿੰਟੀ ਦੀ ਫਾਊਂਡਰ ਹਨ। ਵਿਕਾਸਸ਼ੀਲ ਦੇਸ਼ਾਂ 'ਚ ਮਾਸਿਕ ਧਰਮ ਵੇਲੇ ਔਰਤਾਂ ਦੀ ਸੁਰੱਖਿਆ ਲਈ ਕੰਮ ਕੀਤਾ ਤੇ ਉਨਾਂ ਨੂੰ ਸਨਮਾਨ ਦਿਵਾਇਆ।

4. ਰਾਣੀ ਕੌਰ

ਲਾਕਡਾਊਨ 'ਚ ਘਰ-ਘਰ ਭੋਜਨ ਪਹੁੰਚਾਉਣ 'ਚ ਮਦਦ ਪਹੁੰਚਾਈ। 200 ਲੋਕਾਂ ਦਾ ਖਾਣਾ ਰੋਜ਼ ਬਣਾ ਕੇ ਐਂਬੂਲੈਂਸ ਸੇਵਾ 'ਚ ਲੱਗੇ ਵਲੰਟੀਅਰਾਂ ਨੂੰ ਦਿੱਤਾ। ਬੈੱਡਫੋਰਡ ਹਸਪਤਾਲ ਲਈ ਮਾਸਕ ਬਣਾਏ। 110 ਦਿਨਾਂ 'ਚ 18,000 ਤੋਂ ਜ਼ਿਆਦਾ ਖਾਣੇ ਦੇ ਪੈਕੇਟ ਤਿਆਰ ਕੀਤੇ।

5. ਸੰਦੀਪ ਸਿੰਘ ਡੇਹਲੇ

ਲਾਕਡਾਊਨ 'ਚ ਗੁਰਦੁਆਰਾ ਬੰਦ ਹੋਣ 'ਤੇ ਅਰਦਾਸ ਲਈ ਆਨਲਾਈਨ ਪੋਰਟਲ ਚਲਾਇਆ ਤਾਂ ਜੋ ਸਿੱਖਾਂ ਦੇ ਨਿਤਨੇਮ 'ਚ ਕਿਸੇ ਤਰਾਂ ਦੀ ਸਮੱਸਿਆ ਨਾ ਆਵੇ। ਲੋਕਾਂ ਨੂੰ ਗੁਰੂਆਂ ਤੇ ਉਨਾਂ ਦੀ ਬਾਣੀ ਨਾਲ ਜੋੜ ਕੇ ਰੱਖਿਆ।

6. ਬਲਜੀਤ ਕੌਰ ਸੰਧੂ

ਬਲਜੀਤ ਕੌਰ ਯੂ.ਕੇ. ਦੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਵਕੀਲ ਹਨ। ਮਾਈਗ੍ਰੇਟ ਤੇ ਰਿਫਿਊਜੀ ਬੱਚਿਆਂ ਦੇ ਅਧਿਕਾਰਾਂ ਲਈ ਕੰਮ ਕਰ ਰਹੀ ਹਨ। ਸਮਾਨਤਾ ਤੇ ਸਿਵਲ ਸੁਸਾਇਟੀ ਲਈ ਜ਼ਿਕਰਯੋਗ ਕੰਮ ਕੀਤਾ ਹੈ।

7. ਹਰਮੋਹਿੰਦਰ ਸਿੰਘ ਭਾਟੀਆ

75 ਸਾਲ ਦੇ ਭਾਟੀਆ ਨੇ ਲਾਕਡਾਊਨ ਦੌਰਾਨ ਇਕ ਦਿਨ ਵਿਚ ਤਿੰਨ-ਤਿੰਨ ਪ੍ਰਾਰਥਨਾ ਕੀਤੀਆਂ। ਕੋਰੋਨਾ ਕਾਰਨ ਜਾਨ ਗੁਆਉਣ ਵਾਲਿਆਂ ਦਾ ਜ਼ੂਮ ਤੇ ਅੰਤਿਮ ਸਸਕਾਰ ਕਰਵਾਇਆ। ਵਾਰੀਅਰਜ਼ ਲਈ ਹਜ਼ਾਰਾਂ ਵਰਚੂਅਲ ਪ੍ਰਾਰਥਨਾ ਕੀਤੀਆਂ।

8. ਸਰਬਜੀਤ ਕਲੇਰ

44 ਸਾਲਾ ਫਰੰਟਲਾਈਨ ਡਾ. ਸਰਬਜੀਤ ਕਲੇਰ ਨੇ ਵੈਸਟ ਮਿਡਲੈਂਡ 'ਚ ਸੈਂਕੜੇ ਕੋਰੋਨਾ ਮਰੀਜ਼ਾਂ ਨੂੰ ਠੀਕ ਕੀਤਾ। 21 ਸਾਲ ਦੇ ਡਾਕਟਰੀ ਪੇਸ਼ੇ ਵਿਚ ਉਨਾਂ ਦੇ ਇਸ ਸਮਰਪਣ ਦੀ ਸਾਰਿਆਂ ਨੇ ਸ਼ਲਾਘਾ ਕੀਤੀ।

9. ਕਾਰਟਰ ਸਿੰਘ

ਕੋਰੋਨਾ ਕਾਲ ਵਿਚ ਲੋਕਾਂ ਦੀ ਮਾਨਸਿਕ ਸਿਹਤ ਦਾ ਖ਼ਿਆਲ ਰੱਖਣ 'ਚ ਅਹਿਮ ਭੂਮਿਕਾ ਨਿਭਾਈ। ਉਨਾਂ ਨੂੰ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਇਕੱਲੇ ਹਨ।

10. ਡਾ. ਗੁਰਪ੍ਰੀਤ ਸਿੰਘ ਕੌਂਡਲ

64 ਸਾਲਾ ਪਰਮਿੰਦਰ ਸਿੰਘ ਕੌਂਡਲ 2012 ਵਿੱਚ ਸਿੱਖਾਂ ਲਈ ਧਰਮ ਪ੍ਰਚਾਰਕ ਦੇ ਰੂਪ 'ਚ ਕੰਮ ਕਰ ਰਹੀ ਹਨ। ਉਨਾਂ ਦਾ ਗਰੁੱਪ ਸਿੱਖ ਮਰੀਜ਼ਾਂ ਦੀ ਸੇਵਾ ਤੇ ਅੰਗਰੇਜ਼ੀ ਭਾਸ਼ਾ ਵਿਚ ਅਸਹਿਜ ਲੋਕਾਂ ਦੀ ਮਦਦ ਕਰਦਾ ਹੈ।

12. ਜਤਿੰਦਰ ਸਿੰਘ ਹਰਚੋਵਾਲ

ਮਸ਼ਹੂਰ ਫਾਰਮਾਸਿਸਟ ਜਤਿੰਦਰ ਸਿੰਘ ਹਰਚੋਵਾਲ ਨੂੰ ਕੋਵਿਡ-19 ਦੇ ਦੌਰ ਵਿਚ ਫਾਰਮਾਸਿਊਟੀਕਲ ਪ੍ਰੋਫੈਸ਼ਨ ਦੀਆਂ ਸੇਵਾਵਾਂ ਲਈ ਚੁਣਿਆ ਗਿਆ।

13. ਮਨਵੀਰ ਕੌਰ ਹੋਥੀ

ਸੋਸ਼ਲ ਵਰਕਰ ਮਨਵੀਰ ਕੌਰ ਹੋਥੀ ਦੀ ਟੀਮ ਨੇ ਲਾਕਡਾਊਨ 'ਚ ਲੋਕਾਂ ਕੋਲ ਜਾ ਕੇ ਜ਼ਰੂਰਤ ਦਾ ਸਾਮਾਨ ਮੰਗਿਆ ਤੇ ਇਕੱਤਰ ਕਰ ਕੇ ਉਨਾਂ ਲੋਕਾਂ ਤਕ ਪਹੁੰਚਾਇਆ ਜਿਨਾਂ ਨੂੰ ਸਭ ਤੋਂ ਜ਼ਿਆਦਾ ਜ਼ਰੂਰਤ ਸੀ।

14. ਨੀਤਾ ਅਵਨਾਸ਼ ਕੌਰ

ਬ੍ਰਿਟਿਸ਼ ਬਿਜ਼ਨੈੱਸ ਬੈਂਕ ਦੀ ਡਾਇਰੈਕਟਰ ਨੀਤਾ ਅਵਨਾਸ਼ ਕੌਰ ਨੇ ਲਘੂ ਵਪਾਰ ਲਈ ਲੋਕਲ ਕਮਿਊਨਿਟੀ ਨੂੰ ਵਿੱਤੀ ਸੇਵਾਵਾਂ ਮੁਹੱਈਆ ਕਰਵਾ ਕੇ ਉਨਾਂ ਦਾ ਪੱਧਰ ਉੱਚਾ ਚੁੱਕਣ ਵਿਚ ਮਦਦ ਕੀਤੀ।

15. ਡਾ. ਗੁਰਜਿੰਦਰ ਸੰਧੂ

ਇਨਫੈਕਡਿਟ ਮਰੀਜ਼ਾਂ ਦੇ ਮਾਹਿਰ ਡਾ. ਗੁਰਜਿੰਦਰ ਸੰਧੂ ਦੀ ਖੋਜ ਨੇ ਮੁਸ਼ਕਲ ਸਮੇਂ ਤੋਂ ਬਾਹਰ ਨਿਕਲਣ ਵਿਚ ਹਜ਼ਾਰਾਂ ਲੋਕਾਂ ਦੀ ਮਦਦ ਕੀਤੀ।

ਨਾਨ-ਕੋਵਿਡ : ਇਨਾਂ ਨੂੰ ਵੀ ਮਿਲੇਗਾ ਸਨਮਾਨ

16. ਹਰਮਿੰਦਰ ਕੌਰ ਚੰਨਾ

ਹਰਮਿੰਦਰ ਕੌਰ ਚੰਨਾ ਆਰਕ ਬੋਲਟਨ ਅਕਾਦਮੀ ਦੀ ਪ੍ਰਿੰਸੀਪਲ ਹਨ। ਸਿੱਖਿਆ ਦੇ ਖੇਤਰ ਵਿਚ ਵਧੀਆ ਸੇਵਾਵਾਂ ਤੇ ਬਦਲਾਅ ਲਿਆਉਣ ਲਈ ਉਨਾਂ ਨੂੰ ਸਨਮਾਨਤ ਕੀਤਾ ਜਾਵੇਗਾ।

17. ਸਰਬਜੀਤ ਸਿੰਘ ਪੁਰੇਵਾਲ

ਸਰਬਜੀਤ ਸਿੰਘ ਪੁਰੇਵਾਲ ਸਪੈਸ਼ਲਿਸਟ ਪ੍ਰਿੰਸੀਪਲ ਇੰਸਪੈਕਟਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਸੁਰੱਖਿਆ ਤੇ ਸਾਈਬਰ ਸੁਰੱਖਿਆ ਦੇ ਖੇਤਰ ਵਿਚ ਜ਼ਿਕਰਯੋਗ ਸੇਵਾਵਾਂ ਲਈ ਉਨਾਂ ਦੀ ਚੋਣ ਹੋਈ ਹੈ।

18. ਅਮੋਲਕ ਸਿੰਘ ਧਾਰੀਵਾਲ

ਫਾਇਨਾਂਸ ਡਾਇਰੈਕਟਰ ਤੇ ਬੈਮ ਬਿਜ਼ਨੈੱਸ ਕਮਿਊਨਿਟੀ ਵਿਚ ਅਮੋਲਕ ਸਿੰਘ ਧਾਰੀਵਾਲ ਮੰਨਿਆ-ਪ੍ਰਮੰਨਿਆ ਨਾਂ ਹੈ। ਏਸ਼ੀਅਨ, ਬਲੈਕ ਤੇ ਘੱਟ ਗਿਣਤੀਆਂ ਦੀ ਮਦਦ ਲਈ ਹਮੇਸ਼ਾ ਅੱਗੇ ਰਹੇ।

19. ਪ੍ਰਬੀਰ ਕੌਰ ਜਗਪਾਲ

ਪ੍ਰਬੀਰ ਕੌਰ ਜਗਪਾਲ ਫਾਰਮਾ ਲੈਕਚਰਾਰ ਹਨ। ਸਿਹਤ ਵਿਚ ਵੱਖਰੇਵਿਆਂ ਤੇ ਤਾਲਮੇਲ ਸੇਵਾਵਾਂ ਲਈ ਉਨਾਂ ਨੂੰ ਚੁਣਿਆ ਗਿਆ।

20. ਪਰਮਿੰਦਰ ਸਿੰਘ ਪੁਰੇਵਾਲ

ਰੈੱਨਫ੍ਰਿਊ ਵਿਚ ਮਹਿਮਾਨ ਨਿਵਾਜ਼ੀ ਸੇਵਾਵਾਂ ਲਈ ਸਨਮਾਨਤ ਕੀਤਾ ਜਾਵੇਗਾ

### ਯੋਗੀ ਦਾ ਠਾਕੁਰਵਾਦ ਬਨਾਮ...

ਉਨਾਂ ਨੇ ਰਾਜਨੀਤੀ ਉੱਤੇ ਵੀ ਦਬਦਬਾ ਬਣਾਇਆ। ਠਾਕੁਰ, ਜਿਨਾਂ ਨੇ ਸਮਾਜ ਵਿਚ ਬ੍ਰਾਹਮਣਾਂ ਦੀ ਰੱਖਿਆ ਕੀਤੀ, ਰਾਜਨੀਤੀ ਅਤੇ ਪ੍ਰਸ਼ਾਸਨ ਵਿਚ ਉਨਾਂ ਤੋਂ ਪਛੜ ਗਿਆ।

ਪਰ ਅੱਜ ਯੋਗੀ ਆਦਿੱਤਿਆਨਾਥ ਹਿੰਦੂਤਵ ਦੇ ਏਜੰਡੇ ਨਾਲ ਠਾਕੁਰ ਵਾਦੀ ਰਾਜਨੀਤੀ ਨੂੰ ਮਜ਼ਬੂਤ ਕਰ ਰਹੇ ਹਨ। ਉਹ ਯੂ ਪੀ ਦੇ ਸਾਰੇ ਠਾਕੁਰ ਨੇਤਾਵਾਂ ਨੂੰ ਇੱਕਜੁੱਟ ਕਰ ਰਹੇ ਹਨ। ਨੌਕਰਸ਼ਾਹੀ ਤੋਂ ਲੈ ਕੇ ਸਥਾਨਕ ਪ੍ਰਸ਼ਾਸਨ ਤੱਕ, ਠਾਕੁਰ ਜਾਤੀ ਪ੍ਰਮੁੱਖ ਹੈ। ਠਾਕੁਰ ਵਾਦੀ ਹੋਣ ਦੇ ਦੋਸ਼ਾਂ ਦੇ ਬਾਵਜੂਦ ਯੋਗੀ ਆਦਿੱਤਿਆਨਾਥ ਦੀ ਸ਼ੈਲੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ। ਇਸ ਦਾ ਮਤਲਬ ਹੈ ਕਿ ਉਨਾਂ ਦਾ ਏਜੰਡਾ ਅਤੇ ਮਾਰਗ ਬਿਲਕੁਲ ਨਿਰਧਾਰਿਤ ਹੈ। ਅਜਿਹਾ ਲਗਦਾ ਹੈ ਕਿ ਯੋਗੀ ਆਦਿੱਤਿਆਨਾਥ ਭਾਜਪਾ ਦੇ ਅੰਦਰ ਆਪਣੇ ਵਿਰੋਧ ਦਾ ਮੁਕਾਬਲਾ ਕਰਨ ਲਈ ਤਿਆਰ ਹਨ। ਜੇ ਯੂ ਪੀ ਵਿਚ ਵਧ ਰਹੇ ਅਪਰਾਧ ਅਤੇ ਅਰਾਜਕਤਾ ਕਾਰਨ ਯੋਗੀ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਤਾਂ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਯੋਗੀ ਆਦਿੱਤਿਆਨਾਥ ਨੂੰ ਭਾਜਪਾ ਤੋਂ ਬਗ਼ਾਵਤ ਕਰਨ ਵਿਚ ਬਹੁਤੀ ਦੇਰ ਨਹੀਂ ਲੱਗੇਗੀ। ਉਹ ਠਾਕੁਰ ਜਾਤੀ ਦੇ ਮਜ਼ਬੂਤ ਅਧਾਰ 'ਤੇ ਸੁਤੰਤਰ ਤੌਰ ਤੇ ਯੂ ਪੀ ਦੀ ਰਾਜਨੀਤੀ ਕਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ। ਜੇ ਆਉਣ ਵਾਲੇ ਸਮੇਂ ਵਿਚ ਕੋਈ ਬਗ਼ਾਵਤ ਅਤੇ ਨਵੀਂ ਪਾਰਟੀ ਆਉਂਦੀ ਹੈ, ਤਾਂ ਇਹ ਹੈਰਾਨੀ ਨਹੀਂ ਹੋਵੇਗੀ।

# ਸਿੱਖਾਂ ਨੇ ਸਦੀ ਦੇ ਇਨਕਲਾਬੀ ਇਤਿਹਾਸ ਨੂੰ ਦੁਹਰਾਇਆ

## ਦਲਿਤ ਅਤੇ ਘੱਟ ਗਿਣਤੀ ਜਥੇਬੰਦੀ ਨੇ ਸੰਗਤੀ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ 'ਚ ਦੇਗ ਕਰਵਾਈ




**ਅੰਮ੍ਰਿਤਸਰ/ਏ.ਟੀ.ਨਿਊਜ਼:** ਦਲਿਤ ਅਤੇ ਘੱਟ ਗਿਣਤੀ ਜਥੇਬੰਦੀ ਨੇ ਹੋਰਾਂ ਨਾਲ ਮਿਲ ਕੇ ਕਰੀਬ ਸੌ ਸਾਲ ਪਹਿਲਾਂ ਵਾਪਰੀ ਘਟਨਾ ਦੀ ਯਾਦ ਵਿੱਚ 'ਦਲਿਤ ਮੁੜ ਪ੍ਰਵੇਸ਼ ਸ੍ਰੀ ਹਰਿਮੰਦਰ ਸਾਹਿਬ' ਸਮਾਗਮ ਕੀਤਾ ਅਤੇ ਮੁੜ ਸ੍ਰੀ ਹਰਿਮੰਦਰ ਸਾਹਿਬ 'ਚ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ। ਇਸ ਮੌਕੇ ਅਕਾਲ ਤਖ਼ਤ 'ਚ ਅਰਦਾਸ ਵੀ ਕਰਵਾਈ ਗਈ ਅਤੇ ਮੰਗ ਪੱਤਰ ਵੀ ਸੌਂਪਿਆ ਗਿਆ।

ਭਾਈ ਗੁਰਦਾਸ ਹਾਲ 'ਚ ਹੋਏ ਸਮਾਗਮ ਦੌਰਾਨ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਗੁਰਬਾਣੀ ਦੇ ਕੀਰਤਨ ਮਗਰੋਂ ਸੌ ਸਾਲ ਪਹਿਲਾਂ ਵਾਪਰੀ ਘਟਨਾ ਦੇ ਇਤਿਹਾਸ 'ਤੇ ਚਾਨਣਾ ਪਾਇਆ ਗਿਆ। ਜਥੇਬੰਦੀ ਦੇ ਪ੍ਰਧਾਨ ਡਾ. ਕਸ਼ਮੀਰ ਸਿੰਘ ਖੁੰਡਾ ਨੇ ਦੱਸਿਆ ਕਿ ਅੰਗਰੇਜ਼ਾਂ ਦੇ ਰਾਜ ਵੇਲੇ ਜਦੋਂ ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ 'ਤੇ ਮਹੰਤ ਕਾਬਜ਼ ਹੋ ਗਏ ਸਨ ਤਾਂ ਉਨਾਂ ਦਲਿਤ ਸਿੱਖਾਂ ਨੂੰ ਗੁਰੂਘਰਾਂ 'ਚ ਆਉਣ ਤੋਂ ਰੋਕ ਦਿੱਤਾ ਸੀ ਅਤੇ ਕੜਾਹ ਪ੍ਰਸ਼ਾਦ ਵੀ ਪ੍ਰਵਾਨ ਨਹੀਂ ਕੀਤਾ ਜਾਂਦਾ ਸੀ। ਇਸ ਸਬੰਧ ਵਿਚ 10, 11 ਅਤੇ 12 ਅਕਤੂਬਰ 1920 ਵਿਚ ਜੱਲਿਆਂਵਾਲਾ ਬਾਂਗ ਵਿਚ ਇਕੱਠ ਕੀਤਾ ਗਿਆ। ਦੋ ਦਿਨ ਦੀਵਾਨ ਚੱਲੇ ਅਤੇ 12 ਅਕਤੂਬਰ ਵਾਲੇ ਦਿਨ ਖ਼ਾਲਸਾ ਕਾਲਜ ਦੇ ਪ੍ਰੋ. ਤੇਜਾ ਸਿੰਘ ਭੁੱਚਰ, ਪ੍ਰੋ. ਨਰਿੰਜਨ ਸਿੰਘ, ਦਲਿਤ ਸਿੱਖ ਆਗੂ ਮਹਿਤਾਬ ਸਿੰਘ, ਕਰਤਾਰ ਸਿੰਘ ਝੱਬਰ ਤੇ ਹੋਰਨਾਂ ਨਾਲ ਦਲਿਤ ਸਿੱਖ ਭਾਈਚਾਰੇ ਦੀ ਸੰਗਤ ਸ੍ਰੀ ਦਰਬਾਰ ਸਾਹਿਬ ਪੁੱਜੀ, ਜਿੱਥੇ ਕਾਬਜ਼ ਮਹੰਤਾਂ ਨਾਲ ਉਨਾਂ ਦੀ ਤਕਰਾਰ ਹੋਈ ਅਤੇ ਬਾਅਦ ਵਿਚ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਲੈਣ 'ਤੇ ਗੱਲ ਮੁੱਕੀ। ਹੁਕਮਨਾਮਾ ਹੱਕ ਵਿਚ ਆਇਆ ਤਾਂ ਮਹੰਤ ਛੱਡ ਕੇ ਭੱਜ ਗਏ। ਉਸ ਵੇਲੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਗਈ ਅਤੇ ਸ੍ਰੀ ਅਕਾਲ ਤਖ਼ਤ 'ਤੇ ਅਰਦਾਸ ਕੀਤੀ ਗਈ।

ਅੱਜ ਵੀ 100 ਸਾਲ ਪਹਿਲਾਂ ਵਾਂਗ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਪ੍ਰਥਮ ਬੁਲਾਰੇ ਵਜੋਂ ਸੰਬੋਧਨ ਕਰਦਿਆਂ ਆਖਿਆ ਕਿ ਇਸ ਲਹਿਰ ਵਿਚੋਂ ਹੀ ਸ਼੍ਰੋਮਣੀ ਕਮੇਟੀ ਅਤੇ ਸਿੱਖਾਂ ਦੀ ਰਾਜਸੀ ਜਥੇਬੰਦੀ ਵਜੋਂ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ ਹਨ। ਉਨਾਂ ਆਖਿਆ ਕਿ ਅੱਜ ਦਾ ਦਿਨ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਜੋਸ਼ੋ-ਸ਼ੋਰ ਨਾਲ ਮਨਾਉਣਾ ਚਾਹੀਦਾ ਸੀ। ਉਨਾਂ ਆਖਿਆ ਕਿ ਇਸ ਘਟਨਾ ਦੇ 100 ਸਾਲ ਬੀਤਣ ਮਗਰੋਂ ਅੱਜ ਚਿੰਤਨ ਤੇ ਮੰਥਨ ਦੀ ਲੋੜ ਹੈ। ਭਾਈ ਮਰਦਾਨਾ ਦੀ ਮਿਸਾਲ ਦਿੰਦਿਆਂ ਉਨਾਂ ਕਿਹਾ ਕਿ ਗੁਰੂ ਸਾਹਿਬ ਨੇ ਸ਼ੁਰੂ ਤੋਂ ਹੀ ਭਾਈ ਮਰਦਾਨਾ ਨੂੰ ਨਾਲ ਰੱਖਿਆ ਸੀ। ਉਨਾਂ ਆਖਿਆ,'ਸੰਗਤ ਤੇ ਪੰਗਤ ਦਾ ਸਿਧਾਂਤ ਖ਼ਤਮ ਹੁੰਦਾ ਜਾ ਰਿਹਾ ਹੈ, ਪਿੰਡਾਂ ਵਿਚ ਜਾਤਾਂ 'ਤੇ ਆਧਾਰਿਤ ਗੁਰਦੁਆਰੇ ਅਤੇ ਸ਼ਮਸ਼ਾਨ ਘਾਟ ਬਣੇ ਹੋਏ ਹਨ। ਅੱਜ ਮੁੜ ਪੁਰਾਤਨ ਸਿਧਾਂਤਾਂ 'ਤੇ ਚੱਲਣ ਦੀ ਲੋੜ ਹੈ। ਗੁਰੂ ਸਿਧਾਂਤ ਨਾਲ ਸਿਆਸਤ ਨਹੀਂ ਹੋਣੀ ਚਾਹੀਦੀ ਹੈ।' ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਨੇ ਮੰਗ ਰੱਖੀ ਕਿ ਖ਼ਾਲਸਾ ਕਾਲਜ ਦੇ ਵਿੱਦਿਅਕ ਅਦਾਰਿਆਂ ਵਿਚ ਦਲਿਤ ਸਿੱਖ ਵਿੱਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦੇਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਦੌਰਾਨ ਪ੍ਰੋਫੈਸਰ ਤੇਜਾ ਸਿੰਘ ਭੁੱਚਰ ਅਤੇ ਕਰਤਾਰ ਸਿੰਘ ਝੱਬਰ ਦੇ ਪਰਿਵਾਰ ਵਿੱਚੋਂ ਵੀ ਮੈਂਬਰ ਪੁੱਜੇ ਹੋਏ ਸਨ, ਜਿਨਾਂ ਵਿਚ ਭੁਪਿੰਦਰ ਸਿੰਘ ਅਤੇ ਹਰਚਰਨ ਸਿੰਘ ਸ਼ਾਮਲ ਸਨ। ਇਸੇ ਤਰਾਂ ਦੇਗ ਲੈ ਕੇ ਜਾਣ ਵਾਲੇ ਪਾਲਾ ਸਿੰਘ ਦੇ ਪਰਿਵਾਰ ਵਿਚੋਂ ਕ੍ਰਿਪਾਲ ਸਿੰਘ ਰਾਹੀ ਸ਼ਾਮਲ ਸਨ।

ਉਨਾਂ ਨੂੰ ਪ੍ਰਬੰਧਕਾਂ ਨੇ ਸਿਰੋਪਾ ਦੇ ਕੇ ਸਨਮਾਨਿਤ ਵੀ ਕੀਤਾ। ਸਮਾਗਮ ਵਿਚ ਖ਼ਾਲਸਾ ਕਾਲਜ ਸਕੂਲ ਦੇ ਪ੍ਰਿੰਸੀਪਲ ਤੇ ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਸ੍ਰੀ ਗੁਰੂ ਕੇਂਦਰੀ ਸਿੰਘ ਸਭਾ ਚੰਡੀਗੜ ਤੋਂ ਸ਼ਾਮ ਸਿੰਘ, ਗਲੋਬਲ ਸਿੱਖ ਕੌਂਸਲ ਵੱਲੋਂ ਗੁਰਪ੍ਰੀਤ ਸਿੰਘ, ਸ਼ਹੀਦ ਬਾਬਾ ਬੀਰ ਸਿੰਘ ਫਾਊਂਡੇਸ਼ਨ ਦੇ ਨੁਮਾਇੰਦੇ ਸਮੇਤ ਸਿੱਖ ਵਿਦਵਾਨ ਪ੍ਰੋ. ਮਨਜੀਤ ਸਿੰਘ, ਪ੍ਰੋ. ਜਗਦੀਸ਼ ਸਿੰਘ, ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਪ੍ਰਚਾਰਕ ਜਗਦੇਵ ਸਿੰਘ ਸਮੇਤ ਹੋਰਨਾਂ ਨੇ ਵੀ ਸੰਬੋਧਨ ਕੀਤਾ। ਜਥੇਬੰਦੀ ਦੇ ਸਰਪ੍ਰਸਤ ਡਾ. ਰਾਜ ਕੁਮਾਰ ਹੰਸ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਦਲਿਤ ਇਨਕਲਾਬ ਦਾ ਘਾੜਾ ਕਾਂਸ਼ੀ ਰਾਮ

**- ਦਰਬਾਰਾ ਸਿੰਘ**

ਰੋਪੜ ਜ਼ਿਲੇ ਦੇ ਪਿੰਡ ਖੁਆਸਪੁਰਾ ਦੇ ਲੋਕਾਂ ਨੇ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਇਕ ਸਿੱਖ ਦਲਿਤ ਪਰਿਵਾਰ ਵਿਚ ਪੈਦਾ ਹੋਇਆ ਕਾਂਸ਼ੀ ਰਾਮ ਕਦੇ ਦਲਿਤ ਭਾਈਚਾਰੇ ਨੂੰ ਵੱਖ-ਵੱਖ ਜੰਜਾਲਾਂ ਤੋਂ ਮੁਕਤੀ ਦਿਵਾਉਣ ਲਈ ਇਨਕਲਾਬ ਦਾ ਘਾੜਾ ਬਣੇਗਾ। ਆਪਣੀ ਮੰਜ਼ਿਲ ਤੈਅ ਕਰਨ ਖ਼ਾਤਰ ਉਨਾਂ ਨੇ ਸ਼ਾਦੀ ਕਰਾਉਣ ਤੋਂ ਇਨਕਾਰ ਕਰ ਦਿੱਤਾ ਸੀ, ਜੋ ਇਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋਣੀ ਤੈਅ ਹੋਈ ਸੀ। ਉਨਾਂ ਨੇ ਸ਼ਾਦੀ ਦੇ ਝੰਜਟਾਂ ਵਿਚ ਪੈਣ ਦੀ ਥਾਂ ਸਾਰੀ ਉਮਰ ਦੱਬੇ-ਕੁਚਲੇ ਦਲਿਤ ਵਰਗ ਨੂੰ ਮਾਨਸਿਕ, ਸਰੀਰਕ ਅਤੇ ਆਤਮਿਕ ਤੌਰ 'ਤੇ ਜਾਗ੍ਰਿਤ ਕਰਨ ਅਤੇ ਸੱਤਾ ਸ਼ਕਤੀ ਵਿਚ ਭਾਈਵਾਲੀ ਬਣਾਉਣ ਵਿਚ ਲਗਾ ਦੇਣ ਦਾ ਸੰਕਲਪ ਲਿਆ। ਉਨਾਂ ਨੇ ਭਾਰਤੀ ਸੰਵਿਧਾਨ ਦੇ ਘਾੜੇ ਡਾ. ਭੀਮ ਰਾਓ ਅੰਬੇਡਕਰ ਦੀਆਂ ਸਿੱਖਿਆਵਾਂ ਅਨੁਸਾਰ, ਇਕ ਸੰਗਠਿਤ ਲਹਿਰ ਉਸਾਰਨ ਦਾ ਪੱਕਾ ਟੀਚਾ ਮਿਥਿਆ। ਉਨਾਂ ਨੇ ਸੰਨ 1971 ਵਿਚ ਪੂਨੇ ਦੇ ਖੜਕੀ ਖੇਤਰ ਵਿਚ ਪਹਿਲੀ ਦਲਿਤ-ਮੁਲਾਜ਼ਮ ਮੀਟਿੰਗ ਕੀਤੀ ਜਿਸ ਵਿਚ ਮਸਾਂ 60 ਮੁਲਾਜ਼ਮਾਂ ਨੇ ਭਾਗ ਲਿਆ।

ਉਨੀਂ ਦਿਨੀਂ ਉਹ ਮਿਲਟਰੀ ਨਾਲ ਸਬੰਧਿਤ ਡੀਆਰਡੀਓ 'ਚ ਮੁਲਾਜ਼ਮ ਸਨ। ਉਨਾਂ ਨੇ 14 ਅਕਤੂਬਰ 1971 ਨੂੰ ਨਹਿਰੂ ਮੈਮੋਰੀਅਲ ਹਾਲ, ਪੂਨਾ ਵਿਖੇ ਇਕ ਕਾਨਫ਼ਰੰਸ ਸੱਦੀ।

ਜਿਸ ਵਿਚ ਲਗਪਗ ਇਕ ਹਜ਼ਾਰ ਮੁਲਾਜ਼ਮਾਂ ਨੇ ਭਾਗ ਲਿਆ। ਬੱਸ! ਉਨਾਂ ਦਾ ਜਾਦੂ ਚੱਲ ਨਿਕਲਿਆ ਅਤੇ ਦਲਿਤ ਇਨਕਲਾਬ ਵੱਲ ਕਾਰਵਾਂ ਤੋਰੇ ਪੈ ਗਿਆ। ਸੰਨ 1973 ਵਿਚ ਉਨਾਂ ਨੇ ਪਛੜੇ ਅਤੇ ਘੱਟ ਗਿਣਤੀ ਵਰਗਾਂ ਦੇ ਮੁਲਾਜ਼ਮਾਂ ਨੂੰ ਇੱਕਜੁੱਟ ਕਰਨ ਲਈ 'ਬਾਮਸੇਫ਼' ਨਾਂ ਦੀ ਜਥੇਬੰਦੀ ਗਠਿਤ ਕੀਤੀ। ਛੇ ਦਸੰਬਰ 1973 ਨੂੰ ਦਿੱਲੀ ਵਿਖੇ ਇਕ ਮੀਟਿੰਗ ਵਿਚ ਉਨਾਂ ਨੇ ਇਸ ਦੇ ਝੰਡੇ ਥੱਲੇ ਦੋ ਲੱਖ ਮੁਲਾਜ਼ਮਾਂ ਨੂੰ ਲਿਆਉਣ ਦਾ ਟੀਚਾ ਮਿਥਿਆ, ਜੋ 5 ਸਾਲਾਂ ਵਿਚ ਸੰਨ 1978 ਵਿਚ ਪੂਰਾ ਕਰ ਲਿਆ ਗਿਆ। ਸੰਨ 1980 ਵਿਚ 20 ਤੋਂ 24 ਨਵੰਬਰ ਤਕ 'ਬਾਮਸੇਫ਼' ਦੀ ਦੂਜੀ ਕਾਨਫ਼ਰੰਸ ਹੋਈ ਜਿਸ ਵਿਚ 22 ਰਾਜਾਂ ਦੇ ਪ੍ਰਤੀਨਿਧਾਂ ਨੇ ਸ਼ਿਰਕਤ ਕੀਤੀ। ਇਸ ਵਿਚ ਉਨਾਂ ਨੇ ਦੋ ਨਾਅਰੇ ਦਿੱਤੇ। ਪਹਿਲਾ, 'ਪੜੋ-ਜੁੜੋ, ਸੰਘਰਸ਼ ਕਰੋ, ਜਾਤ ਤੋੜੋ-ਸਮਾਜ ਜੋੜੋ' ਅਤੇ ਦੂਜਾ 'ਮਜ਼ਬੂਤ ਭਾਈਚਾਰਾ ਬਣਾਓ, ਨਸ਼ਿਆਂ ਦਾ ਸੇਵਨ ਬੰਦ ਕਰੋ' ਸਨ। ਛੇ ਦਸੰਬਰ 1981 ਨੂੰ ਆਪਣੇ ਅਸਲ ਰਾਜਨੀਤਕ ਨਿਸ਼ਾਨੇ ਵੱਲ ਕਦਮ ਵਧਾਉਂਦਿਆਂ, ਉਨਾਂ ਨੇ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ) ਗਠਿਤ ਕੀਤੀ। ਸੰਨ 1982 ਵਿਚ ਓਸਾਕਾ, ਜਾਪਾਨ ਵਿਖੇ ਇਕ ਮਾਨਵ ਅਧਿਕਾਰ ਕਾਨਫ਼ਰੰਸ ਵਿਚ ਭਾਗ ਲਿਆ, ਜਿੱਥੇ ਭਾਰਤੀ ਸਮਾਜ ਵਿਚ ਦਲਿਤ ਵਰਗਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਬਾਰੇ ਕੌਮਾਂਤਰੀ ਭਾਈਚਾਰੇ ਨੂੰ ਜਾਣਕਾਰੀ ਦਿੱਤੀ। ਬਾਬੂ ਕਾਂਸ਼ੀ ਰਾਮ ਨੇ ਸਮੁੱਚੇ ਦੇਸ਼ 'ਚ ਦਲਿਤ ਵਰਗ ਨੂੰ ਆਪਣੀ ਨਵੀਂ ਸੰਸਥਾ ਨਾਲ ਜੋੜਨ ਲਈ ਸਾਈਕਲ 'ਤੇ ਸਵਾਰ ਹੋ ਕੇ ਲਗਪਗ 11 ਹਜ਼ਾਰ ਕਿੱਲੋਮੀਟਰ ਯਾਤਰਾ ਕੀਤੀ।

ਪੱਛਮੀ ਬੰਗਾਲ ਵੱਲ ਜਾਂਦਿਆਂ, ਜਦੋਂ ਉਨਾਂ ਦੇ ਸਾਈਕਲ ਦੇ ਦੋਵੇਂ ਟਾਇਰ ਪੰਕਚਰ ਹੋ ਗਏ ਤਾਂ ਉਹ ਸਾਈਕਲ ਮੋਢੇ 'ਤੇ ਰੱਖ ਕੇ ਤੁਰ ਪਏ ਤਾਂ ਕਿ ਟਾਇਰ ਤੇ ਰਿਮ ਖ਼ਰਾਬ ਨਾ ਹੋ ਜਾਣ। ਇਕ ਢਾਬੇ ਕੋਲੋਂ ਲੰਘਦਿਆਂ ਜਦੋਂ ਕੁਝ ਪੰਜਾਬੀ ਟਰੱਕ ਡਰਾਈਵਰਾਂ ਨੇ ਉਨਾਂ ਨੂੰ ਮਜ਼ੌਲ ਕਰਦਿਆਂ ਇਸ ਸਥਿਤੀ ਬਾਰੇ ਪੁੱਛਿਆ, ਤਾਂ ਉਨਾਂ ਕੋਲ ਇਕ ਵੀ ਪੈਸਾ ਨਾ ਹੋਣ ਦੀ ਲਾਚਾਰੀ ਅਤੇ ਆਪਣੇ ਵਡੇਰੇ ਮੰਤਵ ਬਾਰੇ ਦੱਸਿਆ। ਉਨਾਂ ਡਰਾਈਵਰਾਂ ਨੇ ਬਾਬੂ ਜੀ ਦੇ ਇਨਕਲਾਬੀ ਸੰਘਰਸ਼ ਅਤੇ ਸਿਰੜ ਤੋਂ ਪ੍ਰਭਾਵਿਤ ਹੁੰਦੇ ਹੋਏ ਨਾ ਸਿਰਫ਼ ਉਨਾਂ ਨੂੰ ਵਧੀਆ ਖਾਣਾ ਖੁਆਇਆ, ਬਲਕਿ ਚੋਖੇ ਪੈਸੇ ਤੁਰੰਤ ਇਕੱਤਰ ਕਰ ਕੇ ਦਿੱਤੇ ਤਾਂ ਕਿ ਨਵੇਂ ਟਾਇਰ-ਟਿਊਬਾਂ ਪੁਆ ਸਕਣ ਅਤੇ ਯਾਤਰਾ ਜਾਰੀ ਰੱਖ ਸਕਣ। ਅੱਜ ਐਸੇ ਸਿਰੜੀ ਨੇਤਾ ਭਾਰਤ ਵਿਚ ਕਿੱਥੇ? ਦਲਿਤ ਇਨਕਲਾਬ ਦੇ ਚੜਦੇ ਸੂਰਜ ਤੋਂ ਕਾਂਗਰਸ ਪਾਰਟੀ,



ਕਾਂਗਰਸ ਪ੍ਰਧਾਨ ਅਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਹੁਤ ਘਬਰਾਏ ਹੋਏ ਸਨ। ਉਨਾਂ ਨੇ ਬਾਬੂ ਕਾਂਸ਼ੀ ਰਾਮ ਦੀ ਅਗਵਾਈ ਵਿਚ ਤੇਜ਼ੀ ਫੜ ਰਹੇ ਦਲਿਤ ਸੰਘਰਸ਼ ਦੀ ਰੀੜ ਦੀ ਹੱਡੀ ਤੋੜਨ ਲਈ ਪਾਰਟੀ ਨੇਤਾਵਾਂ ਅਤੇ ਕਾਂਗਰਸ ਸ਼ਾਸਿਤ ਸੂਬਾ ਸਰਕਾਰਾਂ ਨੂੰ ਸਖ਼ਤ ਨਿਰਦੇਸ਼ ਦਿੱਤੇ।

ਕਾਂਗਰਸੀ ਨੇਤਾਵਾਂ ਨੇ ਦਲਿਤ ਲਹਿਰ ਦੇ ਲਗਪਗ 110 ਆਗੂ ਖ਼ਰੀਦ ਲਏ। ਪ੍ਰਤੀਕਰਮ ਵਜੋਂ ਬਾਬੂ ਕਾਂਸ਼ੀ ਰਾਮ ਨੇ ਸੰਨ 1984 ਵਿਚ 'ਸਮਤਾ ਤੇ ਆਤਮ-ਸਨਮਾਨ' ਅੰਦੋਲਨ ਕੰਨਿਆ ਕੁਮਾਰੀ ਤੋਂ ਕਸ਼ਮੀਰ ਤਕ ਚਲਾਇਆ। ਉਨਾਂ ਨੇ ਦਲਿਤ ਭਾਈਚਾਰੇ ਨੂੰ ਵੰਗਾਰਦਿਆਂ ਕਿਹਾ, 'ਭਾਰਤੀ ਲੋਕਤੰਤਰ ਕੁਝ ਵੀ ਨਹੀਂ, ਸਿਰਫ਼ ਅਮੀਰ ਲੋਕਾਂ ਦੇ ਨੋਟਾਂ ਅਤੇ ਗ਼ਰੀਬ ਦੇ ਵੋਟਾਂ ਨਾਲ ਖੇਡੀ ਜਾਣ ਵਾਲੀ ਇਕ ਖੇਡ ਹੈ। ਸਾਡੇ ਦੁੱਖਾਂ ਦਾ ਅੰਤ ਹੋਰ ਕੋਈ ਨਹੀਂ ਕਰ ਸਕਦਾ।

ਸਾਨੂੰ 6000 ਜਾਤਾਂ ਵਿਚ ਵੰਡੇ ਹੋਏ ਲੋਕਾਂ ਨੂੰ ਆਪਸ ਵਿਚ ਭਾਈਚਾਰਾ ਪੈਦਾ ਕਰ ਕੇ ਮਜ਼ਬੂਤ ਬਹੁਜਨ ਸਮਾਜ ਬਣਾਉਣਾ ਪਵੇਗਾ। ਉਨਾਂ ਨੇ 14 ਅਪ੍ਰੈਲ 1984 ਨੂੰ ਡਾ. ਅੰਬੇਡਕਰ ਜੈਅੰਤੀ 'ਤੇ 'ਬਹੁਜਨ ਸਮਾਜ ਪਾਰਟੀ' ਗਠਿਤ ਕੀਤੀ। ਜਿਸ ਦਾ ਮੁੱਖ ਨਿਸ਼ਾਨਾ 'ਸੰਪੂਰਨ ਸਮਾਜਿਕ ਪਰਿਵਰਤਨ, ਆਰਥਿਕ ਮੁਕਤੀ, ਰਾਜਨੀਤਕ ਹਿੱਸੇਦਾਰੀ ਅਤੇ ਧਾਰਮਿਕ ਆਜ਼ਾਦੀ' ਰੱਖਿਆ ਗਿਆ। ਉਹ ਰਾਜਨੀਤਕ ਸ਼ਕਤੀ ਨੂੰ ਇਕ 'ਉਸਤਾਦ ਕੁੰਜੀ' ਸਮਝਦੇ ਸਨ ਜਿਸ ਨਾਲ ਰਾਜ ਸੱਤਾ ਹਥਿਆਈ ਜਾ ਸਕਦੀ ਹੈ ਅਤੇ ਸੰਪੂਰਨ ਸਮਾਜਿਕ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਉਨਾਂ ਨੇ ਬਹੁਜਨ ਸਮਾਜ ਨੂੰ ਜਾਤੀ ਪ੍ਰਥਾ ਦਾ ਸਰਵ ਨਾਸ਼ ਕਰਨ, ਵਰਨ ਆਧਾਰਤ ਸਮਾਜਿਕ ਢਾਂਚਾ ਤੋੜਨ, ਰਾਜਨੀਤਕ ਅਸਥਿਰਤਾ ਪੈਦਾ ਕਰ ਕੇ ਆਪ ਸੰਗਠਿਤ ਹੋ ਕੇ ਸੱਤਾ ਪ੍ਰਾਪਤ ਕਰਨ ਲਈ ਸੰਦੇਸ਼ ਦਿੱਤਾ। ਉਹ ਭਾਵੇਂ ਸਥਾਪਿਤ ਰਾਖਵੇਂ ਕਰਨ ਦੀ ਹਮਾਇਤ ਕਰਦੇ ਸਨ ਪਰ ਇਹ ਵੀ ਕਹਿੰਦੇ ਸਨ ਕਿ ਅੱਜ ਲਤਾੜੇ ਲੋਕਾਂ ਨੂੰ ਉੱਪਰ ਉਠਾਉਣ ਲਈ ਰਾਖਵੇਂ ਕਰਨ ਦੀ ਨਹੀਂ, ਉਚਿੱਤ ਮਾਹੌਲ ਸਿਰਜਣ ਦੀ ਲੋੜ ਹੈ।

ਜਿਊਂਦੇ-ਜੀਅ ਉਹ ਕੁਮਾਰੀ ਮਾਇਆਵਤੀ ਨੂੰ ਉੱਤਰ ਪ੍ਰਦੇਸ਼ ਦੀ ਦੋ ਵਾਰ ਮੁੱਖ ਮੰਤਰੀ ਬਣਾਉਣ ਵਿਚ ਸਫਲ ਹੋ ਗਏ। ਉਹ ਬਸਪਾ ਨੂੰ ਸੱਤਾ ਸ਼ਕਤੀ ਦੀ 'ਉਸਤਾਦ ਕੁੰਜੀ' ਦੇ ਬਲਬੂਤੇ ਦਿੱਲੀ ਦੇ ਸਿੰਘਾਸਣ 'ਤੇ ਬਿਠਾਉਣਾ ਚਾਹੁੰਦੇ ਸਨ ਪਰ ਬਿਮਾਰੀ, ਉਮਰ ਕਾਰਨ ਅਤੇ ਬਸਪਾ 'ਚ ਸੰਗਠਨ ਦੀਆਂ ਘਾਟਾਂ ਸਦਕਾ ਉਨਾਂ ਦਾ ਇਹ ਸੁਪਨਾ ਅਧੂਰਾ ਰਿਹਾ।



Gary Singh
FOR UNION CITY
CITY COUNCIL

ENDORSEMENTS
Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

Gary Singh,
The Voice of Small Business

ACCOMPLISHMENTS
- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

PRIORITIES
- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

RE - ELECT for City Council
Gary Singh
THE VOICE OF SMALL BUSINESS

Gary Singh is a Union City small business owner and an advocate for other small businesses in our community.

FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com



On November 3, Remember to VOTE for
Gary Singh for Union City, City Council!

PAID FOR BY GARY SINGH FOR CITY COUNCIL 2020. FPPC #1425084


# ਮਾੜੀ ਹੈ, ਗ਼ਲਤੀਆਂ ਦੀ ਦੁਹਰਾਈ

- ਹਰਕੀਰਤ ਕੌਰ ਸਭਰਾ
9779118066

ਇਸ ਦੁਨੀਆ ਵਿੱਚ ਅਜਿਹਾ ਕੋਈ ਵਿਅਕਤੀ ਨਹੀਂ, ਜਿਸ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਕੋਈ ਗ਼ਲਤੀ ਨਾ ਕੀਤੀ ਹੋਵੇ। ਹਰ ਵਿਅਕਤੀ ਨੇ ਭਾਵੇਂ ਜਾਣੇ-ਅਨਜਾਣੇ ਵਿੱਚ ਪਾਪ ਵੀ ਕੀਤੇ ਹੁੰਦੇ ਹਨ, ਦਿਲ ਵੀ ਦੁਖਾਏ ਹੁੰਦੇ ਹਨ। ਹਰ ਵਿਅਕਤੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੱਧਰ ਉੱਤੇ, ਕਿਸੇ ਨਾ ਕਿਸੇ ਦੀ ਪੀੜਾ ਦਾ ਕਾਰਨ ਬਣਿਆ ਹੁੰਦਾ ਹੈ। ਅਸੀਂ ਸਾਰੇ ਗ਼ਲਤੀਆਂ ਕਰਦੇ ਹਾਂ। ਇਹਨਾਂ ਕੀਤੀਆਂ ਗ਼ਲਤੀਆਂ ਦਾ ਭੁਗਤਾਨ ਅਸੀਂ ਖ਼ੁਦ ਤਾਂ ਭੁਗਤਦੇ ਹੀ ਹਾਂ, ਕਈ ਵਾਰ ਸਾਡੀਆਂ ਗ਼ਲਤੀਆਂ ਦਾ ਸਾਡੇ ਪਰਿਵਾਰ ਤੇ ਅਤੇ ਨਜ਼ਦੀਕੀਆਂ ਉੱਤੇ ਗਹਿਰਾ ਅਸਰ ਹੁੰਦਾ ਹੈ। ਇਸ ਜਹਾਨ ਵਿੱਚ ਹਰ ਚੀਜ਼ ਦੇ ਦੋ ਪਹਿਲੂ ਹੁੰਦੇ ਹਨ, ਚੰਗਾ ਅਤੇ ਬੁਰਾ। ਇਨਸਾਨ ਹਮੇਸ਼ਾ ਚੰਗੇ ਵੱਲ ਆਕਰਸ਼ਿਤ ਹੁੰਦਾ ਹੈ। ਜਿਵੇਂ, ਕਿ ਖ਼ੁਸ਼ੀ ਦੀ ਉਮੀਦ ਕਰਦਾ ਹੈ ਅਤੇ ਗ਼ਮਾਂ ਤੋਂ ਭੱਜਦਾ ਹੈ, ਜਿੱਤਣਾ ਚਾਹੁੰਦਾ ਹੈ, ਹਾਰਨ ਤੋਂ ਡਰਦਾ ਹੈ। ਚਾਨਣ ਵਧੀਆ ਲੱਗਦਾ ਹੈ ਪਰ ਹਨੇਰੇ ਤੋਂ ਦੂਰ ਭੱਜਦਾ ਹੈ। ਪਰ ਕੁਝ ਵੀ ਹੋਵੇ ਚੰਗਾ ਜਾਂ ਬੁਰਾ, ਉਸਦੀ ਆਪਣੀ ਇੱਕ ਮਹੱਤਤਾ ਹੁੰਦੀ ਹੈ। ਜਿਹੜਾ ਜ਼ਿੰਦਗੀ ਵਿੱਚ ਕਦੇ ਹਾਰਿਆ ਨਹੀਂ ਹੋਵੇਗਾ, ਉਹ ਜਿੱਤ ਦਾ ਅਸਲੀ ਅਨੰਦ ਨਹੀਂ ਮਾਣ ਸਕੇਗਾ। ਜਿਸ ਇਨਸਾਨ ਨੇ ਕਦੇ ਗ਼ਲਤੀ ਨਹੀਂ ਕੀਤੀ ਹੋਵੇਗੀ, ਕਦੇ ਉਸਨੇ ਕੋਸ਼ਿਸ਼ ਵੀ ਨਹੀਂ ਕੀਤੀ ਹੋਵੇਗੀ। ਕਹਿਣ ਤੋਂ ਭਾਵ ਕਿ ਹਰ ਇੱਕ ਚੀਜ਼ ਦੀ ਆਪਣੀ ਮਹੱਤਤਾ ਹੈ। ਜੇਕਰ ਗੱਲ ਖ਼ਾਸ ਕਰਕੇ ਗ਼ਲਤੀਆਂ ਦੀ ਕੀਤੀ ਜਾਵੇ ਤਾਂ ਇਨਸਾਨ ਕੋਲੋਂ ਗ਼ਲਤੀਆਂ ਹੋਣੀਆਂ ਕੋਈ ਵੱਡੀ ਗੱਲ ਨਹੀਂ ਹੈ। ਜਾਣੇ- ਅਨਜਾਣੇ ਵਿੱਚ ਹਰ ਵਿਅਕਤੀ ਗ਼ਲਤੀਆਂ ਕਰਦਾ ਹੈ ਪਰ ਸੋਚਣ ਹਿਤ ਗੱਲ ਇਹ ਹੈ ਕਿ ਅਸੀਂ ਉਨਾਂ ਗ਼ਲਤੀਆਂ ਤੋਂ ਸਬਕ ਕੀ ਲਿਆ ਹੈ ? ਗ਼ਲਤੀਆਂ ਅਤੇ ਹਾਰਾਂ ਸਾਨੂੰ ਜ਼ਿੰਦਗੀ ਦੇ ਸਭ ਤੋਂ ਵੱਡੇ ਸਬਕ ਦੇ ਕੇ ਜਾਂਦੀਆਂ ਹਨ । ਇਨਸਾਨ ਨੂੰ ਗ਼ਲਤੀਆਂ ਦਾ ਪੁਤਲਾ ਕਿਹਾ ਜਾਂਦਾ ਹੈ । ਸਾਨੂੰ ਆਪਣੀਆਂ ਪਿਛਲੀਆਂ ਗ਼ਲਤੀਆਂ ਤੋਂ ਹਮੇਸ਼ਾ ਸਬਕ ਲੈਣਾ ਚਾਹੀਦਾ ਹੈ। ਕੋਸ਼ਿਸ਼ ਰਹੇ ਕਿ ਇੱਕ ਵਾਰ ਕੀਤੀ ਗ਼ਲਤੀ ਦੂਸਰੀ ਵਾਰ ਦੁਹਰਾਈ ਨਾ ਜਾਵੇ। ਕਿਉਂਕਿ ਇੱਕ ਵਾਰ ਗ਼ਲਤੀ ਇਨਸਾਨ ਕੋਲੋਂ ਹੁੰਦੀ ਹੈ ਪਰੰਤੂ ਉਸੇ ਗ਼ਲਤੀ ਨੂੰ ਦੁਬਾਰਾ ਦੁਹਰਾਉਣਾ ਮੂਰਖਤਾਈ ਕਹਿਲਾਉਂਦਾ ਹੈ। ਸੋ ਗ਼ਲਤੀਆਂ ਤੋਂ ਸਬਕ ਸਿੱਖ ਕੇ ਜੀਵਨ ਵਿੱਚ ਅੱਗੇ ਵਧਦੇ ਰਹਿਣਾ ਚਾਹੀਦਾ ਹੈ। ਆਪਣੀ ਜ਼ਿੰਦਗੀ ਦੇ ਤਜਰਬੇ ਨੂੰ ਵਧਾਉਂਦੇ ਜਾਓ ਪਰ ਬਿਨਾਂ ਗ਼ਲਤੀਆਂ ਨੂੰ ਦੁਹਰਾਏ, ਕਿਉਂਕਿ ਗ਼ਲਤੀਆਂ ਕਰਨਾ ਮਾੜਾ ਨਹੀਂ ਗ਼ਲਤੀਆਂ ਨੂੰ ਵਾਰ ਵਾਰ ਦੁਹਰਾਉਣਾ ਮਾੜਾ ਹੈ।

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com


GARY
SINGH
MANTECA CITY COUNCIL
YOUR VOICE
AT CITY HALL
PRIORITIES:
PUBLIC SAFETY - JOBS - HOMELESSNESS
SUPPORTED BY
MANTECA PUBLIC SAFETY AND WORKING FAMILIES
singhforcouncil@gmail.com
www.singhformanteca.com
MANTECA PROUD

# ਮਾਵਾਂ ਅੱਜ ਬ੍ਰਿਧ ਆਸ਼ਰਮਾਂ ਵਿੱਚ ਰੁਲ਼ ਰਹੀਆਂ



**- ਵਿਜੈ ਗਰਗ**

ਜਦੋਂ ਬੱਚਾ ਇਸ ਦੁਨੀਆਂ ਵਿੱਚ ਜਨਮ ਲੈਂਦਾ ਹੈ ਤਾਂ ਉਸ ਨੂੰ ਸਿਵਾਏ ਰੋਣ ਦੇ ਹੋਰ ਕੱਝ ਨਹੀਂ ਆਉਂਦਾ ਹੁੰਦਾ, ਪਰ ਉਦੋਂ ਵੀ ਉਸ ਨੂੰ ਮਾਂ ਦੀ ਮਿੱਠੀ ਪਿਆਰੀ ਤੇ ਨਿੱਘੀ ਗੋਦੀ ਦਾ ਅਹਿਸਾਸ ਜਰੂਰ ਹੁੰਦਾ ਹੈ। ਉਹ ਕਿੰਨਾ ਵੀ ਰੋਂਦਾ ਕਿਉਂ ਨਾ ਹੋਵੇ-ਪਰ ਜੇਕਰ ਮਾਂ ਉਸ ਨੂੰ ਮਮਤਾ ਨਾਲ ਘੁੱਟ ਕੇ ਹਿੱਕ ਨਾਲ ਲਾ ਲਵੇ ਤਾਂ ਝੱਟ ਚੁੱਪ ਕਰ ਜਾਂਦਾ ਹੈ। ਮਾਂ ਆਪਣੇ ਬੱਚੇ ਲਈ ਹਰ ਦੁੱਖ ਸੁੱਖ ਆਪਣੇ ਤਨ ਤੇ ਜਰਦੀ ਹੈ, ਪਰ ਆਪਣੇ ਬੱਚਿਆਂ ਨੂੰ ਤੱਤੀ ਵਾ ਨਹੀਂ ਲਗਣ ਦਿੰਦੀ। ਮਾਂ ਮਮਤਾ ਦੀ ਮੂਰਤ, ਪਿਆਰ ਦਾ ਸਾਗਰ, ਦਇਆ ਤੇ ਤਿਆਗ ਦੀ ਦੇਵੀ ਹੈ।

ਮਾਂ ਦਾ ਪਿਆਰ ਸਾਨੂੰ, ਸਰਦੀ 'ਚ ਨਿੱਘ, ਗਰਮੀ 'ਚ ਠੰਢਕ ਤੇ ਦੁੱਖ ਮੁਸੀਬਤ ਵਿੱਚ ਧਰਵਾਸ ਦਿੰਦਾ ਹੈ। ਜਦੋਂ ਕਦੇ ਅਚਾਨਕ ਸਾਨੂੰ ਕੋਈ ਸੱਟ ਫੇਟ ਲੱਗ ਜਾਵੇ ਤਾਂ ਸਾਡੇ ਮੂੰਹੋਂ ਆਪ ਮੁਹਾਰੇ ਹੀ 'ਹਾਏ ਮਾਂ' ਨਿਕਲਦਾ ਹੈ। ਗੱਲ ਕੀ ਹਰ ਦੁੱਖ ਸੁੱਖ ਵਿੱਚ ਸਭ ਤੋਂ ਪਹਿਲਾਂ ਮਾਂ ਹੀ ਯਾਦ ਆਉਂਦੀ ਹੈ। ਮਾਂ ਸਾਰੇ ਦੁੱਖ ਆਪਣੇ ਸਿਰ ਲੈ ਕੇ, ਸਾਰੇ ਸੁੱਖ ਬੱਚਿਆਂ ਤੋਂ ਨਿਛਾਵਰ ਕਰ ਦਿੰਦੀ ਹੈ।ਮਾਂ ਦੇ ਪਿਆਰ ਦਾ ਬਦਲ ਵੀ ਇਸ ਦੁਨੀਆਂ ਵਿੱਚ ਕੋਈ ਨਹੀਂ। ਕਹਿੰਦੇ ਹਨ ਕਿ- 'ਰੱਬ ਹਰ ਥਾਂ ਨਹੀਂ ਪਹੁੰਚ ਸਕਦਾ, ਇਸੇ ਲਈ ਉਸ ਨੇ ਮਾਂ ਦੀ ਸਿਰਜਣਾ ਕੀਤੀ।' ਮਾਂ ਦੇ ਪਿਆਰ ਨੂੰ ਸਮਾਂ ਤੇ ਦੂਰੀ ਘੱਟ ਨਹੀਂ ਕਰ ਸਕਦੇ ਅਤੇ ਨਾ ਹੀ ਅਯੋਗਤਾ ਜਾਂ ਨਾਸ਼ੁਕਰਾਪਨ ਕਮਜ਼ੋਰ ਕਰ ਸਕਦੇ ਹਨ। ਮਾਂ ਦੀ ਕੁਰਬਾਨੀ ਦਾ ਮੁੱਲ ਕਿਸੇ ਵੀ ਕੀਮਤ ਤੇ ਤਾਰਿਆ ਨਹੀਂ ਜਾ ਸਕਦਾ ਪਰ ਪਿਆਰ ਸਤਿਕਾਰ ਤਾਂ ਦਿੱਤਾ ਹੀ ਜਾ ਸਕਦਾ ਹੈ- ਪਰ ਦੁੱਖ ਦੀ ਗੱਲ ਇਹ ਹੈ ਕਿ ਅਜੋਕੇ ਯੁੱਗ ਵਿੱਚ ਬੱਚੇ ਇਸ ਤੋਂ ਵੀ ਮੁਨਕਰ ਹੁੰਦੇ ਜਾ ਰਹੇ ਹਨ।

ਮਾਂ ਦਾ ਰੋਲ ਕੇਵਲ ਬੱਚੇ ਨੂੰ ਆਪਣੀ ਕੁੱਖ ਤੋਂ ਜਨਮ ਦੇ ਕੇ ਹੀ ਖਤਮ ਨਹੀਂ ਹੋ ਜਾਂਦਾ, ਸਗੋਂ ਪਿਆਰ ਦੁਲਾਰ ਦੇ ਨਾਲ ਉਸ ਦਾ ਪਾਲਣ-ਪੋਸ਼ਣ ਕਰਨਾ ਤੇ ਜ਼ਿੰਦਗੀ ਵਿੱਚ ਸਹੀ ਰਾਹ ਦਿਖਾਉਣਾ ਵੀ ਉਸ ਦਾ ਫਰਜ਼ ਹੁੰਦਾ ਹੈ। ਪਰ ਦੇਖਣ ਵਿੱਚ ਆਇਆ ਹੈ ਕਿ ਕਈ ਪਰਿਵਾਰਾਂ ਵਿੱਚ ਇਹ ਰੋਲ ਦਾਦੀਆਂ ਨਾਨੀਆਂ ਵੀ ਨਿਭਾਅ ਰਹੀਆਂ ਹਨ। ਮਾਂ ਇੱਕ ਕਲਾਕਾਰ ਹੁੰਦੀ ਹੈ ਜੋ ਆਪਣੇ ਬੱਚੇ ਦੀ ਸ਼ਖ਼ਸੀਅਤ ਨੂੰ ਘੜਨ ਲਈ ਆਪਣੀ ਪੂਰੀ ਵਾਹ ਲਾਉਂਦੀ ਹੈ। ਭਗਤ ਪੂਰਨ ਸਿੰਘ ਦੀ ਮਾਂ ਮਹਿਤਾਬ ਕੌਰ ਨੇ ਆਪਣੇ ਬੱਚੇ ਦੀ ਸ਼ਖ਼ਸੀਅਤ ਨੂੰ ਏਨਾ ਸੁਹਣਾ ਘੜਿਆ ਕਿ-ਉਹ ਹਜ਼ਾਰਾਂ ਲੂਲੇ, ਲੰਗੜੇ, ਪਿੰਗਲਿਆਂ ਦੀ ਮਾਂ ਬਣ ਗਿਆ-ਜਿਸ ਦੀ ਮਿਸਾਲ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ। ਨੈਪੋਲੀਅਨ ਨੇ ਵੀ ਕਿਹਾ ਸੀ ਕਿ- 'ਤੁਸੀਂ ਮੈਨੂੰ ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਚੰਗੀ ਕੌਮ ਦੇਵਾਂਗਾ।' ਮਾਂ ਤੋਂ ਬਿਨਾਂ ਇਸ ਸ੍ਰਿਸ਼ਟੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਇਸੇ ਕਾਰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਇਸ ਜਗਤ-ਜਨਣੀ ਦੇ ਹੱਕ ਵਿੱਚ ਆਵਾਜ਼ ਉਠਾਉਂਦਿਆਂ ਕਿਹਾ ਸੀ- 'ਸੋ ਕਿਉ ਮੰਦਾ ਆਖੀਅਹਿ ਜਿਤ ਜੰਮਹਿ ਰਾਜਾਨ॥

ਦੁੱਖ ਇਸ ਗੱਲ ਦਾ ਹੈ ਕਿ ਅੱਜ ਸਾਡੀਆਂ ਮਾਵਾਂ ਅੱਜ ਬ੍ਰਿਧ ਆਸ਼ਰਮਾਂ ਵਿੱਚ ਰੁਲ਼ ਰਹੀਆਂ ਹਨ। ਵਿਦੇਸ਼ਾਂ ਵਿੱਚ ਵੀ ਇਹੀ ਹਾਲ ਹੈ। ਕੋਈ ਕਰਮਾਂ ਵਾਲਾ ਪਰਿਵਾਰ ਹੋਏਗਾ, ਜਿੱਥੇ ਮਾਂ ਜਾਂ ਬਾਪ ਬੱਚਿਆਂ ਦੇ ਨਾਲ ਰਹਿੰਦੇ ਹਨ। ਹਾਂ- ਬਹੁਤੇ ਪਰਿਵਾਰਾਂ ਵਿੱਚ ਲੜਕੀਆਂ ਨੇ ਹੀ ਮਾਂ- ਬਾਪ ਮੰਗਵਾਏ ਹਨ ਤੇ ਉਨਾਂ ਕੋਲ ਹੀ ਰਹਿੰਦੇ ਹਨ ਭਾਵੇਂ ਉਸੇ ਸ਼ਹਿਰ ਵਿੱਚ ਲੜਕੇ ਦਾ ਪਰਿਵਾਰ ਵੀ ਰਹਿੰਦਾ ਹੋਵੇ। ਜਿੰਨਾ ਚਿਰ ਛੋਟੇ ਬੱਚਿਆਂ ਨੂੰ ਸੰਭਾਲਣਾ ਹੁੰਦਾ ਹੈ, ਉਨਾ ਚਿਰ ਦਾਦੀ- ਦਾਦੇ ਦੀ ਕਦਰ ਹੁੰਦੀ ਹੈ- ਪਰ ਜਿਉਂ ਹੀ ਬੱਚੇ ਟੀਨ-ਏਜਰ ਹੁੰਦੇ ਹਨ ਤਾਂ ਉਹ ਬਜ਼ੁਰਗ ਵਾਧੂ ਲੱਗਣ ਲੱਗ ਜਾਂਦੇ ਹਨ। ਫਿਰ ਉਨਾਂ ਨੂੰ ਕਿਸੇ ਬੇਸਮੈਂਟ ਜਾਂ ਓਲਡ-ਏਜ ਹੋਮ ਵਿੱਚ ਜਾਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ- ਜਿੱਥੇ ਕਦੇ ਕਦਾਈਂ ਮਾਂ-ਦਿਵਸ ਤੇ ਗੁਲਦਸਤਾ ਦੇ ਕੇ ਵਰਾਇਆ ਜਾਂਦਾ ਹੈ। ਜ਼ਰਾ ਸੋਚੋ ਭਾਈ- ਕੀ ਮਾਵਾਂ ਦੀ ਕੁਰਬਾਨੀ ਦਾ ਇਹੀ ਮੁੱਲ ਰਹਿ ਗਿਆ? ਮੇਰੇ ਇੱਕ ਬਜ਼ੁਰਗ ਪਾਠਕ ਮੈਨੂੰ ਆਪਣੀ ਇਸ ਤਰਾਂ ਦੀ ਕਹਾਣੀ ਦੱਸ ਕੇ ਰੋ ਪਏ।

ਮਾਂ ਦੇ ਪਿਆਰ ਦੀ ਅਸਲ ਕੀਮਤ ਕਿਸੇ ਯਤੀਮ ਬੱਚੇ ਨੂੰ ਪੁੱਛ ਕੇ ਦੇਖੋ- ਜਿਹੜਾ ਵਿਚਾਰਾ 'ਮਾਂ' ਲਫ਼ਜ਼ ਕਹਿਣ ਲਈ ਤਰਸਿਆ ਹੁੰਦਾ ਹੈ। ਉਹ ਲੋਕ ਨਸੀਬਾਂ ਵਾਲੇ ਹਨ ਜੋ ਅਜੇ ਤੱਕ ਮਾਂ ਦੇ ਪਿਆਰ ਦਾ ਨਿੱਘ ਮਾਣ ਰਹੇ ਹਨ। 'ਮਾਂ ਦਾ ਦਿੱਲ' ਕਵਿਤਾ ਸ਼ਾਇਦ ਤੁਸੀਂ ਵੀ ਪੜੀ ਹੋਏਗੀ- ਜਿਸ ਵਿੱਚ ਇੱਕ ਕਲਯੁਗੀ ਪੁਤਰ, ਆਪਣੀ ਮਹਿਬੂਬਾ ਦੇ ਕਹਿਣ ਤੇ ਮਾਂ ਦਾ ਕਲੇਜਾ ਕੱਢ ਕੇ ਲਿਜਾ ਰਿਹਾ ਹੁੰਦਾ ਹੈ ਕਿ ਰਸਤੇ ਵਿੱਚ ਠੇਡਾ ਖਾ ਕੇ ਡਿਗ ਪੈਂਦਾ ਹੈ- ਉਸ ਵੇਲੇ ਮਾਂ ਦੇ ਦਿੱਲ ਵਿਚੋਂ ਆਵਾਜ਼ ਨਿਕਲਦੀ ਹੈ-'ਪੁੱਤਰਾ ਕਿਧਰੇ ਸੱਟ ਤਾਂ ਨਹੀਂ ਲੱਗੀ?' ਪੁੱਤਰ ਕਿੰਨਾ ਵੀ ਨਿਕੰਮਾ ਨਿਕਲੇ ਲੇਕਿਨ ਮਾਂ ਦੇ ਮੂੰਹੋਂ ਕਦੇ ਉਸ ਲਈ ਕੋਈ ਬਦਅਸੀਸ ਨਹੀਂ ਨਿਕਲਦੀ। ਸਾਥੀਓ- ਦੁਨੀਆਂ ਦੀ ਹਰ ਸ਼ੈਅ ਪੈਸੇ ਨਾਲ ਖਰੀਦੀ ਜਾ ਸਕਦੀ ਹੈ ਲੇਕਿਨ 'ਮਾਂ ਦੀਆਂ ਅਸੀਸਾਂ' ਕਿਧਰੇ ਮੁੱਲ ਨਹੀਂ ਮਿਲਦੀਆਂ। ਇਨਾਂ ਅਸੀਸਾਂ ਵਿੱਚ ਬੜੀ ਵੱਡੀ ਤਾਕਤ ਹੁੰਦੀ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ- 'ਲੈ ਅਸੀਸਾਂ ਮਾਂ ਦੇ ਪਾਸੋਂ, ਭਰ ਲੈ ਆਪਣੀ ਸੱਖਣੀ ਝੋਲ।'

ਕੋਈ ਸਮਾਂ ਸੀ, ਪਰਿਵਾਰ ਦਾ ਕੋਈ ਵੀ ਜੀਅ ਕਿਸੇ ਕੰਮ ਲਈ ਘਰੋਂ ਬਾਹਰ ਜਾਂਦਾ ਤਾਂ ਬਜ਼ੁਰਗ ਮਾਂ ਜਾਂ ਬਾਪ ਦੇ ਚਰਨ ਛੂਹ ਕੇ, ਆਸ਼ੀਰਵਾਦ ਲੈ ਕੇ ਜਾਂਦਾ। ਉਸ ਨੂੰ ਤਸੱਲੀ ਹੁੰਦੀ ਤੇ ਸ਼ਾਇਦ ਮਾਪਿਆਂ ਦੀਆਂ ਅਸੀਸਾਂ ਕਾਰਨ, ਉਸ ਦਾ ਕਾਰਜ ਵੀ ਸਹਿਜੇ ਹੀ ਨੇਪਰੇ ਚੜ ਜਾਂਦਾ। ਅਸੀਂ ਵੀ ਜਦ ਛੋਟੇ ਹੁੰਦੇ ਪੇਪਰ ਦੇਣ ਜਾਂਦੇ ਤਾਂ ਸਾਡੇ ਬੀਜ਼ੀ ਸਾਡੇ ਮੂੰਹ ਵਿੱਚ ਦੋ ਚਮਚੇ ਦਹੀਂ ਦੇ ਜਰੂਰ ਪਾਉਂਦੇ ਤੇ ਨਾਲ ਹੀ ਅਸੀਸਾਂ ਦੇਈ ਜਾਂਦੇ। ਕੁੱਝ ਵੱਡੇ ਹੋਏ ਤਾਂ ਮੇਰੇ ਭਰਾਵਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ- 'ਪੇਪਰ ਦਹੀਂ ਨੇ ਥੋੜਾ ਕਰਨਾ, ਜੇ ਪੜਿਆ ਹੋਊ ਤਾਂ ਹੀ ਕਰਾਂਗੇ।' ਮੈਨੂੰ ਕੁੱਝ ਸਿਆਣੀ ਹੋ ਕੇ ਇਹ ਸਮਝ ਆਈ ਕਿ ਦਹੀਂ ਖਿਲਾਉਣਾ ਤਾਂ ਇੱਕ ਬਹਾਨਾ ਸੀ ਉਹਨਾਂ ਦਾ-ਸਾਨੂੰ ਜਾਣ ਤੋਂ ਪਹਿਲਾਂ ਅਸ਼ੀਰਵਾਦ ਦੇਣ ਦਾ। ਸੱਚ ਜਾਣਿਓਂ- ਬਜ਼ੁਰਗਾਂ ਦੀਆਂ ਇਹਨਾਂ ਅਸੀਸਾਂ ਵਿੱਚ ਕਰਾਮਾਤੀ ਸ਼ਕਤੀ ਸੀ ਤੇ ਸਾਡੇ ਕੰਮਾਂ ਸੁਤੇ ਸਿੱਧ ਹੀ ਹੋ ਜਾਇਆ ਕਰਦੇ ਸਨ- ਕੋਈ ਅੜਚਣ ਨਹੀਂ ਸੀ ਪੈਂਦੀ।

ਅਜੋਕੇ ਯੁੱਗ ਦੀ ਤੇਜ-ਰਫਤਾਰ ਜ਼ਿੰਦਗੀ ਵਿੱਚ, ਅਸੀਂ ਮਾਵਾਂ ਦੀਆਂ ਅਸੀਸਾਂ ਤੋਂ ਵਾਂਝੇ ਹੋ ਗਏ ਹਾਂ। ਬਹੁਤੇ ਪਰਿਵਾਰਾਂ ਵਿੱਚ ਤਾਂ ਬਜ਼ੁਰਗਾਂ ਨੂੰ ਨਾਲ ਹੀ ਨਹੀਂ ਰੱਖਿਆ ਜਾਂਦਾ। ਤੇ ਜਿੱਥੇ ਬਜ਼ੁਰਗ ਰਹਿੰਦੇ ਵੀ ਪਰਿਵਾਰ ਨਾਲ ਹਨ, ਉੱਥੇ ਵੀ ਕੰਮਾਂ ਤੇ ਜਾਣ ਦੀ ਕਾਹਲ ਵਿੱਚ ਬਜ਼ੁਰਗਾਂ ਨੂੰ ਮਿਲ ਕੇ ਜਾਣ ਦੀ ਲੋੜ ਹੀ ਨਹੀ ਸਮਝੀ ਜਾਂਦੀ। ਵੈਸੇ ਜੇ ਦੇਖਿਆ ਜਾਵੇ ਤਾਂ-'ਅੱਛਾ ਮਾਤਾ ਜੀ, ਮੈਂ ਚਲਦਾਂ.. ਸ਼ਾਮ ਨੂੰ ਇੰਨੇ ਵਜੇ ਆਵਾਂਗਾ' ਕਹਿਣ ਲਈ ਸ਼ਾਇਦ ਦੋ ਸੈਕੰਡ ਦਾ ਸਮਾਂ ਮਸੀਂ ਲਗਦਾ ਹੋਣਾ- ਪਰ ਅਫਸੋਸ! ਕਿ ਅਸੀਂ ਇੰਨਾ ਸਮਾਂ ਵੀ ਬਜ਼ੁਰਗਾਂ ਦੀ ਖੁਸ਼ੀ ਲਈ ਨਹੀਂ ਕੱਢ ਸਕਦੇ। ਹੈਰਾਨੀ ਦੀ ਗੱਲ ਹੈ ਕਿ- ਜਿਹਨਾਂ ਮਾਪਿਆਂ ਨੇ ਸਾਨੂੰ ਚਾਰ- ਪੰਜ ਬੱਚਿਆਂ ਨੂੰ ਲੋੜਾਂ-ਥੁੜਾਂ ਦੇ ਹੁੰਦਿਆਂ ਵੀ, ਵਧੀਆ ਪਰਵਰਿਸ਼ ਦੇ ਕੇ ਪਾਲ਼ਿਆ ਹੁੰਦਾ ਹੈ- ਉਹ ਸਾਰੇ ਬੱਚੇ ਰਲ਼ ਕੇ ਵੀ ਆਪਣੇ ਬਜ਼ੁਰਗ ਮਾਂ ਜਾਂ ਬਾਪ ਨੂੰ ਨਹੀਂ ਰੱਖ ਸਕਦੇ!

ਸਾਥੀਓ- ਮਾਂ ਦੇ ਪਿਆਰ ਦਾ ਕਰਜ਼ ਤਾਂ ਕਿਸੇ ਵੀ ਕੀਮਤ ਤੇ ਨਹੀਂ ਚੁਕਾਇਆ ਜਾ ਸਕਦਾ ਪਰ ਜਿੰਨਾ ਚਿਰ ਮਾਂ ਦਾ ਸਾਇਆ ਸਿਰ ਤੇ ਮੌਜੂਦ ਹੈ- ਮਾਵਾਂ ਨੂੰ ਪਿਆਰ ਸਤਿਕਾਰ ਦੇ ਕੇ, ਅਸੀਂ ਉਸ ਬੇਸ਼ਕੀਮਤੀ ਦੌਲਤ ਨਾਲ ਮਾਲਾ ਮਾਲ ਹੋ ਸਕਦੇ ਹਾਂ- ਜੋ ਸਾਨੂੰ ਅਸੀਸਾਂ ਦੇ ਰੂਪ ਵਿੱਚ ਮੁਫ਼ਤ 'ਚ ਹੀ ਮਿਲ ਜਾਣੀ ਹੈ। ਮਾਪਿਆਂ ਦੇ ਬੋਲਾਂ ਵਿੱਚ ਵੀ ਕਿਸੇ ਮਹਾਂ-ਪੁਰਸ਼ ਜਾਂ ਪੂਰਨ ਸੰਤ-ਮਹਾਤਮਾ ਦੇ ਬੋਲਾਂ ਤੋਂ ਘੱਟ ਤਾਕਤ ਨਹੀਂ ਹੁੰਦੀ। ਜਿਸ ਨੇ ਮਾਪਿਆਂ ਦੀ ਸੇਵਾ ਕਰ ਲਈ, ਉਸ ਨੂੰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦੀ ਜਰੂਰਤ ਨਹੀਂ। ਕਈ ਐਸੇ ਲੋਕ ਵੀ ਹਨ ਜਿਹਨਾਂ ਦੇ ਮਾਪੇ ਤਾਂ ਬ੍ਰਿਧ ਆਸ਼ਰਮਾਂ ਵਿੱਚ ਰੁਲ਼ਦੇ ਹਨ ਪਰ ਉਹ ਧਰਮ- ਅਸਥਾਨਾਂ ਤੇ ਜਾ ਕੇ ਆਪਣੀ ਤੇ ਆਪਣੇ ਬੱਚਿਆਂ ਦੇ ਸੁੱਖ ਦੀ ਅਰਦਾਸ ਕਰਦੇ ਹਨ।

**ਸਾਬਕਾ ਪ੍ਰਿੰਸੀਪਲ**
**ਮਲੋਟ**

---

# ਸੁਪਨਿਆਂ ਦੀ ਸਾਂਝ

**- ਰੁਪਿੰਦਰ ਪਾਲ ਕੌਰ**

**ਸੱਚੀ ਦਾਸਤਾਨ**

ਸਕੂਲ ਵਿੱਚ ਮਿੱਡ-ਡੇ ਮੀਲ ਵਾਲੀ ਬੀਬੀ ਕੰਮ ਤੋਂ ਵਿਹਲੀ ਹੋ ਆਪਣਾ ਦਰਦ ਛੇੜ ਬੈਠਦੀ। ਘਰੇ ਤਾਂ ਭੋਰਾ ਚੈਨ ਨਹੀਂ ਹੈ। ਘਰ ਜਾਂਦਿਆਂ ਹੀ ਫ਼ਿਕਰਾਂ ਦੀ ਪੰਡ ਖੁੱਲਣ ਲਗਦੀ ਹੈ। ਆਉਣ ਵਾਲਾ ਸਮਾਂ ਡਰਾਉਣ ਲਗਦਾ ਹੈ। ਕੋਈ ਸਹਾਰਾ ਵੀ ਨਜ਼ਰ ਨਹੀਂ ਆਉਂਦਾ। ਵੱਡੇ ਮੁੰਡੇ 'ਤੇ ਆਸ ਬਚੀ ਹੈ। ਕਈ ਸਾਲਾਂ ਤੋਂ ਲੱਕੜ ਦੇ ਮਿਸਤਰੀ ਨਾਲ ਕੰਮ ਸਿੱਖਦਾ, ਬਾਕੀ ਮੇਰੇ ਸਿਰ 'ਤੇ ਖਾਣ ਵਾਲੇ ਨੇ। ਸਿਰ ਦੇ ਸਾਈਂ ਦਾ ਕੰਮ ਕਿਹੜਾ ਤੁਹਾਡੇ ਤੋਂ ਭੁੱਲਿਆ? ਜਦੋਂ ਘਰੇ ਹੁੰਦਾ ਤਾਂ ਲੜਾਈ ਝਗੜਾ ਨਾਲ ਰਹਿੰਦਾ। ਬੱਚੇ ਡਰ ਤੇ ਸਹਿਮ ਵਿੱਚ ਚੁੱਪ ਵੱਟੀਂ ਰੱਖਦੇ ਨੇ। ਉਦੋਂ ਘਰ ਵੀ ਕੋਈ ਓਪਰੀ ਸ਼ੈਅ ਜਾਪਦਾ ਹੈ। ਹਾਸਾ, ਅਪਣੱਤ, ਮੋਹ ਕਿਧਰੇ ਨਜ਼ਰ ਨਹੀਂ ਆਉਂਦੇ। ਉਸ ਦੀਆਂ ਸਹਿਜ ਸੁਭਾਅ ਦੀਆਂ ਕੀਤੀਆਂ ਗੱਲਾਂ ਨਿਰਾਸ਼ ਕਰਦੀਆਂ ਹਨ। ਕੁਝ ਦਿਨ ਛੁੱਟੀ 'ਤੇ ਰਹਿਣ ਮਗਰੋਂ, ਉਹ ਦੁੱਖ ਦੀ ਇੱਕ ਹੋਰ ਛਿਲਤਰ ਦਾ ਦਰਦ ਲੈ ਪਰਤੀ। ਪਹਿਲਾਂ ਟੱਬਰ ਦਾ ਮੁਖੀ ਨਹੀਂ ਸੀ ਜਿਊਣ ਦਿੰਦਾ, ਹੁਣ ਮੁੰਡਾ ਵੀ ਉਸੇ ਕੰਮ 'ਤੇ ਹੋ ਗਿਆ। ਚੰਗਾ ਭਲਾ ਕੰਮ 'ਤੇ ਲੱਗਾ ਸੀ। ਪਤਾ ਨਹੀਂ ਚੰਦਰੇ ਨੂੰ ਕੀਹਦੀ ਨਜ਼ਰ ਲੱਗ ਗਈ, ਕੰਮ ਤੇ ਜਾਣੋ ਹਟ ਗਿਆ।

ਕਹਿੰਦਾ ਸਾਰਾ ਦਿਨ ਦਿਲ ਲਾ ਕੇ ਕੰਮ ਕਰਦਾ, ਹੈੱਡ ਮਿਸਤਰੀ ਪੂਰਾ ਖਰਚਾ ਨੀਂ ਦਿੰਦਾ। ਨਾ ਹੀ ਸਿੱਧੇ ਮੂੰਹ ਬੋਲਦਾ। ਘਰੇ ਪਿਉ ਪੁੱਤ ਦੂਰੋਂ ਦੂਰੀ ਹੋਏ ਰਹਿੰਦੇ ਨੇ। ਦਿਲ ਤਾਂ ਬਥੇਰਾ ਕਰਦਾ ਹੈ, ਮੁੰਡੇ ਨੂੰ ਲੱਕੜ ਦੇ ਮਿਸਤਰੀ ਦੀ ਦੁਕਾਨ ਕਰਵਾ ਦੇਈਏ, ਪਰ ਘਰੇ ਪੂੰਜੀ ਹੋਵੇ ਤਾਂ ਗੱਲ ਬਣੇ। ਮੇਰੀ ਨਿਗੂਣੀ ਤਨਖ਼ਾਹ ਨਾਲ ਤਾਂ ਰੋਟੀ ਪਾਣੀ ਮਸਾਂ ਚਲਦਾ ਹੈ। ਪਰਿਵਾਰ ਵਿਚਲੀ ਖਿੱਚੋਤਾਣ ਦੇ ਚੱਲਦਿਆਂ ਮੁੰਡਾ ਘਰ ਛੱਡ ਕੇ ਚਲਾ ਗਿਆ।

ਘਰ ਵਿੱਚ ਰੋਣ ਪਿੱਟਣ ਪੈ ਗਿਆ। ਸਭ ਦੇ ਸਾਹ ਸੁੱਕ ਗਏ। ਕਿਹੜੀ ਥਾਂ ਨਹੀਂ, ਜਿੱਥੇ ਉਸ ਨੂੰ ਨਹੀਂ ਭਾਲਿਆ। ਲੱਭਦਿਆਂ ਕਰਦਿਆਂ ਦੋ ਹਫ਼ਤੇ ਗੁਜ਼ਰ ਗਏ। ਮੁੰਡਾ ਘਰ ਪਰਤਿਆ ਤਾਂ ਉਸਦਾ ਮਾਨਸਿਕ ਤਵਾਜ਼ਨ ਵਿਗੜਿਆ ਹੋਇਆ ਸੀ। ਨਾ ਖਾਣ ਦੀ ਸੁਰਤ, ਨਾ ਪਹਿਨਣ ਦਾ ਫ਼ਿਕਰ। ਨਾ ਕਿਸੇ ਨਾਲ ਬੋਲਦਾ ਚਲਦਾ।

ਪਹਿਲਾਂ ਡਾਕਟਰਾਂ ਨੂੰ ਵਿਖਾਇਆ। ਫਿਰ ਉਸੇ ਰਾਹ ਤੁਰ ਪਏ, ਜਿਹੜਾ ਚੌਂਕੀਆਂ, ਡੇਰਿਆਂ ਨੂੰ ਜਾਂਦਾ ਹੈ। ਬੀਬੀ ਕਦੇ ਕਦਾਈਂ ਹੀ ਸਕੂਲ ਆਉਂਦੀ। ਸਤੰਬਰ ਦੇ ਪੇਪਰਾਂ ਕਰਕੇ ਸਾਰੇ ਅਧਿਆਪਕ ਵੀ ਰੁੱਝ ਗਏ। ਜਦ ਸਕੂਲ ਦੇ ਕੰਮ ਤੋਂ ਵਿਹਲ ਮਿਲੀ ਤਾਂ ਪਤਾ ਲੱਗਾ ਕਿ ਬੀਬੀ ਦਾ ਘਰ ਉੱਜੜਨ ਕਿਨਾਰੇ ਹੈ। ਮੁੰਡੇ ਦੀ ਹਾਲਤ ਪਾਗਲਾਂ ਵਰਗੀ ਹੋ ਗਈ ਹੈ। ਕੋਈ ਡਾਕਟਰ ਬਾਂਹ ਨਹੀਂ ਫੜ ਰਿਹਾ। ਰਿਸ਼ਤੇਦਾਰ, ਸਨੇਹੀ ਵੀ ਅੱਖਾਂ ਫੇਰ ਗਏ ਹਨ। ਹੁਣ ਬੀਬੀ ਦੀ ਟੇਕ ਸਕੂਲ 'ਤੇ ਹੀ ਸੀ।

ਸਾਰੀ ਹਾਲਤ ਜਾਣਨ ਉਪਰੰਤ ਸਟਾਫ਼ ਨਾਲ ਸਲਾਹ ਮਸ਼ਵਰਾ ਕਰਕੇ ਪ੍ਰਿੰਸੀਪਲ ਨੇ ਜ਼ਿੰਮੇਵਾਰੀ ਓਟ ਲਈ। ਮਿੱਡ ਡੇ ਮੀਲ ਵਾਲੀ ਬੀਬੀ ਨੂੰ ਹੌਸਲਾ ਦਿੰਦਿਆਂ ਸਭ ਕੁਛ ਠੀਕ ਕਰਨ ਦਾ ਭਰੋਸਾ ਦਿੱਤਾ। ਮੁਖੀ ਵੱਲੋਂ ਆਪਣੇ ਕਰਮਚਾਰੀ ਦੇ ਦੁੱਖ ਦਰਦ ਨੂੰ ਆਪਣਾ ਸਮਝਣ ਦੀ ਪਹਿਲ ਕਦਮੀ ਸਾਡੇ ਸਾਰਿਆਂ ਲਈ ਇੱਕ ਸਬਕ ਸੀ। ਉਨਾਂ ਮੁੰਡੇ ਨੂੰ ਇਲਾਜ ਲਈ ਬਰਗਾੜੀ ਮਸ਼ਵਰਾ ਕੇਂਦਰ ਭਿਜਵਾ ਦਿੱਤਾ। ਬੀਬੀ ਰੋਜ਼ਾਨਾ ਸਕੂਲ ਆਉਣ ਲੱਗੀ। ਉਸਦੇ ਚਿਹਰੇ 'ਤੇ ਚਿੰਤਾ ਦੀ ਥਾਂ ਸਕੂਨ ਦਿਸਣ ਲੱਗਾ। ਪੁੱਛਣ 'ਤੇ ਉਹ ਇੰਨਾ ਹੀ ਦੱਸਦੀ ਕਿ ਉਹ ਠੀਕ ਹੋ ਰਿਹਾ ਹੈ। ਉਡੀਕ ਵਿੱਚ ਦੋ ਮਹੀਨੇ ਗੁਜ਼ਰ ਗਏ। ਬੀਬੀ ਦਾ ਕੰਮ ਕਾਜ ਤੇ ਚਿਹਰਾ ਖ਼ੈਰੀਅਤ ਦੱਸਦਾ ਨਜ਼ਰ ਆਉਣ ਲੱਗਾ।

ਇੱਕ ਦਿਨ ਬੀਬੀ ਸਾਡੇ ਕੋਲ ਆ ਖ਼ੁਸ਼ੀ ਦੀ ਗਾਥਾ ਸੁਣਾਉਣ ਲੱਗੀ, ਤੁਹਾਡੇ ਸਾਰਿਆਂ ਦੇ ਸਾਥ ਨਾਲ ਸਾਡਾ ਘਰ ਹੁਣ ਪੈਰਾਂ ਸਿਰ ਹੋਣ ਲੱਗਾ ਹੈ। ਮੁੰਡਾ ਨੌਂ ਬਰ ਨੌਂ ਹੋ ਗਿਆ ਹੈ। ਮਸ਼ਵਰਾ ਕੇਂਦਰ ਵਾਲੇ ਵੀਰਾਂ ਨੇ ਮੁੰਡੇ ਨੂੰ ਤਾਂ ਸਮਝਾਇਆ ਹੀ, ਨਾਲ ਬਾਪ ਨੂੰ ਵੀ ਰਾਹ ਪਾ ਦਿੱਤਾ ਹੈ। ਉਨਾਂ ਇਹ ਰਾਜ਼ ਸਮਝਾ ਕੇ ਤੋਰਿਆ, ਮਾਪਿਆਂ ਦਾ ਕੰਮ ਔਲਾਦ ਦੀ ਰੋਟੀ, ਪਾਣੀ ਤੇ ਲੋੜਾਂ ਪੂਰੀਆਂ ਕਰਨ ਤਕ ਸੀਮਤ ਨਹੀਂ ਹੁੰਦਾ।

ਉਨਾਂ ਨੂੰ ਪੈਰਾਂ ਸਿਰ ਕਰਨਾ ਲਾਜ਼ਮੀ ਹੈ ਕਿ ਜਵਾਨ ਹੋਏ ਧੀਆਂ/ਪੁੱਤਰਾਂ ਦੀਆਂ ਭਾਵਨਾਵਾਂ ਨੂੰ ਸਮਝੋ, ਕਦਰ ਕਰੋ। ਉਨਾਂ ਦੇ ਜਿਊਣ ਦੇ ਰਾਹ ਵਿੱਚ ਰੁਕਾਵਟ ਨਾ ਬਣੋ, ਸਗੋਂ ਸਹਿਯੋਗ ਕਰੋ। ਲਾਈਲੱਗ ਬਣਨ ਦੀ ਬਜਾਏ ਮੁਸ਼ਕਲਾਂ ਦੇ ਕਾਰਨ ਜਾਣ ਕੇ ਹੱਲ ਕਰਨ ਦੀ ਕੋਸ਼ਿਸ਼ ਕਰਨਾ ਸਿੱਖੋ। ਅਸੀਂ ਇਹ ਸਬਕ ਪੱਲੇ ਬੰਨ ਲਿਆ।

ਬੀਬੀ ਦੇ ਘਰ ਪਰਿਵਾਰ ਵਿੱਚ ਸੁਖ, ਸ਼ਾਂਤੀ ਪਰਤਣ ਦੀ ਸੁਖਦ ਖ਼ਬਰ ਸਕੂਲ ਦਾ ਹੌਂਸਲਾ ਬਣ ਗਈ। ਸਾਹਿਤਕਾਰ ਪ੍ਰਿੰਸੀਪਲ ਦੇ ਸੁਖਾਵੇਂ ਰੌਂ ਵਿੱਚ ਰਾਹ ਰੁਸ਼ਨਾਉਂਦੇ ਬੋਲ ਸਾਡਾ ਮਨ ਮਸਤਕ ਠਾਰ ਗਏ, ਆਪਣੇ ਬੱਚਿਆਂ ਨਾਲ ਸੁਪਨਿਆਂ ਦੀ ਸਾਂਝ ਬਣਾਉਣਾ ਸਫ਼ਲ ਜੀਵਨ ਦਾ ਰਾਹ ਹੈ। ਪਿਆਰ, ਹਮਦਰਦੀ ਉਹ ਹੀਰੇ ਮੋਤੀ ਹਨ, ਜਿਹੜੇ ਬੋਝ ਬਣੀ ਹਾਰੀ ਜ਼ਿੰਦਗੀ ਨੂੰ ਉਠਾਉਣ ਲਈ ਜੀਵਨ ਦੀ ਸਜਾਵਟ ਬਣਦੇ ਹਨ। ਸੁਖਾਵੀਂ ਜ਼ਿੰਦਗੀ ਲਈ ਸੁਪਨੇ ਤੇ ਸਾਂਝਾਂ ਦਾ ਸੰਗਮ ਕਰਨਾ ਹੀ ਜੀਵਨ ਦਾ ਸੱਚਾ ਕਰਮ ਹੈ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

## 350ਵੇਂ ਜਨਮ ਦਿਹਾੜੇ 'ਤੇ ਵਿਸ਼ੇਸ

# ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਅਸਥਾਨ ਕਿਥੇ ਹੈ

**- ਡਾਕਟਰ ਪਰਮਵੀਰ ਸਿੰਘ**

ਬਾਬਾ ਬੰਦਾ ਸਿੰਘ ਬਹਾਦਰ ਲਗਪਗ ਦੋ ਸਾਲ ਜੰਮੂ ਤੋਂ ਅੱਗੇ ਰਿਆਸੀ ਦੀਆਂ ਪਹਾੜੀਆਂ ਵਿਚ ਚਨਾਬ ਦਰਿਆ ਦੇ ਕੰਢੇ ਜੀਵਨ ਬਸਰ ਕਰਦਾ ਰਿਹਾ ਅਤੇ ਇਸੇ ਸਮੇਂ ਦੌਰਾਨ ਹੀ ਇਸ ਨੇ ਚੰਬੇ ਦੀ ਰਾਜਕੁਮਾਰੀ ਨਾਲ ਵਿਆਹ ਕਰਵਾਇਆ ਸੀ। ਰਿਆਸੀ ਨੇੜੇ ਜਿਸ ਅਸਥਾਨ 'ਤੇ ਬਾਬਾ ਜੀ ਏਨਾ ਲੰਮਾ ਸਮਾਂ ਰਹੇ ਉਥੇ ਹਾਲੇ ਵੀ ਇਨ੍ਹਾਂ ਦੇ ਵੰਸ਼ਜ਼ ਮੌਜੂਦ ਹਨ। ਬਾਬਾ ਬੰਦਾ ਸਿੰਘ ਬਹਾਦਰ ਦਾ ਪਹਾੜਾਂ ਨਾਲ ਪ੍ਰੇਮ ਅਤੇ ਜਾਣਕਾਰੀ ਉਸ ਦੀ ਵਿਰਾਸਤ ਵਿਚ ਮੌਜੂਦ ਹੈ। ਜੰਮੂ ਤੋਂ ਪੁਣਛ ਜਾਂਦੇ ਹੋਏ ਰਾਜੌਰੀ ਨਗਰ ਵਿਖੇ ਬਾਬਾ ਜੀ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਕਰਮ ਸਿੰਘ ਹਿਸਟੋਰੀਅਨ, ਡਾ: ਗੰਡਾ ਸਿੰਘ, ਸੋਹਣ ਸਿੰਘ ਸੀਤਲ, ਸੋਹਨ ਸਿੰਘ ਆਦਿ ਸਿੱਖ ਇਤਿਹਾਸਕਾਰ ਰਾਜੌਰੀ ਵਿਖੇ ਬਾਬਾ ਜੀ ਦਾ ਜਨਮ ਮੰਨਦੇ ਹਨ ਪਰ ਰਾਜੌਰੀ ਵਿਖੇ ਬਾਬਾ ਜੀ ਦਾ ਜਨਮ ਕਿਸ ਅਸਥਾਨ 'ਤੇ ਹੋਇਆ, ਇਸ ਬਾਰੇ ਸਾਰੇ ਇਤਿਹਾਸਕਾਰ ਚੁੱਪ ਹਨ। ਬਾਬਾ ਬੰਦਾ ਸਿੰਘ ਬਹਾਦਰ ਦੇ ਪਰਿਵਾਰ ਵਿਚੋਂ ਮਾਤਾ ਜੋਗਿੰਦਰ ਕੌਰ ਜੀ ਦੁਆਰਾ 'ਸੰਖੇਪ ਜੀਵਨ ਬਾਬਾ ਬੰਦਾ ਬਹਾਦਰ' ਸਿਰਲੇਖ ਅਧੀਨ ਜਿਹੜਾ ਬਿਰਤਾਂਤ ਸਾਹਮਣੇ ਆਇਆ ਹੈ, ਉਸ ਵਿਚ ਇਹ ਦੱਸਦੇ ਹਨ ਕਿ ਰਾਜੌਰੀ ਦੇ ਇਕ ਪਿੰਡ 'ਜੋਰੋ ਕਾ ਗੜ੍ਹ' ਵਿਖੇ ਬਾਬਾ ਜੀ ਦਾ ਜਨਮ ਹੋਇਆ ਪਰ ਰਾਜੌਰੀ ਵਿਖੇ ਜਾ ਕੇ ਜਦੋਂ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਤਾਂ ਪਤਾ ਲੱਗਿਆ ਕਿ ਇਸ ਨਾਂਅ ਦਾ ਕੋਈ ਪਿੰਡ ਇਲਾਕੇ ਵਿਚ ਮੌਜੂਦ ਨਹੀਂ ਹੈ। ਮਾਤਾ ਜੀ ਨੇ ਆਪਣੀ ਜਾਣਕਾਰੀ ਦਾ ਕੋਈ ਹਵਾਲਾ ਨਹੀਂ ਦਿੱਤਾ ਪਰ ਇਹ ਲੰਮਾ ਸਮਾਂ ਉਸ ਇਲਾਕੇ ਵਿਚ ਰਹੇ ਹਨ ਅਤੇ ਇਨ੍ਹਾਂ ਨੇ ਇਸ ਅਸਥਾਨ ਦਾ ਵਰਨਣ ਕੀਤਾ ਹੈ। ਪੁਰਾਤਨ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਦਿਆਂ ਪਤਾ ਲਗਦਾ ਹੈ ਕਿ ਕੁਝ ਅਜਿਹੇ ਨਗਰ ਪੁਰਾਤਨ ਲਿਖਤਾਂ ਵਿਚ ਮੌਜੂਦ ਹਨ ਪਰ ਹੁਣ ਉਨ੍ਹਾਂ ਦੇ ਨਾਂਅ ਬਦਲ ਗਏ ਹਨ ਜਿਵੇਂ ਮੌਜੂਦਾ ਬੈਜਨਾਥ ਦਾ ਪੁਰਾਤਨ ਨਾਂਅ ਕੀੜ ਗ੍ਰਾਮ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚ ਕੀੜ ਗ੍ਰਾਮ ਦਾ ਹੀ ਵਰਨਣ ਮਿਲਦਾ ਹੈ ਅਤੇ ਜਿਹੜੇ ਇਸ ਪਿੰਡ ਦੇ ਪੁਰਾਤਨ ਨਾਂ ਤੋਂ ਵਾਕਫ਼ ਨਹੀਂ ਹਨ, ਉਹ ਇਤਿਹਾਸ ਦੀ ਸਹੀ ਜਾਣਕਾਰੀ ਪ੍ਰਦਾਨ ਨਹੀਂ ਕਰ ਸਕਦੇ। ਜੇਕਰ ਮਾਤਾ ਜੋਗਿੰਦਰ ਕੌਰ ਜੀ 'ਜੋਰੋ ਕਾ ਗੜ੍ਹ' ਦੇ ਆਸ-ਪਾਸ ਦੇ ਇਲਾਕਿਆਂ ਦੀ ਜਾਣਕਾਰੀ ਵੀ ਦੇ ਦਿੰਦੇ ਤਾਂ ਇਤਿਹਾਸਕਾਰਾਂ ਨੂੰ ਇਸ ਅਸਥਾਨ ਦੀ ਨਿਸ਼ਾਨਦੇਹੀ ਕਰਨੀ ਸੌਖੀ ਹੋ ਜਾਂਦੀ।

ਰਾਜੌਰੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਅਸਥਾਨ ਨਿਰਧਾਰਤ ਕਰਨ ਲਈ ਕਈ ਭਰਮ-ਭੁਲੇਖੇ ਪੈਦਾ ਕੀਤੇ ਜਾ ਰਹੇ ਹਨ। ਰਿਆਸੀ ਤੋਂ ਪੁਣਛ ਜਾਂਦੇ ਹੋਏ ਰਾਜੌਰੀ ਵਿਖੇ ਰਾਜੌਰੀ-ਪੁਣਛ ਮੁੱਖ ਸੜਕ 'ਤੇ ਰਾਜੌਰੀ ਦੇ ਬੱਸ ਸਟੈਂਡ ਤੋਂ ਲਗਪਗ 500 ਮੀਟਰ ਦੇ ਨੇੜੇ ਇਕ ਬੋਰਡ ਨਜ਼ਰ ਵਿਚ ਆਇਆ ਜਿਸ 'ਤੇ 'ਗੁਰਦੁਆਰਾ ਜਨਮ ਸਥਾਨ ਬਾਬਾ ਬੰਦਾ ਸਿੰਘ ਜੀ ਬਹਾਦਰ, ਰਾਜੌਰੀ ਲਿਖਿਆ ਹੋਇਆ ਸੀ। ਬੋਰਡ ਦੀ ਖਿੱਚ ਨੇ ਰੁਕਣ ਲਈ ਮਜਬੂਰ ਕੀਤਾ ਤਾਂ ਦੇਖਿਆ ਕਿ ਇਕ ਲਗਪਗ ਦੋ ਸੌ ਗਜ਼ ਦੇ ਇਕ ਖਾਲੀ ਪਲਾਟ ਵਿਚ ਇਕ ਨਿਸ਼ਾਨ ਸਾਹਿਬ ਅਤੇ ਨੇੜੇ ਹੀ ਇਹ ਬੋਰਡ ਲੱਗਿਆ ਹੋਇਆ ਸੀ। ਕੋਈ ਪੁਰਾਤਨ ਨਿਸ਼ਾਨੀ ਆਦਿ ਮੌਜੂਦ ਨਾ ਹੋਣ ਕਰ ਕੇ ਇੰਜ ਜਾਪਦਾ ਸੀ ਕਿ ਇਸ ਨਗਰ ਵਿਖੇ ਬਾਬਾ ਜੀ ਦੇ ਜਨਮ ਨਾਲ ਸੰਬੰਧਿਤ ਹਵਾਲੇ ਮਿਲਦੇ ਹਨ ਜਿਸ ਨੂੰ ਸਾਕਾਰ ਰੂਪ ਪ੍ਰਦਾਨ ਕਰਨ ਲਈ ਇਥੇ ਇਹ ਬੋਰਡ ਅਤੇ ਨਿਸ਼ਾਨ ਸਾਹਿਬ ਲਗਾ ਦਿੱਤੇ ਗਏ ਹਨ। ਮਨ ਵਿਚ ਵਾਰ-ਵਾਰ ਉਸ ਅਸਥਾਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੋ ਰਹੀ ਸੀ ਜਿਥੇ ਬਾਬਾ ਜੀ ਦਾ ਜਨਮ ਹੋਇਆ। ਡਾ. ਗੰਡਾ ਸਿੰਘ ਹੁਰਾਂ ਵਰਗੇ ਦਾਨਿਸ਼ਵਰ ਇਤਿਹਾਸਕਾਰ ਇਸ ਇਲਾਕੇ ਵਿਚ ਜਾ ਕੇ ਉਸ ਅਸਥਾਨ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰਦੇ ਰਹੇ ਹਨ ਪਰ ਕੋਈ ਪੁਖਤਾ ਜਾਣਕਾਰੀ ਹਾਸਲ ਨਹੀਂ ਹੋਈ। ਸਮੂਹ ਇਤਿਹਾਸਕਾਰ ਇਸ ਗੱਲ 'ਤੇ ਤਾਂ ਸਹਿਮਤ ਹਨ ਕਿ ਬਾਬਾ ਜੀ ਦਾ ਜਨਮ ਰਾਜੌਰੀ ਵਿਖੇ ਹੋਇਆ ਸੀ ਪਰ ਉਸ ਅਸਥਾਨ ਨੂੰ ਲੱਭਣ ਵਿਚ ਕੋਈ ਸਫ਼ਲਤਾ ਪ੍ਰਾਪਤ ਨਹੀਂ ਹੋਈ। ਇਸ ਅਸਥਾਨ ਬਾਰੇ ਜਾਣਨ ਦੀ ਇੱਛਾ ਕਾਰਨ ਰਾਜੌਰੀ ਦੇ ਸ: ਰਾਜਵਿੰਦਰ ਸਿੰਘ ਨਾਲ ਸੰਪਰਕ ਹੋਇਆ ਜਿਹੜੇ ਕਿ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਯੂਥ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਹਨ। ਰਾਜੌਰੀ ਦੇ ਵਸਨੀਕ ਇਸ ਨੌਜਵਾਨ ਨੇ ਆਪਣੇ ਜੀਵਨ ਦਾ ਬੇਹਤਰੀਨ ਸਮਾਂ ਬਾਬਾ ਜੀ ਦੇ ਜਨਮ ਅਸਥਾਨ ਦੀ ਖੋਜ ਵਿਚ ਲਾਇਆ। ਆਪਣੀ ਖੋਜ ਦੇ ਆਧਾਰ 'ਤੇ ਇਸ ਨੇ ਸਰਕਾਰ ਕੋਲ ਪਹੁੰਚ ਕੀਤੀ ਅਤੇ ਬਹੁਤ ਸੰਬੰਧਿਤ ਦਸਤਾਵੇਜ਼ ਅਧਿਕਾਰੀਆਂ ਕੋਲ ਪੇਸ਼ ਕੀਤੇ। ਪਿਛਲੇ ਲਗਪਗ 10 ਸਾਲ ਤੋਂ ਇਹ ਨੌਜਵਾਨ ਸਰਕਾਰੀ ਅਧਿਕਾਰੀਆਂ ਤੱਕ ਪਹੁੰਚ ਕਰ ਕੇ ਬਾਬਾ ਜੀ ਦੇ ਜਨਮ ਅਸਥਾਨ ਨੂੰ ਸਰਕਾਰ ਦੇ ਰਿਕਾਰਡ ਵਿਚ ਦਰਜ ਕਰਵਾਉਣ ਲਈ ਯਤਨਸ਼ੀਲ ਹੈ। ਇਸ ਦੁਆਰਾ ਪੇਸ਼ ਕੀਤੇ ਗਏ ਦਸਤਾਵੇਜ਼ ਤਹਿਸੀਲਦਾਰ ਕੋਲ ਆਏ ਤਾਂ ਪੜਤਾਲ ਦੀ ਇਕ ਲੰਮੀ ਪ੍ਰਕਿਰਿਆ ਆਰੰਭ ਹੋਈ। ਅਖ਼ੀਰ ਪਟਵਾਰੀ ਨੇ ਪੁਰਾਤਨ ਰਿਕਾਰਡ ਖੰਗਾਲ ਕੇ ਜਿਹੜੀ ਰਿਪੋਰਟ ਤਿਆਰ ਕਰ ਕੇ ਤਹਿਸੀਲਦਾਰ ਨੂੰ ਭੇਜੀ ਉਹ ਅੱਗੇ ਰਾਜੌਰੀ ਦੇ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਅਸ਼ਰਫ਼ ਅੱਗੇ ਪੇਸ਼ ਕੀਤੀ ਗਈ। ਸਮੁੱਚੀ ਪੜਤਾਲ ਦਾ ਵਿਸ਼ਲੇਸ਼ਣ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੇ 12.06.2020 ਨੂੰ ਖਸਰਾ ਨੰਬਰ 281, 281/1, ਅਤੇ 282 ਵਿਚਲੀ 66 ਕਨਾਲ 8 ਮਰਲੇ ਜ਼ਮੀਨ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਦਰਜ ਕਰਨ ਦਾ ਆਦੇਸ਼ ਜਾਰੀ ਕਰ ਦਿੱਤਾ। ਗੁਰਦਨਪਾਈਨ ਪਿੰਡ ਦੇ ਪਟਵਾਰ ਹਲਕਾ ਫ਼ਤਹਿਪੁਰ, ਤਹਿਸੀਲ ਤੇ ਜ਼ਿਲ੍ਹਾ ਰਾਜੌਰੀ ਵਿਖੇ ਨਾਮਖੇਤ ਡੱਡਾਂ ਵਾਲੀ ਬਉਲੀ ਦੀ ਇਹ ਜ਼ਮੀਨ ਰਾਜੌਰੀ ਬੱਸ ਸਟੈਂਡ ਤੋਂ ਲਗਪਗ 2 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਜਿਸ ਦੀ ਜਮਾਂਬੰਦੀ ਹੁਣ ਬਾਬਾ ਜੀ ਦੇ ਨਾਂ ਬੋਲਦੀ ਹੈ। 16 ਅਕਤੂਬਰ 2020 ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 350 ਸਾਲਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ ਅਤੇ ਇਸ ਮੌਕੇ ਸਰਕਾਰੀ ਰਿਕਾਰਡ ਵਿਚ ਦਰਜ ਹੋਈ ਜ਼ਮੀਨ 'ਤੇ ਬਾਬਾ ਜੀ ਦੀ ਯਾਦਗਾਰ ਕਾਇਮ ਕਰਨ ਲਈ ਯਤਨ ਅਰੰਭ ਕਰ ਦੇਣਾ ਚਾਹੀਦਾ ਹੈ।

**-ਸਿੱਖ ਵਿਸ਼ਵਕੋਸ਼ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ**



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# AMRITSAR TIMES ENDORSES THE FOLLOWING CANDIDATES FOR UPCOMING ELECTIONS 2020

( FIRST RELEASED LIST )



DAVID HAUBERT
( ALAMEDA COUNTY SUPERVISOR DISTRICT 1 )



OTTO LEE
( SANTA CLARA COUNTY SUPERVISOR, DISTRICT 3 )



JUSTIN SHA
( FREMONT CITY MAYOR )



CAROL DUTRA-VERNACI
( MAYOR, CITY OF UNION CITY )



MARK FICKES
( ALAMEDA COUNTY JUDGE )



TARANJIT "SINGH" GUJRAL
( NEWARK CITY COUNCIL )



GARY SINGH
( UNION CITY, CITY COUNCIL )



RAJ SALWAN
( FREMONT CITY COUNCIL DISTRICT 5 )



YOGI CHUGH
( FREMONT CITY COUNCIL DISTRICT 6 )



BILL NIJJAR
( KERMAN CITY COUNCIL )



HARRY DHILLON
( MOUNTAIN HOUSE, MHCSD BOARD )



GARY SINGH
( MANTECA, CITY COUNCIL )

# ਸ਼ਹੀਦ ਭਾਈ ਕੁਲਵਿੰਦਰ ਸਿੰਘ ਹੈਪੀ ਖਾਲਿਸਤਾਨ ਕਮਾਂਡੋ ਫੋਰਸ (15.10.1992)

- ਲਵਸ਼ਿੰਦਰ ਸਿੰਘ ਡੱਲੇਵਾਲ
00447825813301

ਸ਼ਹੀਦ ਭਾਈ ਕੁਲਵਿੰਦਰ ਸਿੰਘ ਹੈਪੀ ਦਾ ਜਨਮ 17 ਅਕਤੂਬਰ 1967 ਵਾਲੇ ਦਿਨ ਪਿੰਡ ਚੱਕ ਸਾਹਬੂ, ਨਜ਼ਦੀਕ ਅੱਪਰਾ,ਥਾਣਾ ਫਿਲੌਰ, ਤਹਿਸੀਲ ਫਿਲੌਰ, ਜ਼ਿਲਾ ਜਲੰਧਰ ਵਿਖੇ ਸਰਦਾਰ ਜਰਨੈਲ ਸਿੰਘ ਦੇ ਘਰੇ ਹੋਇਆ ਸੀ। ਭਾਈ ਕੁਲਵਿੰਦਰ ਸਿੰਘ ਨੇ ਅੱਠਵੀਂ ਤੱਕ ਦੀ ਪੜਾਈ ਆਪਣੇ ਪਿੰਡ ਤੋਂ ਪੂਰੀ ਕਰਦਿਆਂ ਸਰਕਾਰ ਹਾਈ ਸਕੂਲ ਮੋਰੋਂ ਵਿਖੇ ਦਾਖਲਾ ਲਿਆ ਅਤੇ ਮੈਟ੍ਰਿਕ ਦਾ ਇਮਿਤਿਹਾਨ ਪਾਸ ਕੀਤਾ। ਉਪਰੰਤ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਦਾਖਲਾ ਲੈ ਲਿਆ। ਇਕ ਸਾਹਿਬ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿੱਚ ਲਗਾਉਣ ਤੋਂ ਬਾਅਦ ਨੈਸ਼ਨਲ ਕਾਲਜ ਬੰਗਾ ਵਿੱਚ ਦਾਖਲਾ ਲੈ ਲਿਆ। ਇਥੇ ਭਾਈ ਕੁਲਵਿੰਦਰ ਸਿੰਘ ਦਾ ਦੋਸਤ ਸ਼ਹੀਦ ਭਾਈ ਬਲਜੀਤ ਸਿੰਘ ਬੰਬ ਪਿੰਡ ਢੱਕ ਮਜਾਰਾ ਵੀ ਪੜਦਾ ਸੀ। ਦੋਵਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਸ਼ਮੂਲੀਅਤ ਕਰ ਲਈ ਅਤੇ ਫੈਡਰੇਸ਼ਨ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਭਾਗ ਲੈਣਾ ਅਰੰਭ ਕਰ ਦਿੱਤਾ। ਕੁੱਝ ਸਮੇਂ ਮਗਰੋਂ ਅੱਪਰਾ ਵਿਖੇ ਖਾਲਿਸਤਾਨ ਕਮਾਂਡੋ ਫੋਰਸ ਵਲੋਂ ਖਾੜਕ ਐਕਸ਼ਨ ਕਰ ਦਿੱਤਾ ਗਿਆ। ਕੇਵਲ ਸੌ ਮੀਟਰ ਤੇ ਪੁਲਿਸ ਦੀ ਚੌਕੀ ਸੀ ਪਰ ਅਸਾਲਟਾਂ ਦੀ ਗੜਗੜਾਹਟ ਸੁਣ ਕੇ ਉਨਾਂ ਖਾੜਕੂ ਯੋਧਿਆਂ ਦਾ ਮੁਕਾਬਲਾ ਕਰਨ ਜਾਂ ਉਨਾਂ ਨੂੰ ਫੜਨ ਦੀ ਬਜਾਏ ਪੁਲਿਸ ਨੇ ਖੁਦ ਨੂੰ ਚੌਕੀ ਵਿੱਚ ਬੰਦ ਕਰ ਲਿਆ। ਪਰ ਬਾਅਦ ਵਿੱਚ ਇਲਾਕੇ ਦੀ ਸਕਰੀਨਿੰਗ ਕਰਨੀ ਅਰੰਭ ਕਰ ਦਿੱਤੀ। ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਦੀ ਨੇੜਲੇ ਪਿੰਡਾਂ ਤੋਂ ਲਿਸਟ ਬਣਾ ਕੇ ਛਾਪੇ ਮਾਰਨੇ ਆਰੰਭ ਕਰ ਦਿੱਤੇ। ਇਸ ਲਿਸਟ ਵਿੱਚ ਭਾਈ ਕੁਲਵਿੰਦਰ ਸਿੰਘ ਦਾ ਨਾਮ ਵੀ ਸ਼ਾਮਲ ਸੀ। ਭਾਈ ਕੁਲਵਿੰਦਰ ਸਿੰਘ ਨੂੰ ਉਸਦੇ ਪਰਿਵਾਰ ਨੇ ਪੁਲਿਸ ਕੋਲ ਪੇਸ਼ ਕਰਵਾ ਦਿੱਤਾ। ਜਦਕਿ ਭਾਈ ਕੁਲਵਿੰਦਰ ਸਿੰਘ ਦਾ ਅੱਪਰੇ ਵਾਲੇ ਗੋਲੀ ਕਾਂਡ ਨਾਲ ਕੋਈ ਸਬੰਧ ਨਹੀਂ ਸੀ। ਪੁਲਿਸ ਨੇ ਅਸਲੇ ਦਾ ਝੂਠਾ ਕੇਸ ਪਾ ਕੇ ਜਲੰਧਰ ਜੇਲ ਵਿੱਚ ਬੰਦ ਕਰ ਦਿੱਤਾ। ਕੁੱਝ ਮਹੀਨਿਆ ਬਾਅਦ ਭਾਈ ਕੁਲਵਿੰਦਰ ਸਿੰਘ ਦੀਆਂ ਜਮਾਨਤਾਂ ਹੋ ਗਈਆਂ। ਉਸ ਨੇ ਦੁਬਾਰਾ ਅਗਲੇ ਸਾਲ ਪੜਨਾ ਅਰੰਭ ਕਰ ਦਿੱਤਾ। ਪਰ ਪੁਲਿਸ ਨੇ ਭਾਈ ਕੁਲਵਿੰਦਰ ਸਿੰਘ ਹੈਪੀ ਨੂੰ ਗ੍ਰਿਫਤਾਰ ਕਰਨ ਲਈ ਜਦੋਂ ਛਾਪਾ ਮਾਰਿਆ ਤਾਂ ਉਹ ਰੂਪੋਸ਼ ਹੋ ਕੇ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ ਸਾਡੇ ਬਹੁਤ ਹੀ ਪਿਆਰੇ ਵੀਰ ਸ਼ਹੀਦ ਭਾਈ ਗੁਰਦੀਪ ਸਿੰਘ ਦੀਪਾ ਹੇਰਾਂ ਦੇ ਗਰੁੱਪ ਵਿੱਚ ਸ਼ਾਮਲ ਹੋ ਗਿਆ। ਖਾੜਕੂ ਕਾਰਵਾਈਆਂ ਕਰਨੀਆਂ ਅਰੰਭ ਕਰ ਦਿੱਤੀਆਂ ।ਪਰ ਉਸ ਨੂੰ ਸਿੱਖ ਸੰਘਰਸ਼ ਵਿੱਚ ਸੇਵਾ ਕਰਨ ਦਾ ਬਹੁਤਾ ਸਮਾਂ ਪ੍ਰਾਪਤ ਨਾ ਹੋ ਸਕਿਆ। ਸਾਲ 1992 ਦੇ ਅਕਤੂਬਰ ਮਹੀਨੇ ਦੀ 12




ਤਰੀਕ ਨੂੰ ਭਾਈ ਕੁਲਵਿੰਦਰ ਸਿੰਘ ਨੂੰ ਪੁਲਿਸ ਨੇ ਪਿੰਡ ਕੰਗ ਜਗੀਰ ਤੋਂ ਗ੍ਰਿਫਤਾਰ ਕਰ ਲਿਆ। ਫਿਲੌਰ ਥਾਣੇ ਵਿੱਚ ਭਾਈ ਕੁਲਵਿੰਦਰ ਸਿੰਘ 'ਤੇ ਪੁਲਿਸ ਨੇ ਬਹੁਤ ਤਸ਼ੱਸਦ ਕੀਤਾ। ਇਸ ਵਕਤ ਫਿਲੌਰ ਦਾ ਡੀ.ਐਸ.ਪੀ ਕਮਲਜੀਤ ਢਿੱਲੋਂ ਸੀ ਜਿਸ ਨੇ ਨਵਾਂ ਸ਼ਹਿਰ ਵਿਖੇ ਗੰਨਾ ਮਿੱਲ ਵਿੱਚ ਡਾਕਾ ਮਾਰਨ ਵਾਲੇ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਖਤਮ ਕਰ ਦਿੱਤਾ ਸੀ, ਜਦੋਂ ਉਨਾਂ ਨੇ ਹਥਿਆਰ ਸੁੱਟ ਕੇ ਆਤਮ ਸਮਰਪਣ ਕਰ ਦਿੱਤਾ ਸੀ।ਉਸ ਵਕਤ ਇਹ ਇੰਸਪੈਕਟਰ ਸੀ ਅਤੇ ਇਸ ਘਟਨਾ ਤੋਂ ਬਾਅਦ ਇਸ ਨੂੰ ਡੀ.ਐੱਸ.ਪੀ. ਬਣਾ ਦਿੱਤਾ ਗਿਆ ਸੀ। ਜਦੋਂ ਭਾਈ ਕੁਲਵਿੰਦਰ ਸਿੰਘ ਪੁਲਿਸ ਹਿਰਾਸਤ ਵਿੱਚ ਸੀ ਤਾਂ ਉਨਾਂ ਹੀ ਦਿਨਾਂ ਵਿੱਚ ਬੱਬਰ ਖਾਲਸਾ ਦੇ ਬਾਨੀ ਅਤੇ ਮੁਖੀ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਨੂੰ ਉਸਦੇ ਸਾਥੀ ਦੀ ਗੱਦਾਰੀ ਕਾਰਨ ਪੁਲਿਸ ਨੇ ਦੁਸ਼ਟ ਕਮਲਜੀਤ ਢਿੱਲੋਂ ਦੀ ਅਗਵਾਈ ਵਿੱਚ ਪੰਜਾਬ ਤੋਂ ਬਾਹਰੋਂ ਗ੍ਰਿਫਤਾਰ ਕਰ ਲਿਆ। ਫਿਲੌਰ ਦੇ ਕਿਲੇ ਵਿੱਚ ਜਥੇਦਾਰ 'ਤੇ ਪੁਲਿਸ ਨੇ ਅੰਤਾਂ ਦਾ ਤਸ਼ੱਦਦ ਕੀਤਾ ।ਅਖੀਰ 15 ਅਕਤੂਬਰ 1992 ਵਾਲੇ ਦਿਨ ਹਰੀਪੁਰ ਖਾਲਸਾ ਨਜਦੀਕ ਫਿਲੌਰ ਕਮਲਜੀਤ ਢਿਲੋਂ ਨੇ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਦੇ ਨਾਲ ਭਾਈ ਕੁਲਵਿੰਦਰ ਸਿੰਘ ਹੈਪੀ ਨੂੰ ਸ਼ਹੀਦ ਕਰ ਦਿੱਤਾ। ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਘੜੀ ਗਈ । ਬੁੱਚੜ ਪੁਲਸੀਏ ਕਮਲਜੀਤ ਢਿੱਲੋਂ ਨੇ ਝੂਠੀ ਕਹਾਣੀ ਦਾ ਵਜਨ ਵਧਾਉਣ ਲਈ ਦੱਸਿਆ ਕਿ ਪੁਲਿਸ ਨਾਲ ਹੋਈ ਮੁੱਠਭੇੜ ਵਿੱਚ ਜਥੇਦਾਰ ਤਲਵਿੰਦਰ ਸਿੰਘ ਸਮੇਤ ਅੱਧੀ ਦਰਜਨ ਖਾੜਕੂ ਮਾਰੇ ਗਏ। ਹੋਰ ਵੀ ਝੂਠ ਬੋਲਦਿਆਂ ਇਸ ਨੇ ਆਖਿਆ ਕਿ ਮੁਕਾਬਲੇ ਵਾਲੀ ਥਾਂ ਤੋਂ ਬਰਾਮਦ ਹੋਈਆਂ ਲਾਸ਼ਾਂ ਵਿੱਚ ਦੋ ਮੁਸਲਮਾਨਾਂ ਦੀਆਂ ਲਾਸ਼ਾਂ ਸਨ ਜੋ ਕਿ ਪਾਕਿਸਤਾਨ ਵਿੱਚੋਂ ਹੀ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਨਾਲ ਆਏ ਸਨ ਜੋ ਕਿ ਸਰਾਸਰ ਝੂਠ ਸੀ। ਭਾਈ ਕੁਲਵਿੰਦਰ ਸਿੰਘ ਹੈਪੀ ਦੀ ਸਿੱਖ ਸੰਘਰਸ਼ ਪ੍ਰਤੀ ਕੀਤੀ ਕੁਰਬਾਨੀ ਨੂੰ ਯੂਨਾਈਟਿਡ ਖਾਲਸਾ ਦਲ ਯੂ.ਕੇ. ਦੀ ਤਰਫੋਂ ਕੇਸਰੀ ਪ੍ਰਣਾਮ ਹੈ।

# ਸਫਲ ਹੋਣ ਲਈ ਜ਼ਰੂਰੀ ਹੈ, ਆਤਮ ਵਿਸ਼ਵਾਸੀ ਹੋਣਾ



- ਹਰਕੀਰਤ ਕੌਰ ਸਭਰਾ

ਆਤਮ ਵਿਸ਼ਵਾਸ ਸਰੀਰਕ ਸ਼ਕਤੀ ਦਾ ਨਾਮ ਨਹੀਂ ਸਗੋਂ ਆਤਮਿਕ ਸ਼ਕਤੀ ਦਾ ਨਾਮ ਹੈ। ਸ਼ਕਲ ਸੂਰਤ ਵੱਲੋਂ ਸੁੰਦਰ, ਸਰੀਰਕ ਤੌਰ ਤੇ ਸ਼ਕਤੀਸ਼ਾਲੀ ਪਰ ਆਤਮ ਵਿਸ਼ਵਾਸ ਤੋਂ ਸੱਖਣੇ ਵਿਅਕਤੀ ਜੀਵਨ ਦੀਆਂ ਮੁਸ਼ਕਲਾਂ ਦੇ ਪਹਿਲੇ ਰੋੜ ਵਿੱਚ ਹੀ ਰੁੜ ਜਾਂਦੇ ਹਨ। ਸਰੀਰ ਤੋਂ ਕਮਜ਼ੋਰ ਪਰ ਆਤਮਿਕ ਤੌਰ ਤੇ ਬਲਵਾਨ ਵਿਅਕਤੀ ਮੁਸੀਬਤਾਂ ਦੀ ਹਿੱਕ ਥਾਪੜ ਕੇ ਚਕਨਾ ਚੂਰ ਕਰ ਦਿੰਦੇ ਹਨ। ਇਸ ਦੁਨੀਆ ਵਿੱਚ ਸਭ ਤੋਂ ਕਮਜ਼ੋਰ ਉਹ ਵਿਅਕਤੀ ਹੀ ਹਨ ਜਿਨਾਂ ਨੂੰ ਆਪਣੇ ਆਪ ਉੱਤੇ ਵਿਸ਼ਵਾਸ ਨਹੀਂ ਹੈ। ਹਾਰਿਆ ਹੋਇਆ ਵਿਅਕਤੀ ਉਹ ਨਹੀਂ ਹੁੰਦਾ ਜੋ ਯਤਨ ਵਿੱਚ ਸਫਲ ਨਹੀਂ ਹੋਇਆ ਹੁੰਦਾ। ਹਾਰਿਆ ਹੋਇਆ ਵਿਅਕਤੀ ਉਹ ਹੁੰਦਾ ਹੈ ਜਿਸਦਾ ਆਤਮ ਵਿਸ਼ਵਾਸ ਡੋਲ ਗਿਆ ਹੁੰਦਾ ਹੈ। ਆਤਮ ਵਿਸ਼ਵਾਸਹੀਣ ਵਿਅਕਤੀ ਜਿਊਂਦੀ ਲਾਸ਼ ਵਰਗਾ ਹੁੰਦਾ ਹੈ। ਜੋ ਦੂਜਿਆਂ ਦੀ ਕਾਮਯਾਬੀ ਵੇਖ ਈਰਖਾ ਕਰਦਾ ਹੈ, ਝੂਰਦਾ ਹੈ ਪਰ ਖ਼ੁਦ ਆਪਣੇ ਆਪ ਲਈ ਕੁਝ ਨਹੀਂ ਕਰ ਸਕਦਾ। ਜੇਕਰ ਮੁਸਾਫ਼ਰ ਨੂੰ ਮੰਜ਼ਿਲ ਤੇ ਪਹੁੰਚਣ ਦਾ ਹੀ ਵਿਸ਼ਵਾਸ ਨਹੀਂ ਤਾਂ ਉਹ ਸਫ਼ਰ ਸ਼ੁਰੂ ਕਰਨ ਦਾ ਹੀਆ ਕਿੰਝ ਕਰੇਗਾ। ਜੇਕਰ ਕਿਸੇ ਵਿਦਿਆਰਥੀ ਵਿੱਚ ਵਿਸ਼ਵਾਸ ਨਹੀਂ ਕਿ ਉਹ ਪਾਸ ਹੋ ਸਕਦਾ ਹੈ ਤਾਂ ਕੀ ਉਹ ਧਿਆਨ ਨਾਲ ਪੜਾਈ ਕਰ ਸਕੇਗਾ? ਆਤਮ ਵਿਸ਼ਵਾਸ ਦੇ ਘੇਰੇ ਵਿੱਚ ਸ਼ੱਕ ਸੰਦੇਹ, ਅਸਫਲਤਾਵਾਂ, ਨਿਰਾਸ਼ਾ ਜਾਂ ਹੋਰ ਕਿਸੇ ਰੁਕਾਵਟ ਦੀ ਆਸ ਕਰਨ ਦੀ ਗੁੰਜਾਇਸ਼ ਨਹੀਂ ਹੁੰਦੀ। ਆਤਮ ਵਿਸ਼ਵਾਸ ਵਾਲਾ ਵਿਅਕਤੀ ਕਦੇ ਹਾਰਨ ਬਾਰੇ ਨਹੀਂ ਸੋਚਦਾ , ਬਲਕਿ ਆਪਣੀ ਅੰਦਰੂਨੀ ਸ਼ਕਤੀ ਤੇ ਭਰੋਸਾ ਕਰਦਾ ਹੈ। ਹਰ ਆਤਮ ਵਿਸ਼ਵਾਸੀ ਬੰਦੇ ਜਾਣਦੇ ਹਨ ਕਿ ਖੂਹ ਵਿੱਚ ਪਾਣੀ ਹੁੰਦਾ ਹੈ ਪਰ ਪੀਣ ਲਈ ਤਾਂ ਬਾਲਟੀ ਨੂੰ ਰੱਸੀ ਨਾਲ (ਵਿਸ਼ਵਾਸ ਨਾਲ) ਬੰਨਣਾ ਪਵੇਗਾ। ਤਾਂ ਹੀ ਪਾਣੀ ਪ੍ਰਾਪਤ ਹੋਵੇਗਾ। ਮਨੁੱਖ ਅਸੀਮਤ ਸ਼ਕਤੀ ਦਾ ਮਾਲਕ ਹੈ। ਲੋੜ ਹੈ ਸਿਰਫ਼ ਆਪਣੇ ਆਪ ਨੂੰ ਸਮਝਣ ਦੀ ।ਆਪਣੇ ਆਪ ਨੂੰ ਸਮਝਣਾ ਹੀ ਆਤਮ ਵਿਸ਼ਵਾਸੀ ਬਣਨਾ ਹੈ। ਮਨੁੱਖ ਵਿੱਚ ਬਹੁਤ ਸਾਰੀਆਂ ਸ਼ਕਤੀਆਂ ਛੁਪੀਆਂ ਹੋਈਆਂ ਹਨ। ਜਿੰਨਾ ਲੋਕਾਂ ਨੇ ਆਪਣੇ ਆਪ ਤੇ ਵਿਸ਼ਵਾਸ ਕੀਤਾ, ਉਨਾਂ ਨੇ ਇਹਨਾਂ ਲੁਕੀਆਂ ਹੋਈਆਂ ਸ਼ਕਤੀਆਂ ਦੀ ਪਛਾਣ ਕੀਤੀ ਅਤੇ ਦੁਨੀਆ ਨੂੰ ਆਪਣੀਆਂ ਕਲਾਵਾਂ ਦੇ ਦੀਵਾਨੇ ਬਣਾ ਲਿਆ। ਜਿਹੜੇ ਲੋਕ ਆਪਣੇ ਪਹਿਲੇ ਯਤਨ ਵਿੱਚ ਸਫਲਤਾ ਦੀ ਆਸ ਰੱਖਦੇ ਹਨ, ਉਹ ਇੱਕਭੁਲੇਖੇ ਵਿੱਚ ਜੀਅ ਰਹੇ ਹੁੰਦੇ ਹਨ। ਅਸਫਲ ਹੋ ਜਾਣ ਤੋਂ ਭਾਵ ਇਹ ਨਹੀਂ ਕਿ ਤੁਹਾਡੇ ਲਈ ਕਾਮਯਾਬੀ ਦੇ ਦਰਵਾਜ਼ੇ ਹਮੇਸ਼ਾ ਲਈ ਬੰਦ ਹੋ ਗਏ ਹਨ। ਇੱਕ ਬਹੁਤ ਹੀ ਆਮ ਜਿਹੀ ਉਦਾਹਰਨ ਹੈ ਕਿ ਇੱਕ ਛੋਟਾ ਬੱਚਾ ਕਿੰਨੀ ਵਾਰ ਡਿਗਦਾ ਹੈ, ਉੱਠਦਾ ਹੈ ਅਤੇ ਫਿਰ ਕਿਤੇ ਜਾ ਕੇ ਤੁਰਨਾ ਸਿੱਖਦਾ ਹੈ। ਇਹ ਸਾਰਾ ਚੱਕਰ ਆਤਮ ਵਿਸ਼ਵਾਸ ਦਾ ਹੈ। ਜੇਕਰ ਮਨੁੱਖ ਆਤਮ ਵਿਸ਼ਵਾਸੀ ਨਾ ਹੁੰਦਾ ਤਾਂ ਅੱਜ ਵੀ ਜੰਗਲਾਂ ਵਿੱਚ ਪਸ਼ੂਆਂ ਵਾਲੀ ਜ਼ਿੰਦਗੀ ਜੀ ਰਿਹਾ ਹੁੰਦਾ। ਜੇਕਰ ਤੁਰਨਾ ਚਾਹੁੰਦੇ ਹੋ ਤਾਂ ਆਪਣੀਆਂ ਹੀ ਲੱਤਾਂ ਦੀ ਵਰਤੋਂ ਕਰਨੀ ਪਵੇਗੀ। ਆਪਣੀਆਂ ਲੱਤਾਂ ਉੱਤੇ ਹੀ ਵਿਸ਼ਵਾਸ ਕਰਨਾ ਪਵੇਗਾ। ਦੂਸਰਿਆਂ ਸਹਾਰੇ ਮੰਜ਼ਿਲ ਤੇ ਪਹੁੰਚਣਾ ਮੁਸ਼ਕਲ ਹੀ ਨਹੀਂ ਬਲਕਿ ਅਸੰਭਵ ਹੈ। ਆਤਮ ਵਿਸ਼ਵਾਸੀ ਵਿਅਕਤੀ ਹਮੇਸ਼ਾ ਆਤਮਨਿਰਭਰ ਹੁੰਦਾ ਹੈ। ਉਸ ਲਈ ਆਤਮ ਸਨਮਾਨ ਸਭ ਤੋਂ ਪਹਿਲਾ ਹੁੰਦਾ ਹੈ ਕਿਉਂਕਿ ਉਹ ਆਪਣੀ ਕਾਬਲੀਅਤ ਨੂੰ ਜਾਣ ਚੁੱਕਾ ਹੁੰਦਾ ਹੈ। ਉਸ ਵਿੱਚ ਬੇਹੱਦ ਹੌਂਸਲਾ, ਧੀਰਜ ਅਤੇ ਭਰੋਸਾ ਹੁੰਦਾ ਹੈ । ਸੂਰਮੇ ਅਤੇ ਕਾਇਰ ਵਿੱਚ ਇੱਕ ਗੱਲ ਦਾ ਫ਼ਰਕ ਹੁੰਦਾ ਹੈ ਕਿ ਸੂਰਮੇ ਵਿੱਚ ਆਤਮਵਿਸ਼ਵਾਸ ਹੁੰਦਾ ਹੈ ਅਤੇ ਕਾਇਰ ਉਹ ਵਿਸ਼ਵਾਸ ਗਵਾ ਚੁੱਕਾ ਹੁੰਦਾ ਹੈ। ਇਸ ਲਈ ਜ਼ਿੰਦਗੀ ਵਿਚ ਆਤਮ ਨਿਰਭਰ ਹੋਣ ਲਈ ਆਤਮ ਵਿਸ਼ਵਾਸੀ ਹੋਣਾ ਬਹੁਤ ਜ਼ਰੂਰੀ ਹੈ। ਜ਼ਰੂਰੀ ਹੈ ਆਪਣੇ ਹੁਨਰਾਂ ਨੂੰ ਪਹਿਚਾਨਣ ਅਤੇ ਜ਼ਿੰਦਗੀ ਵਿੱਚ ਸਫਲ ਹੋਣ ਲਈ ਆਪਣੇ ਆਪ ਉੱਪਰ ਵਿਸ਼ਵਾਸ ਰੱਖਣ ਦੀ।

# ਕਿਤਾਬਾਂ: ਮਨੁੱਖ ਦੀਆਂ ਚੰਗੀਆਂ ਦੋਸਤ

- ਸੰਜੀਵ ਸਿੰਘ ਸੈਣੀ, ਮੁਹਾਲੀ

ਕਿਤਾਬਾਂ ਮਨੁੱਖ ਦੀਆਂ ਸਭ ਤੋਂ ਚੰਗੀਆਂ ਦੋਸਤ ਹੁੰਦੀਆਂ ਹਨ। ਕਿਤਾਬਾਂ ਪੜਨ ਨਾਲ ਮਨੁੱਖ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ ਤੇ ਉਸ ਦੀ ਬੁੱਧੀ ਦਾ ਵਿਕਾਸ ਹੁੰਦਾ ਹੈ। ਕਿਤਾਬਾਂ ਸਾਡੇ ਵਿਚਾਰ ਬਦਲ ਦਿੰਦੀਆਂ ਹਨ। ਕਿਤਾਬਾਂ ਚੰਗੇ ਅਧਿਆਪਕ ਦੀ ਤਰਾਂ ਹੁੰਦੀਆਂ ਹਨ। ਕਿਤਾਬਾਂ ਪੜਨ ਨਾਲ ਸਾਨੂੰ ਜ਼ਿੰਦਗੀ ਜਿਊਣ ਲਈ ਸੇਧ ਮਿਲਦੀ ਹੈ। ਚੰਗੀਆਂ ਕਿਤਾਬਾਂ ਸਾਨੂੰ ਤਰੋ ਤਾਜ਼ਾ ਕਰ ਦਿੰਦੀਆਂ ਹਨ। ਕਿਤਾਬਾਂ ਦੇ ਸ਼ੌਕੀਨ ਜਾਂ ਜ਼ਿਆਦਾ ਕਿਤਾਬਾਂ ਪੜਨ ਵਾਲੇ ਨੂੰ ਕਿਤਾਬੀ ਕੀੜਾ ਕਿਹਾ ਜਾਂਦਾ ਹੈ। ਹਰ ਚੰਗੀ ਕਿਤਾਬ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ । ਕਿਤਾਬਾਂ ਪੜਨ ਵਾਲਾ ਬੰਦਾ ਕਦੇ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀਂ ਕਰਦਾ। ਉਹ ਘਰ ਬੈਠਿਆਂ ਹੀ ਕਿਤਾਬਾਂ ਰਾਹੀਂ ਵਿਦੇਸ਼ਾਂ ਦੀ ਸੈਰ ਕਰ ਲੈਂਦਾ ਹੈ । ਕਿਤਾਬਾਂ ਪੜਨ ਨਾਲ ਤੁਸੀਂ ਇੱਕ ਵਧੀਆ ਲੇਖਕ ਵੀ ਬਣ ਜਾਂਦੇ ਹੋ । ਵਧੀਆ ਵਿਚਾਰ ਦਿਮਾਗ ਵਿੱਚ ਆਉਣ ਨਾਲ ਤੁਸੀਂ ਵਧੀਆ ਲੇਖ ਵੀ ਲਿਖ ਸਕਦੇ ਹੋ । ਅੱਜ ਕੱਲ ਤਾਂ ਕਿਤਾਬਾਂ ਪੜਨ ਦੀ ਆਦਤ ਖ਼ਤਮ ਹੋ ਚੁੱਕੀ ਹੈ। ਵਿਦਿਆਰਥੀ ਅੱਜ ਕੱਲ ਵਟਸਐਪ ,ਫੇਸਬੁੱਕ ਜਾਂ ਹੋਰ ਸਾਈਟਸ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ । ਅੱਜ ਇੰਨੇ ਸਾਧਨ ਹੋਣ ਦੇ ਬਾਵਜੂਦ ਵੀ ਕਿਤਾਬਾਂ ਪੜਨ ਦਾ ਰੁਝਾਨ ਘੱਟ ਰਿਹਾ ਹੈ ।ਜਿਸ ਤਰਾਂ ਆਮ ਕਿਹਾ ਵੀ ਜਾਂਦਾ ਹੈ ਕਿ ਚੋਰ ਚਾਹੇ ਜੋ ਮਰਜ਼ੀ ਚੋਰੀ ਕਰਕੇ ਲੈ ਜਾਵੇ ,ਪਰ ਜੋ ਇਹ ਕਿਤਾਬੀ ਗਿਆਨ ਹੈ ਇਸ ਨੂੰ ਚੋਰੀ ਨਹੀਂ ਕਰ ਸਕਦਾ। ਜੇ ਮਾਂ ਬਾਪ ਘਰ ਵਿੱਚ ਕਿਤਾਬਾਂ ਪੜਨੀਆਂ ਸ਼ੁਰੂ ਕਰ ਦੇਣਗੇ, ਤਾਂ ਉਨਾਂ ਦੀ ਦੇਖਾ ਦੇਖੀ ਵਿੱਚ ਬੱਚਿਆਂ ਵਿੱਚ ਆਪਣੇ ਆਪ ਦਿਲਚਸਪੀ ਪੈਦਾ ਹੋਵੇਗੀ । ਅਕਸਰ ਆਮ ਪਰਿਵਾਰਾਂ ਵਿੱਚ ਦੇਖਿਆ ਜਾਂਦਾ ਹੈ ਕਿ ਘਰ ਵਿੱਚ ਬਹੁਤ ਚੀਜ਼ਾਂ ਹੁੰਦੀਆਂ ਹਨ ,ਪਰ ਘਰ ਵਿੱਚ ਇੱਕ ਮਿੰਨੀ ਲਾਇਬ੍ਰੇਰੀ ਤੱਕ ਨਹੀਂ ਹੁੰਦੀ। ਲਾਕਡਾਊਨ ਦੌਰਾਨ ਬੱਚਿਆਂ ਕੋਲ ਬਹੁਤ ਸਮਾਂ ਸੀ। ਜੇ ਉਹ ਇਹ ਸਮਾਂ ਚੰਗੀਆਂ ਕਿਤਾਬਾਂ ਪੜਨ ਵਿੱਚ ਗੁਜ਼ਾਰਦੇ , ਤਾਂ ਉਨਾਂ ਨੂੰ ਇਕੱਲਾਪਣ ਮਹਿਸੂਸ ਨਾ ਹੁੰਦਾ। ਸੁਣਨ ਵਿੱਚ ਵੀ ਆਇਆ ਹੈ ਕਿ ਕਈ ਬੱਚਿਆਂ ਨੇ ਕੋਸ਼ਿਸ਼ ਵੀ ਕੀਤੀ ਹੈ ਜੇ ਉਹ ਕੋਸ਼ਿਸ਼ ਕਰਨਗੇ ਤਾਂ ਆਪਣੇ ਆਪ ਉਨਾਂ ਦੀ ਕਿਤਾਬਾਂ ਵੱਲ ਦਿਲਚਸਪੀ ਜ਼ਿਆਦਾ ਵਧੇਗੀ। ਜਿੱਥੇ ਵੀ ਪੁਸਤਕ ਮੇਲਾ ਲੱਗਦਾ ਹੈ, ਉਸ ਪੁਸਤਕ ਮੇਲੇ ਵਿੱਚ ਆਪਣੇ ਬੱਚਿਆਂ ਨੂੰ ਲੈ ਕੇ ਜਾਣ। ਜਿਹੜੀ ਵੀ ਉੱਥੇ ਪੁਸਤਕ ਪਸੰਦ ਆਉਂਦੀ ਹੈ ਉਸ ਨੂੰ ਘਰ ਲੈ ਕੇ ਆਉਣ। ਦੇਖਣ ਵਿੱਚ ਆਉਂਦਾ ਹੈ ਕਿ ਜੋ ਬੱਚਿਆਂ ਦੇ ਸਿਲੇਬਸ ਵਿੱਚ ਹੁੰਦਾ ਹੈ ,ਬੱਚੇ ਉਹੀ ਕਿਤਾਬਾਂ ਪੜਦੇ ਹਨ। ਲਾਇਬ੍ਰੇਰੀਆਂ ਵਿੱਚ ਤਾਂ ਬੱਚੇ ਬਿਲਕੁਲ ਵੀ ਨਹੀਂ ਜਾਂਦੇ । ਲਾਇਬ੍ਰੇਰੀਆਂ ਵਿੱਚ ਕਈ ਕਿਤਾਬਾਂ ਇੰਝ ਹੀ ਪਈਆਂ ਰਹਿੰਦੀਆਂ ਹਨ। ਜੋ ਵਿਦਿਆਰਥੀ ਕਿਤਾਬਾਂ ਬਿਲਕੁਲ ਵੀ ਨਹੀਂ ਪੜਦੇ, ਜੇ ਕਿਤੇ ਮੌਕਾ ਉਨਾਂ ਨੂੰ ਮਿਲ ਜਾਵੇ ਕਿ ਤੁਸੀਂ ਪੰਜ ਮਿੰਟ ਬੋਲਣਾ ਹੈ ਤਾਂ ,ਉਹ ਬੋਲ ਨਹੀਂ ਸਕਦੇ। ਅਜਿਹੇ ਵਿਦਿਆਰਥੀ ਫਿਰ ਮੁਕਾਬਲੇ ਦੀ ਪ੍ਰੀਖਿਆਵਾਂ ਨੂੰ ਵੀ ਪਾਸ ਨਹੀਂ ਕਰ ਸਕਦੇ। ਆਮ ਲਾਇਬ੍ਰੇਰੀਆਂ ਵਿੱਚ ਦੇਖਣ ਨੂੰ ਮਿਲਦਾ ਹੈ ਕਿ ਦੱਖਣ ਭਾਰਤ ਦੇ ਵਿਦਿਆਰਥੀ ਬਹੁਤ ਸਮਾਂ ਕਿਤਾਬਾਂ ਪੜਨ ਨੂੰ ਦਿੰਦੇ ਹਨ। ਸਾਡੇ ਪੂਰੇ ਭਾਰਤ ਵਿੱਚ ਦੇਖਣਹਾਰੀ ਦੇ ਵਿਦਿਆਰਥੀ ਜ਼ਿਆਦਾ ਮਿਹਨਤੀ ਮੰਨੇ ਜਾਂਦੇ ਹਨ। ਮੁਕਾਬਲੇ ਦੀ ਪ੍ਰੀਖਿਆਵਾਂ ਵਿੱਚ ਤਕਰੀਬਨ ਟਾਪਰ ਦੱਖਣ ਭਾਰਤ ਦੇ ਵਿਦਿਆਰਥੀ ਹੀ ਹੁੰਦੇ ਹਨ ।ਸਾਨੂੰ ਅਜਿਹੇ ਵਿਦਿਆਰਥੀਆਂ ਤੋਂ ਸੇਧ ਲੈਣੀ ਚਾਹੀਦੀ ਹੈ, ਤਾਂ ਜੋ ਸਾਡੇ ਵਿਦਿਆਰਥੀਆਂ ਦੀ ਦਿਲਚਸਪੀ ਕਿਤਾਬਾਂ ਵੱਲ ਜ਼ਿਆਦਾ ਹੋਵੇ। ਪੰਜਾਬੀਆਂ ਲਈ ਇਹ ਬਹੁਤ ਹੀ ਚਿੰਤਾ ਵਾਲੀ ਗੱਲ ਹੈ, ਸੋ ਅਸੀਂ ਕਿਤਾਬਾਂ ਪੜਨ ਨੂੰ ਜ਼ਿਆਦਾ ਤਰਜੀਹ ਦੇਈਏ ।

# ਕਿਸਾਨੀ ਅੰਦੋਲਨ ਕਾਰਨ ਕੈਪਟਨ ਸਰਕਾਰ, ਮੋਦੀ ਸਰਕਾਰ ਖ਼ਿਲਾਫ਼ ਸਰਗਰਮ

## ✪ ਸ਼੍ਰੋਮਣੀ ਕਮੇਟੀ ਦੀਆਂ ਚੋਣ ਸਰਗਰਮੀਆਂ ਤੇਜ਼ ਹੋਈਆਂ, ਢੀਂਡਸਾ ਨੇ ਕੇਂਦਰ ਤੇ ਕੈਪਟਨ ਸਰਕਾਰ ਨਾਲ ਸੰਪਰਕ ਸਾਧਿਆ

## ✪ ਵਿਧਾਨ ਸਭਾ ਚੋਣਾਂ ਤੋਂ 17 ਮਹੀਨੇ ਪਹਿਲਾਂ ਕੇਂਦਰ ਸਰਕਾਰ ਵਿਰੁੱਧ ਕੈਪਟਨ ਦੇ ਤੇਵਰ ਤਿਖੇ

**ਜਲੰਧਰ/ਏ.ਟੀ.ਨਿਊਜ਼:** 2017 'ਚ ਪੰਜਾਬ ਦੀ ਸੱਤਾ ਸੰਭਾਲਣ ਤੋਂ ਬਾਅਦ ਹੁਣ ਤਕ ਕੇਂਦਰ ਸਰਕਾਰ ਦੇ ਨਾਲ ਬਿਹਤਰੀਨ ਤਾਲਮੇਲ ਕਰਕੇ ਕੰਮ ਕਰ ਰਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਤੇਵਰ ਕਿਸਾਨ ਅੰਦੋਲਨ ਨੂੰ ਲੈ ਕੇ ਬਦਲ ਗਏ ਹਨ। ਕੈਪਟਨ ਨੇ ਹੁਣ ਤਕ ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਦੇ ਲਾਂਘੇ ਤੋਂ ਇਲਾਵਾ, ਚੀਨ ਨੂੰ ਲੈ ਕੇ ਕੇਂਦਰ ਸਰਕਾਰ ਦੇ ਸਟੈਂਡ ਦੇ ਨਾਲ-ਨਾਲ ਪਾਕਿਸਤਾਨ ਵਿਰੁੱਧ ਲਏ ਗਏ ਸਟੈਂਡ ਅਤੇ ਹੋਰ ਮੁੱਦਿਆਂ 'ਤੇ ਵੀ ਕੇਂਦਰ ਸਰਕਾਰ ਦਾ ਸਮਰਥਨ ਕੀਤਾ ਹੈ ਪਰ ਹੁਣ ਖੇਤੀਬਾੜੀ ਕਾਨੂੰਨਾਂ ਦੇ ਮੁੱਦੇ 'ਤੇ ਕੈਪਟਨ ਦੇ ਬਦਲੇ ਤੇਵਰਾਂ ਤੋਂ ਇਹ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ ਕਿ ਜੇਕਰ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਦੀ ਚੋਣ ਕਰਵਾਉਂਦੀ ਹੈ ਤਾਂ ਕੈਪਟਨ ਅਮਰਿੰਦਰ ਦਾ ਸਟੈਂਡ ਕੀ ਹੋਵੇਗਾ ?

ਹਾਲਾਂਕਿ ਕਾਂਗਰਸ ਸਿੱਧੇ ਤੌਰ 'ਤੇ ਇਨਾਂ ਚੋਣਾਂ ਵਿਚ ਹਿੱਸਾ ਨਹੀਂ ਲੈਂਦੀ ਹੈ ਪਰ ਇਸਦੇ ਬਾਵਜੂਦ ਜੇਕਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੱਖ ਹੋ ਕੇ ਨਵੀਂ ਪਾਰਟੀ ਬਣਾਉਣ ਵਾਲੇ ਸੁਖਦੇਵ ਸਿੰਘ ਢੀਂਡਸਾ ਦੇ ਧੜੇ ਨੂੰ ਸਰਕਾਰ ਦਾ ਅਸਿੱਧੇ ਤੌਰ 'ਤੇ ਸਮਰਥਨ ਰਿਹਾ ਤਾਂ ਚੋਣਾਂ ਦੇ ਨਤੀਜੇ ਪ੍ਰਭਾਵਿਤ ਹੋ ਸਕਦੇ ਹਨ। ਪੰਜਾਬ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਸਿਰਫ਼ 17 ਮਹੀਨੇ ਦਾ ਸਮਾਂ ਬਚਿਆ ਹੈ ਲਿਹਾਜ਼ਾ ਕੈਪਟਨ ਦੇ ਬਦਲੇ ਤੇਵਰ ਨੂੰ ਅਗਲੀ ਵਿਧਾਨ ਸਭਾ ਚੋਣ ਦੇ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ। ਜੇਕਰ ਇਨਾਂ ਚੋਣਾਂ ਵਿਚ ਅਕਾਲੀ ਦਲ ਕਮਜ਼ੋਰ ਹੁੰਦਾ ਹੈ ਤਾਂ ਇਸ ਦਾ ਸਿੱਧਾ ਫ਼ਾਇਦਾ ਕਾਂਗਰਸ ਨੂੰ ਹੋਵੇਗਾ ਕਿਉਂਕਿ ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਦੀ ਪਕੜ ਹੀ ਉਸ ਨੂੰ ਸਿਆਸੀ ਤਾਕਤ ਦਿੰਦੀ ਆਈ ਹੈ। ਲਿਹਾਜ਼ਾ ਹੁਣ ਸਿਆਸੀ ਮਾਹਰਾਂ ਦੀਆਂ ਨਜ਼ਰਾਂ ਇਸ ਗੱਲ 'ਤੇ ਹੈ ਕਿ ਕੀ ਕੈਪਟਨ ਅਗਲੀਆਂ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਵਾਲੀ ਰਾਜਨੀਤੀ ਕਰਨਗੇ ਜਾਂ ਢੀਂਡਸਾ ਧੜੇ ਨੂੰ ਅਸਿੱਧੇ ਤੌਰ 'ਤੇ ਮਦਦ ਨਾਲ ਭਾਜਪਾ ਨੂੰ ਮਜ਼ਬੂਤ ਕਰਨਗੇ।

ਬਾਦਲ ਦਲ ਭਾਜਪਾ ਨਾਲ ਗੱਠਜੋੜ ਟੁੱਟਣ ਵਿਚ ਵੀ ਆਪਣਾ ਆਧਾਰ ਮਜ਼ਬੂਤ ਨਹੀਂ ਕਰ ਸਕਿਆ। ਪਰ ਪੰਥਕ ਆਧਾਰ ਅਜੇ ਵੀ ਟੁੱਟਿਆ ਹੋਇਆ ਹੈ। ਬਾਦਲ ਦੇ ਫ਼ਾਇਦੇ ਵਿਚ ਅਜੇ ਵੀ ਇਹ ਗੱਲ ਹੈ ਕਿ ਉਸਨੇ ਆਪਣਾ ਕੇਡਰ ਤੇ ਲੀਡਰਸ਼ਿਪ ਸਾਂਭ ਕੇ ਰੱਖੀ ਹੈ। ਬਾਦਲ ਕੋਲ ਸਿਰਫ਼ ਸਿਆਸੀ ਬਦਲ ਬਸਪਾ ਦਾ ਬਚਦਾ ਹੈ। ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜੀ ਨੇ ਭਾਜਪਾ ਨਾਲ ਕਿਸਾਨੀ ਗੱਠਜੋੜ ਤੋੜਨ ਉੱਪਰ ਸ਼ਲਾਘਾ ਕੀਤੀ ਹੈ। ਪਰ ਗੱਠਜੋੜ ਬਾਰੇ ਕਿਹਾ ਕਿ ਇਸ ਬਾਰੇ ਬਸਪਾ ਸੁਪਰੀਮੋ ਮਾਇਆਵਤੀ ਫ਼ੈਸਲਾ ਲਵੇਗੀ। ਜੇ ਅਕਾਲੀ ਬਸਪਾ ਗੱਠਜੋੜ ਹੋ ਜਾਂਦਾ ਹੈ ਤਾਂ ਕੈਪਟਨ ਤੇ ਬਾਦਲਾਂ ਦੀ ਇਕ ਵਾਰ ਫਿਰ ਟੱਕਰ ਹੋ ਸਕਦੀ ਹੈ।

### ਐੱਸ. ਜੀ. ਪੀ. ਸੀ. ਚੋਣ ਲੜਨ ਬਾਰੇ ਐਲਾਨ ਕਰ ਚੁੱਕਾ ਹੈ ਢੀਂਡਸਾ ਧੜਾ

ਕੇਂਦਰੀ ਗ੍ਰਹਿ ਮੰਤਰਾਲਾ ਵੱਲੋਂ ਗੁਰਦੁਆਰਾ ਚੋਣ ਕਮਿਸ਼ਨਰ ਦੇ ਅਹੁਦੇ ਲਈ ਜਸਟਿਸ (ਸੇਵਾਮੁਕਤ)ਐੱਸ.ਐੱਸ. ਸਰੋਂ ਦੇ ਨਾਂ ਦਾ ਐਲਾਨ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਇਹ ਕਦਮ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਦੇ ਨਾਲ ਸਿਆਸੀ ਸਬੰਧ ਤੋੜਨ ਦੇ ਐਲਾਨ ਤੋਂ ਬਾਅਦ ਚੁੱਕਿਆ ਹੈ।ਸਰੋਂ ਦੀ ਨਿਯੁਕਤੀ ਤੋਂ ਬਾਅਦ ਮੰਨਿਆ ਜਾ ਰਿਹਾ ਹੈ ਕਿ ਹੁਣ ਛੇਤੀ ਹੀ ਸ਼੍ਰੋਮਣੀ ਕਮੇਟੀ ਦੀ ਚੋਣ ਹੋ ਸਕਦੀ ਹੈ। ਇਸ 'ਚ ਸਰੋਂ ਦੀ ਨਿਯੁਕਤੀ ਦਾ ਐਲਾਨ ਅਗਲੇ ਹੀ ਦਿਨ ਢੀਂਡਸਾ ਧੜੇ ਨੇ ਸ਼੍ਰੋਮਣੀ ਕਮੇਟੀ ਦੇ ਚੋਣ ਲੜਨ ਦਾ ਐਲਾਨ ਕਰ ਦਿੱਤਾ।

ਸਿਆਸੀ ਹਲਕਿਆਂ 'ਚ ਮੰਨਿਆ ਜਾਂਦਾ ਹੈ ਕਿ ਢੀਂਡਸਾ ਧੜੇ ਨੂੰ ਭਾਜਪਾ ਦਾ ਅਸਿੱਧੇ ਤੌਰ 'ਤੇ ਸਮਰਥਨ ਹਾਸਲ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲੋਂ ਵੱਖ ਹੋ ਕੇ ਬਣਾਏ ਗਏ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਅਤੇ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਰਾਹੀਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਾ ਧੜਾ ਵੀ ਇਨਾਂ ਚੋਣਾਂ ਵਿਚ ਸਰਗਰਮ ਭੂਮਿਕਾ ਨਿਭਾਅ ਸਕਦਾ ਹੈ ਅਤੇ ਜੇਕਰ ਸਾਰੇ ਵਿਰੋਧੀ ਧੜੇ ਇੱਕਜੁੱਟ ਹੋਏ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਚੋਣ ਵਿਚ ਵੱਡੀ ਚੁਨੌਤੀ ਮਿਲ ਸਕਦੀ ਹੈ।



### ਹੁਣ ਤੱਕ ਅਕਾਲੀ ਦਲ ਦਾ ਹੀ ਰਿਹਾ ਦਬਦਬਾ

ਸ਼੍ਰੋਮਣੀ ਦੇ ਕੁਲ 191 ਮੈਂਬਰ ਹੁੰਦੇ ਹਨ ਅਤੇ ਇਨਾਂ ਚੋਣਾਂ ਵਿਚ ਹੁਣ ਤਕ ਅਕਾਲੀ ਦਲ ਦਾ ਦਬਦਬਾ ਰਿਹਾ ਹੈ। ਕੁਲ 191 ਮੈਂਬਰਾਂ 'ਚੋਂ ਅਤੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀਆਂ 170 ਸੀਟਾਂ 'ਤੇ ਪ੍ਰਤੀਨਿਧੀ ਸਿੱਧੇ ਤੌਰ 'ਤੇ ਚੋਣ ਰਾਹੀਂ ਚੁਣੇ ਜਾਂਦੇ ਹਨ, ਜਦੋਂ ਕਿ ਪੰਜ ਤਖ਼ਤਾਂ ਦੇ ਪੰਜ ਜਥੇਦਾਰਾਂ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵੀ ਬਤੌਰ ਮੈਂਬਰ ਸ਼ਾਮਲ ਹੁੰਦੇ ਹਨ, ਜਦਕਿ 15 ਹੋਰ ਮੈਂਬਰਾਂ ਨੂੰ ਨਾਮਜ਼ਦ ਕੀਤਾ ਜਾਂਦਾ ਹੈ। ਇਨਾਂ ਵਿਚੋਂ 185 ਮੈਂਬਰਾਂ ਕੋਲ ਵੋਟਿੰਗ ਰਾਹੀਂ ਪ੍ਰਧਾਨ ਚੁਣਨ ਦਾ ਅਧਿਕਾਰ ਹੁੰਦਾ ਹੈ। 2011 ਦੀਆਂ ਚੋਣਾਂ 'ਚ ਵੀ 170 ਮੈਂਬਰ ਚੁਣੇ ਗਏ ਸਨ ਅਤੇ ਇਨਾਂ ਵਿਚੋਂ 157 ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਸਮਾਜ ਦੇ ਗੱਠਜੋੜ ਨੇ ਜਿੱਤੀ ਸੀ ਪਰ ਹੁਣ ਪੰਥਕ ਹਲਕਿਆਂ 'ਚ ਅਕਾਲੀ ਦਲ ਦੀ ਛਵੀ ਨੂੰ ਕਾਫ਼ੀ ਨੁਕਸਾਨ ਪੁੱਜਾ ਹੈ ਲਿਹਾਜ਼ਾ ਇਸ ਦਾ ਅਸਰ ਇਨਾਂ ਚੋਣਾਂ 'ਤੇ ਪੈਣਾ ਤੈਅ ਹੈ।

## ਪੰਥ ਤੇ ਗ੍ਰੰਥ ਦੀ ਬੇਅਦਬੀ ਰੋਕਣ ਲਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਬਾਦਲਾਂ ਨੂੰ ਲਾਂਭੇ ਕਰਨਾ ਜ਼ਰੂਰੀ : ਭਾਈ ਰਣਜੀਤ ਸਿੰਘ

**ਭਵਾਨੀਗੜ /ਏ.ਟੀ.ਨਿਊਜ਼:** ਸਿੱਖਾਂਦੀਆਂ ਪੰਥਕ ਰਵਾਇਤਾਂ ਨੂੰ ਖ਼ਤਮ ਕਰਕੇ ਪੰਥ ਤੇ ਗ੍ਰੰਥ ਦੀ ਬੇਅਦਬੀ ਕੀਤੀ ਜਾ ਰਹੀ ਹੈ। ਜਿਸ ਨੂੰ ਬਚਾਉਣ ਲਈ 12 ਸਾਲ ਬਾਅਦ ਹੋਣ ਜਾ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਬਾਦਲਾਂ ਨੂੰ ਲਾਂਭੇ ਕਰਨ ਲਈ ਹਰੇਕ ਸਿੱਖ ਆਪਣੀ ਵੋਟ ਬਣਾਵੇ ਤਾਂ ਜੋ ਸਿੱਖ ਕੌਮ 'ਚ ਚੱਲ ਰਹੀਆਂ ਕੁਰੀਤੀਆਂ ਤੇ ਕਮੀਆਂ ਨੂੰ ਖ਼ਤਮ ਕੀਤਾ ਜਾ ਸਕੇ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਅੰਮ੍ਰਿਤਸਰ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਸਥਾਨਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਏ ਕੀਤੇ। ਉਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਜਸਟਿਸ ਐਸ. ਐਸ. ਸਾਰੋਂ ਨੂੰ ਨਿਯੁਕਤ ਕੀਤਾ ਗਿਆ ਹੈ। ਸਰਕਾਰ ਵੱਲੋਂ ਨੋਟੀਫ਼ਿਕੇਸ਼ਨ ਜਾਰੀ ਹੋ ਜਾਣ ਤੋਂ ਬਾਅਦ ਵੋਟਾਂ ਬਣਾਉਣ ਦਾ ਕੰਮ ਸ਼ੁਰੂ ਹੋ ਜਾਵੇਗਾ। ਜਿਸ ਲਈ ਉਨਾਂ ਨੇ ਪੂਰੀ ਦੁਨੀਆ ਅਤੇ ਦੇਸ਼ ਦੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਸਿੱਖ ਧਰਮ ਨੂੰ ਬਚਾਈਏ। ਆਪਣੀ ਅਣਖ ਨੂੰ ਫਿਰ ਤੋਂ ਜਗਾਈਏ ਕਿਉਂਕਿ ਪਿਉ-ਪੁੱਤਰ ਦੋਨੋਂ ਬਾਦਲ ਸਿੱਖੀ ਦਾ ਘਾਣ ਕਰਦਿਆਂ ਹੋਇਆ ਆਪਣੇ ਪਰਿਵਾਰ ਦੇ ਭਲੇ ਲਈ ਗੁਰੂ ਦੀ ਗੋਲਕ ਦਾ ਰੁਪਿਆ, ਗੁਰੂ ਘਰ ਦੀਆਂ ਜ਼ਮੀਨਾਂ ਸਭ ਕੁਝ ਹੜੱਪ ਕਰ ਲਿਆ ਹੈ।

ਸਥਿਤੀ ਇਹ ਬਣੀ ਹੋਈ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇਨਾਂ ਦੀ ਕਠਪੁਤਲੀ ਬਣ ਗਏ ਹਨ। ਉਨਾਂ ਕਿਹਾ ਕਿ ਆਪ੍ਰੇਸ਼ਨ ਬਲਿਊ ਸਟਾਰ ਵੇਲੇ ਸਿੱਖਾਂ ਦੇ ਕੀਮਤੀ 200 ਸਰੂਪ ਹੱਥ ਲਿਖਤਾਂ, ਦਸਮ ਗ੍ਰੰਥ, 28 ਰਹਿਤ ਨਾਮੇ, 2 ਜਨਮ ਸਾਖੀਆਂ ਜੋ ਸੀ.ਬੀ.ਆਈ. ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਾਪਸ ਕਰ ਦਿੱਤੀਆਂ ਸੀ। ਪਰ ਪ੍ਰਬੰਧਕ ਕਮੇਟੀ ਦੀ ਲਾਪਰਵਾਹੀ ਅਤੇ ਨਾਲਾਇਕੀ ਕਾਰਨ ਨਹੀਂ ਮਿਲ ਰਹੀਆਂ। ਗੁਰਦੁਆਰਾ ਕਮੇਟੀ ਪਿਛਲੇ 22 ਸਾਲਾਂ ਤੋਂ ਜਾਂਚ-ਪੜਤਾਲ ਕਮੇਟੀ ਬਣਾ ਕੇ ਇਸ ਸਬੰਧੀ ਜਾਂਚ ਕਰਨ ਦੀਆਂ ਝੂਠੀਆਂ ਤਸੱਲੀਆਂ ਦੇ ਕੇ ਲੋਕਾਂ ਨੂੰ ਗੁੰਮ ਰਾਹ ਕਰ ਰਹੀ ਹੈ। ਜਿਸ ਕਰਕੇ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗ਼ਾਇਬ ਪਾਵਨ ਸਰੂਪਾਂ ਜੋ ਕਿ ਪਹਿਲਾ 267 ਕਹਿੰਦੇ ਸੀ ਤੇ ਫਿਰ 328 ਸਰੂਪਾਂ ਬਾਰੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਬਾਦਲਾਂ ਦੇ ਇਸ਼ਾਰਿਆਂ 'ਤੇ ਝੂਠ ਬੋਲੇ ਦੁਨੀਆ ਨੂੰ ਬੇਵਕੂਫ਼ ਬਣਾ ਰਹੇ ਹਨ। ਉਨਾਂ ਕਿਹਾ ਕਿ ਗੁਰਦੁਆਰਾ ਕਮੇਟੀ ਵੱਲੋਂ ਜੋ ਸੀ.ਏ. ਰੱਖਿਆ ਹੋਇਆ ਹੈ ਉਹ ਗੁਰੂ ਦੀ ਗੋਲਕ 'ਚੋਂ 8 ਲੱਖ ਰੁਪਏ ਮਹੀਨਾ ਲੈਂਦਾ ਹੈ ਤੇ ਹਿਸਾਬ ਕਿਤਾਬ ਬਾਦਲਾਂ ਦੀਆਂ ਚੱਲਦੀਆਂ ਬੱਸਾਂ ਦਾ ਕਰਦਾ ਹੈ। ਇਸ ਦੇ ਨਾਲ ਹੀ ਉਨਾਂ ਕਿਹਾ ਕਿ ਅੱਜ ਨੌਜਵਾਨ ਪੀੜੀ ਅਤੇ ਸਿੱਖ ਧਰਮ, ਪੰਥ ਅਤੇ ਗ੍ਰੰਥ ਨੂੰ ਬਚਾਉਣ ਲਈ 3 ਸਾਲ ਪਹਿਲਾਂ ਬਣਾਈ ਗਈ ਪੰਥਕ ਅਕਾਲੀ ਲਹਿਰ ਦਾ ਸਾਥ ਦਿੰਦਿਆਂ ਆਪਣੀਆਂ ਵੋਟਾਂ ਬਣਾਉਣ ਅਤੇ ਲੋਕ ਭਲਾਈ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਸਾਫ਼-ਸੁਥਰੇ ਅਕਸ ਵਾਲੇ ਉਮੀਦਵਾਰਾਂ ਜੋ ਪੰਥ ਅਤੇ ਗ੍ਰੰਥ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਹੋਣ ਉਨਾਂ ਨੂੰ ਜਿਤਾਉਣ।

ਉਨਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਿੱਖ ਸਿਧਾਂਤਾਂ ਨੂੰ ਬਚਾ ਕੇ ਗੁਰੂ ਦੀ ਗੋਲਕ ਨਾਲ ਗ਼ਰੀਬ ਬੱਚਿਆਂ ਦੇ ਲਈ ਪੜਾਈ ਦਾ ਵਧੀਆ ਪ੍ਰਬੰਧ, ਵਿਧਵਾ ਤੇ ਬੇਸਹਾਰਾ ਔਰਤਾਂ ਦੀ ਸਹਾਇਤਾ, ਗੁਰੂ ਰਾਮ ਦਾਸ ਹਸਪਤਾਲ 'ਚ ਫ਼ਰੀ ਇਲਾਜ, ਗੁਰੂ ਘਰ ਦੀਆਂ ਕਾਬਜ਼ ਕੀਤੀਆਂ ਜ਼ਮੀਨਾਂ ਨੂੰ ਛੁਡਵਾਉਣ, ਕੀਤੇ ਗਏ ਘਪਲਿਆਂ ਨੂੰ ਬਾਹਰ ਕੱਢਣ ਤੋਂ ਇਲਾਵਾ ਜੋ ਵੀ ਯਾਤਰੂ ਹਰਿਮੰਦਰ ਸਾਹਿਬ ਜਾਂਦਾ ਹੈ ਉਸ ਨੂੰ ਰਾਤ ਰਹਿਣ ਲਈ ਕਮਰੇ ਮਿਲਣ।

## ਕਿਸਾਨਾਂ ਦੇ ਮੁੱਦੇ ਨੂੰ ਲੈ ਕੇ ਹਰਸਿਮਰਤ ਬਾਦਲ ਨੇ ਘੇਰੀ ਕੈਪਟਨ ਸਰਕਾਰ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸੁਖਬੀਰ ਬਾਦਲ ਤੇ ਹਰਸਿਮਰਤ ਕੌਰ ਬਾਦਲ ਦਰਬਾਰ ਸਾਹਿਬ ਨਤਮਸਤਕ ਹੋਣ ਪਹੁੰਚੇ। ਇਸ ਦੌਰਾਨ ਉਨਾਂ ਕਿਸਾਨਾਂ ਦੇ ਮੁੱਦੇ ਨੂੰ ਲੈ ਕੇ ਮੋਦੀ ਸਰਕਾਰ ਤੇ ਕੈਪਟਨ ਸਰਕਾਰ 'ਤੇ ਸ਼ਬਦੀ ਵਾਰ ਕੀਤੇ। ਹਰਸਿਮਰਤ ਬਾਦਲ ਨੇ ਕਿਹਾ ਕੈਪਟਨ ਸਰਕਾਰ ਭ੍ਰਿਸ਼ਟ ਸਰਕਾਰ ਤੇ ਠੱਗਾਂ ਤੇ ਝੂਠੀ ਸਹੁੰ ਖਾਣ ਵਾਲੀ ਸਰਕਾਰ ਹੈ। ਉਨਾਂ ਸਵਾਲ ਚੁੱਕੇ ਕਿ ਕੈਪਟਨ ਨਾ ਸੈਸ਼ਨ ਬੁਲਾ ਰਹੇ, ਨਾ ਅਦਾਲਤ 'ਚ ਜਾ ਰਹੇ। ਉਹ ਸਿਰਫ਼ ਕਿਸਾਨਾਂ ਨੂੰ ਗੁਮਰਾਹ ਕਰ ਰਹੇ। ਉਨਾਂ ਇਲਜ਼ਾਮ ਲਾਏ ਕਿ ਪੰਜਾਬ ਤੇ ਕੇਂਦਰ ਸਰਕਾਰ ਮਿਲੇ ਹੋਏ ਨੇ ਤੇ ਦੋਵਾਂ ਦਾ ਜ਼ਮੀਰ ਮਰ ਚੁੱਕਾ ਹੈ।

## ✪ ਪਰਾਲੀ ✪

ਪਰਾਲੀ ਨੂੰ ਅੱਗ ਨਾ ਲਾ ਵੇ, ਵੀਰਾ ਕਿਰਸਾਨਾ
ਲੈ ਵਾਤਾਵਰਨ ਬਚਾ ਵੇ, ਵੀਰਾ ਕਿਰਸਾਨਾ

ਜੱਦ ਅੱਗ ਲਾਉਂਦਾ ਖੇਤਾਂ ਨੂੰ ਤੇਰੇ ਖੇਤ ਦੇ ਦਰੱਖਤ ਵੀ ਸੜ ਜਾਂਦੇ,
ਜਦ ਧਰਤੀ ਦੀ ਹਿੱਕ ਸੜਦੀ ਹੈ ਤਾਂ ਵਿੱਚ ਮਿੱਤਰ ਕੀੜੇ ਵੀ ਮਰ ਜਾਂਦੇ,
ਬਦਲ ਗਿਆ ਯੁੱਗ ਤੂੰ ਬਦਲ ਜਾ ਲੈ ਨਵੇਂ ਢੰਗ ਅਪਣਾ ਵੇ ਵੀਰਾ ਕਿਰਸਾਨਾ
ਪਰਾਲੀ ਨੂੰ ਅੱਗ ਨਾ ਲਾ ਵੇ ਵੀਰਾ ਕਿਰਸਾਨਾ

ਏਸ ਅੱਗ ਦੇ ਕਾਰਨ ਧੂੰਏਂ ਦੀ ਬਣ ਧੁੰਦ ਅੰਬਰੀ ਛਾ ਜਾਂਦੀ,
ਦੋ ਫੁੱਟ ਵੀ ਦਿਸਦਾ ਦੂਰ ਨਹੀਂ ਚਿੱਟਾ ਦਿਨ ਰਾਤ ਬਣਾ ਜਾਂਦੀ ,
ਦੁਰਘਟਨਾ ਹੋ ਜਾਣ ਸੜਕਾਂ ਤੇ ਸਾਡੇ ਮਰਦੇ ਭੈਣ-ਭਰਾ ਵੇ ਵੀਰਾ ਕਿਰਸਾਨਾ
ਪਰਾਲੀ ਨੂੰ ਅੱਗ ਨਾ ਲਾ ਵੇ ਵੀਰਾ ਕਿਰਸਾਨਾ

ਹਵਾ, ਪਾਣੀ ਦੂਸ਼ਿਤ ਹੋ ਗਿਆ ਏ ਇਹ ਆਖੇ ਜੱਗ ਜਹਾਨ ਸਾਰਾ,
ਜੇ ਸਮਝੀ ਨਾ ਗੱਲ ਲੋਕਾਂ ਨੇ ਤਾਂ ਫਿਰ ਹੋਜੂਗਾ ਨੁਕਸਾਨ ਭਾਰਾ,
ਵਕਤ ਗੁਆਇਆ ਹੱਥ ਨਹੀਂ ਆਉਣਾ ਰੋਵਾਂਗੇ ਪਛਤਾ ਵੇ ਵੀਰਾ ਕਿਰਸਾਨਾ,
ਪਰਾਲੀ ਨੂੰ ਅੱਗ ਨਾ ਲਾ ਵੇ ਵੀਰਾ ਕਿਰਸਾਨਾ

ਜੇ ਵਾਹ ਪਰਾਲੀ ਖੇਤਾਂ ਵਿੱਚ, ਧਰਤੀ ਦੇ ਵਿੱਚ ਮਲਾ ਲਈਏ,
ਬਣ ਖਾਦ ਵਧਾਵੇ ਉਪਜਾ ਨੂੰ ਇਹੋ ਜਿਹਾ ਢੰਗ ਅਪਣਾ ਲਈਏ,
ਸਭ ਛੱਡ ਪੁਰਾਣੇ ਢੰਗਾਂ ਨੂੰ ਤਕਨੀਕ ਨਵੀਂ ਅਪਣਾ ਵੇ ਵੀਰਾਂ ਕਿਰਸਾਨਾ
ਪਰਾਲੀ ਨੂੰ ਅੱਗ ਨਾ ਲਾ ਵੇ ਵੀਰਾ ਕਿਰਸਾਨਾ

ਜੇ ਮੰਨ ਕੇ ਗੱਲ ਸਰਕਾਰਾਂ ਦੀ ਗੱਲ ਦਿਲ ਦੇ ਵਿੱਚ ਬਠਾ ਲਈਏ,
ਬਲਦੇਵ ਪਤਰੋੜਾਂ ਵਾਲਿਆਂ ਓਏ ਹਵਾ ਦੂਸ਼ਿਤ ਹੋਣੋਂ ਬਚਾ ਲਈਏ,
ਸੁੱਧ ਹੋਜੁ ਸਾਰਾ ਪੌਣਪਾਣੀ ਆਓ ਸਭ ਨੂੰ ਸੁੱਖ ਦਾ ਸਾਹ ਵੇ ਵੀਰਾਂ ਕਿਰਸਾਨਾ
ਪਰਾਲੀ ਨੂੰ ਅੱਗ ਨਾ ਲਾ ਵੇ ਵੀਰਾ ਕਿਰਸਾਨਾ

**- ਬਲਦੇਵ ਸਿੰਘ ਪਤਰੌੜਾਂ**

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਰਸਾਣੀ ਸਭਿਆਚਾਰ

**- ਡਾਕਟਰ ਤਰਸੇਮ ਸਿੰਘ**

ਗੁਰਬਾਣੀ ਵਿਚ ਖੇਤੀ ਲਈ ਵਧੇਰੇ ਵਾਰ ਕਿਰਸਾਣੀ ਸ਼ਬਦ ਦੀ ਵਰਤੋਂ ਹੋਈ ਹੈ। ਗੁਰੂ ਨਾਨਕ ਦੇਵ ਜੀ 'ਰਾਗ ਸੋਰਠਿ' ਵਿਚ ਮਨ ਦੀ ਖੇਤੀ ਕਰਨ ਲਈ ਸੰਕੇਤ ਕਰਦੇ ਹਨ: 'ਮਨ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ' (ਸ੍ਰੀ ਗੁਰੂ ਗ੍ਰੰਥ ਸਾਹਿਬ, 595) ਖੇਤੀਬਾੜੀ ਦੇ ਦੋ ਮੁੱਖ ਹਿੱਸੇ ਹਨ। ਪਹਿਲਾ ਕਿਸਾਨ ਤੇ ਦੂਜੀ ਜ਼ਮੀਨ। ਗੁਰਬਾਣੀ ਵਿਚ ਖੇਤੀ ਕਰਨ ਵਾਲੇ ਲਈ ਕਿਰਸਾਨ, ਕ੍ਰਿਸਾਨਵਾ, ਜਟ, ਜਾਟਰੋ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਰਾਮਦਾਸ ਜੀ ਆਖਦੇ ਹਨ ਕਿ ਜਿਵੇਂ ਕਿਸਾਨ ਖੇਤ ਦੀ ਵਾਢੀ ਕਰਦਾ ਹੈ ਤਿਵੇਂ ਨਾਮ ਮਨੁੱਖ ਅੰਦਰੋਂ ਪਾਪਾਂ ਦੀ ਕਟਾਈ ਕਰ ਦਿੰਦਾ ਹੈ। ਕਿਸਾਨ ਨੂੰ ਸਮੇਂ ਦੀ ਸਹੀ ਵਰਤੋਂ ਕਰਨ ਵਾਲਾ ਸੁਜਾਣ (ਆਪਿ ਸੁਜਾਣੁ ਨ ਭੁਲਈ), ਗ਼ਰੀਬੀ ਵੇਸ ਵਾਲਾ (ਰਖ ਗ਼ਰੀਬੀ ਵੇਸ) ਤੇ ਫੱਕਰ-ਫ਼ਕੀਰ (ਇਹ ਬਿਧਿ ਸੁਨਿ ਕੈ ਜਾਟਰੋ) ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਦੂਜੇ ਪਾਸੇ ਜਦੋਂ ਕਿਰਸਾਨ ਖੇਤੀ ਕਰਨ ਵਾਲਾ ਨਹੀਂ, ਸਗੋਂ ਜਗੀਰਦਾਰ ਦੇ ਤੌਰ 'ਤੇ ਵਿਚਰਦਾ ਹੈ, ਉਸ ਪੱਖ ਨੂੰ ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਪੰਜ ਅੜੀਅਲ ਇੰਦਰੀਆਂ ਨੂੰ ਪ੍ਰਤੀਪਾਦਿਤ ਕਰਨ ਲਈ ਵਰਤਿਆ ਹੈ: 'ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ' (ਸ੍ਰੀ ਗੁਰੂ ਗ੍ਰੰਥ ਸਾਹਿਬ, 1104)। ਦੂਜਾ ਹਿੱਸਾ ਹੈ ਜ਼ਮੀਨ। ਧਰਤੀ ਦਾ ਉਹ ਟੁਕੜਾ ਜਿਹੜਾ ਉਪਜਾਊ ਹੋਵੇ, ਖੇਤੀ ਲਈ ਵਰਤਿਆ ਜਾਂਦਾ ਹੈ, ਨੂੰ ਜ਼ਮੀਨ ਕਿਹਾ ਜਾਂਦਾ ਹੈ। ਜਿਸ ਮਿੱਟੀ ਵਿਚ ਫ਼ਸਲ ਨਹੀਂ ਉੱਗਦੀ ਉਸ ਨੂੰ ਕੱਲਰ ਜਾਂ ਕੱਲਰੀ ਮਿੱਟੀ ਕਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜਿਵੇਂ 'ਕੱਲਰ ਵਾਲੀ ਭੁਇੰ ਵਿਚ ਫ਼ਸਲ ਨਹੀਂ ਉੱਗਦੀ' ਇੰਞ ਹੀ ਮਨਮੁਖ ਦੇ ਅੰਦਰ ਵੀ ਸੱਚ ਦਾ ਪ੍ਰਕਾਸ਼ ਨਹੀਂ ਹੁੰਦਾ:

'ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ
ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ'
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 419)

ਜ਼ਮੀਨ ਦੀ ਪੈਮਾਇਸ਼ ਲਈ ਮੁਰੱਬਾ, ਖੇਤ, ਏਕੜ, ਕਨਾਲ, ਬਿੱਗਾ, ਬਿੱਸਵਾ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਬਿਸਵੇ ਸ਼ਬਦ ਦੀ ਵਰਤੋਂ ਕੀਤੀ ਹੈ। 'ਬੀਸ ਬਿਸਵੇ ਗੁਰ ਕਾ ਮਨੁ ਮਾਨੈ।' (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 287) ਫ਼ਸਲ ਬੀਜਣ ਤੋਂ ਪਹਿਲਾਂ ਚੰਗੀ ਤਰਾਂ ਵਾਹੀ ਜਾਂਦੀ ਹੈ। ਜ਼ਮੀਨ ਵਾਹੁਣ ਲਈ ਪੁਰਾਣੇ ਸਮੇਂ ਵਿਚ ਬਲਦਾਂ ਨਾਲ ਹਲ ਜੋਤ ਕੇ ਜ਼ਮੀਨ ਨੂੰ ਵਾਹਿਆ ਜਾਂਦਾ ਸੀ। ਹਲ ਵਾਹਕ ਅੰਮ੍ਰਿਤ ਵੇਲੇ ਤੋਂ ਇਸ ਕੰਮ ਵਿਚ ਜੁੱਟ ਜਾਂਦੇ ਸਨ। ਆਧੁਨਿਕ ਕਾਲ ਵਿਚ ਇਹ ਕੰਮ ਟਰੈਕਟਰ ਅਤੇ ਹਲ਼ਾਂ ਨੇ ਲੈ ਲਿਆ।



ਗੁਰੂ ਰਾਮਦਾਸ ਜੀ ਸੋਰਠਿ ਰਾਗ ਵਿਚ ਕਿਰਸਾਨ ਦੀ ਉਦਾਹਰਨ ਲੈ ਕੇ ਦੱਸਦੇ ਹਨ ਕਿ ਜਿਵੇਂ ਕਿਸਾਨ ਹਲ਼ਾਂ ਨਾਲ ਜ਼ਮੀਨ ਵਾਹੁੰਦਾ ਹੋਇਆ ਭਾਰੀ ਮੁਸ਼ੱਕਤ ਕਰਦਾ ਹੈ ਤਾਂ ਕਿ ਉਸ ਦੇ ਪਰਿਵਾਰ ਨੂੰ ਰਿਜਕ ਨਸੀਬ ਹੋ ਸਕੇ। ਇਸੇ ਤਰਾਂ ਭਗਤ ਜਨ ਰੱਬ ਦਾ ਨਾਮ ਜਪਦੇ ਹਨ।

'ਹਲ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ
ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ' (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 166)

ਜ਼ਮੀਨ ਨੂੰ ਵਾਹੁਣ ਤੋਂ ਬਾਅਦ ਅਗਲਾ ਕੰਮ ਸੁਹਾਗਾ ਕਰਦਾ ਹੈ। ਸੁਹਾਗਾ ਲੱਕੜ ਦੇ ਦੋ ਸਮਤਲ ਸ਼ਤੀਰ ਨੁਮਾ ਹਿੱਸੇ ਜੋੜ ਕੇ ਬਣਾਇਆ ਜਾਂਦਾ ਹੈ। ਜਿਸ ਦਾ ਕੰਮ ਹੁੰਦਾ ਹੈ ਜ਼ਮੀਨ ਨੂੰ ਪੱਧਰਾ ਕਰਨਾ। ਵਰਤਮਾਨ ਸਮੇਂ ਵਿਚ ਕੰਪਿਊਟਰ ਕਰਾਹ ਵਰਗੇ ਖੇਤੀ ਔਜ਼ਾਰ ਬਾਖ਼ੂਬੀ ਵਰਤੇ ਜਾਂਦੇ ਹਨ। ਸੁਹਾਗੇ ਦਾ ਅਪਣਾ ਕਾਰਜ ਹੈ। ਗੁਰੂ ਨਾਨਕ ਦੇਵ ਜੀ ਨੇ ਸੰਤੋਖੁ ਨੂੰ ਸੁਹਾਗਾ ਬਣਾਉਂਣ ਦਾ ਉਪਦੇਸ਼ ਦਿੱਤਾ ਹੈ:

'ਨਾਮ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ'
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 595)

ਖੇਤੀ ਦਾ ਕੁਦਰਤ ਨਾਲ ਅਟੁੱਟ ਸਬੰਧ ਹੈ। ਬਰਸਾਤ, ਸੋਕਾ, ਹੜ ਖੇਤੀ ਨੂੰ ਹਮੇਸ਼ਾ ਪ੍ਰਭਾਵਿਤ ਕਰਦੇ ਹਨ। ਇਸ ਲਈ 'ਖੇਤੀ ਕਰਮਾ ਸੇਤੀ' ਵੀ ਕਿਹਾ ਜਾਂਦਾ ਹੈ। ਖੇਤੀ ਵਿਚ ਸੰਜਮ ਅਤੇ ਸਿਆਣਪ ਦੀ ਵੀ ਬਹੁਤ ਲੋੜ ਹੈ। ਜੇਕਰ ਕਿਰਸਾਨ ਫ਼ਸਲ ਬੀਜਣ ਲਈ ਸਹੀ ਸਮੇਂ ਦੀ ਵਰਤੋਂ ਨਾ ਕਰੇ ਤਾਂ ਉਸ ਨੂੰ ਅਕਲਮੰਦ ਨਹੀਂ ਕਿਹਾ ਜਾਂਦਾ, ਸਗੋਂ 'ਘੌਲੀ' ਵਿਸ਼ੇਸ਼ਣ ਨਾਲ ਨਿਵਾਜਿਆ ਜਾਂਦਾ ਹੈ। ਇਸ ਲਈ ਵੱਤਰ ਦਾ ਹੋਣਾ ਲਾਜ਼ਮੀ ਹੈ। ਵੱਤਰ ਭਾਵ ਜ਼ਮੀਨ ਵਿਚ ਫ਼ਸਲ ਬੀਜਣ ਦਾ ਸਹੀ ਸਮਾਂ ਤੇ ਮਿੱਟੀ ਦੀ ਗਿੱਲ/ਸੁੱਕ। ਨਾ ਜ਼ਿਆਦਾ ਨਮੀ ਤੇ ਨਾ ਹੀ ਖ਼ੁਸ਼ਕੀ। 'ਮਾਰੂ ਰਾਗ' ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨ ਵਿਚ ਨਾਮ ਦਾ ਬੀਜ, ਸਹੀ ਸਮੇਂ ਬੀਜਣ ਦੀ ਤਾਕੀਦ ਕੀਤੀ ਹੈ:

'ਰੇ ਮਨ ਵਤ੍ਰ ਬੀਜਣ ਨਾਉ
ਬੋਈ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ'
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1002)

ਫ਼ਸਲ ਨੂੰ ਸਿੰਜਣ ਯਾਨੀ ਕਿ ਪਾਣੀ ਦੇਣ ਲਈ ਵੱਟਾਂ ਪਾ ਕੇ ਜ਼ਮੀਨ ਦੇ ਕਿਆਰੇ ਬਣਾਏ ਜਾਂਦੇ ਹਨ। ਇਹ ਕਿਆਰੇ ਸਹੂਲਤ ਅਨੁਸਾਰ ਛੋਟੇ ਜਾਂ ਵੱਡੇ ਹੋ ਸਕਦੇ ਹਨ। ਕਿਆਰਿਆਂ ਨੂੰ ਭਰਨ ਲਈ ਨੱਕੇ ਮਾਰੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 701 'ਤੇ ਦਰਜ ਹੈ: 'ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ' ਫ਼ਸਲ ਦੇ ਨਾਲ-ਨਾਲ ਖੇਤ ਵਿਚ ਨਦੀਨ ਉੱਗ ਪੈਂਦੇ ਹਨ। ਵਰਤਮਾਨ ਸਮੇਂ ਵਿਚ ਕਈ ਰਸਾਇਣਾਂ ਰਾਹੀਂ ਇਨਾਂ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਜਾਂਦਾ ਹੈ। ਪਰ ਪੁਰਾਤਨ ਸਮੇਂ ਵਿਚ ਗੋਡੀ ਕਰਨਾ ਹੀ ਇਕਮਾਤਰ ਸਾਧਨ ਸੀ। ਰੰਬੀ/ਖੁਰਪੇ ਨਾਲ ਫ਼ਸਲ ਦੀ ਗੁਡਾਈ ਕੀਤੀ ਜਾਂਦੀ ਸੀ। ਮਨ ਵਿਚ ਕਈ ਕਿਸਮ ਦੇ ਵਿਕਾਰਾਂ ਰੂਪੀ ਨਦੀਨ ਪੈਦਾ ਹੋ ਜਾਂਦੇ ਹਨ। ਆਤਮਿਕ ਫ਼ਸਲ ਵਾਸਤੇ ਇਨਾਂ ਨੂੰ ਪੁੱਟਣਾ ਜ਼ਰੂਰੀ ਹੋ ਜਾਂਦਾ ਹੈ। 'ਕਾਮ ਕ੍ਰੋਧ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ' (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1171) ਫ਼ਸਲ ਬੀਜਣ ਤੋਂ ਲੈ ਕੇ ਵੱਢਣ ਤੱਕ ਸੰਭਾਲ ਭਾਲਦੀ ਹੈ। ਖੇਤ ਵਿਚ ਖੜੀ ਫ਼ਸਲ ਨੂੰ ਜਾਨਵਰਾਂ ਤੇ ਪੰਛੀਆਂ ਦੀ ਮਾਰ ਪੈਂਦੀ ਹੈ। ਜਾਨਵਰ ਖੜੀ ਖੜਾਈ ਫ਼ਸਲ ਉਜਾੜ ਜਾਂਦੇ ਹਨ।

**ਅਸਿਸਟੈਂਟ ਪ੍ਰੋਫ਼ੈਸਰ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ**

---

# ਆਸਾ ਦੀ ਵਾਰ ਵਿਚੋਂ ਗ਼ੁਲਾਮ ਪ੍ਰਥਾ ਬਾਰੇ ਗੁਆਹੀ



**- ਡਾਕਟਰ ਧਰਮ ਸਿੰਘ**

ਹਿੰਦੁਸਤਾਨ ਸਮੇਤ, ਸਾਰੀ ਦੁਨੀਆ ਵਿਚ, ਪ੍ਰਾਚੀਨ ਕਾਲ ਤੋਂ, ਗ਼ੁਲਾਮ ਜਾਂ ਦਾਸ ਪ੍ਰਥਾ ਪ੍ਰਚੱਲਿਤ ਸੀ। ਜੰਗਾਂ ਯੁੱਧਾਂ ਵਿਚ ਜੇਤੂ ਧਿਰ ਹਾਰੀ ਹੋਈ ਧਿਰ ਦੇ ਪੁਰਸ਼-ਇਸਤਰੀਆਂ ਨੂੰ ਬੰਦੀ ਬਣਾ ਕੇ ਆਪਣੇ ਨਾਲ ਲੈ ਜਾਂਦੇ ਸਨ। ਉਨਾਂ ਕੋਲੋਂ ਮੁਸ਼ੱਕਤ ਵਾਲੇ ਕੰਮ ਲੈਂਦੇ ਸਨ ਅਤੇ ਲੋੜ ਪੈਣ 'ਤੇ ਹੋਰ ਵਸਤਾਂ ਦੀ ਤਰਾਂ ਮੰਡੀ ਵਿਚ ਜਾ ਕੇ ਉਨਾਂ ਦਾ ਮੁੱਲ ਵੱਟ ਲੈਂਦੇ ਸਨ। ਉਨਾਂ ਦਿਨਾਂ ਵਿਚ ਗ਼ੁਲਾਮਾਂ ਦੀਆਂ ਵੀ ਮੰਡੀਆਂ ਲਗਦੀਆਂ ਸਨ। ਇਸਲਾਮੀ ਪਿਛੋਕੜ ਦੀਆਂ ਕਹਾਣੀਆਂ ਵਿਚੋਂ ਯੂਸੁਫ਼ ਅਤੇ ਹਿੰਦੁਸਤਾਨੀ ਕਥਾਵਾਂ ਵਿਚ ਰਾਜਾ ਹਰੀਸ਼ ਚੰਦਰ ਦੇ ਵਿਕਣ ਦੀਆਂ ਕਹਾਣੀਆਂ ਤੋਂ ਸਾਰੇ ਜਾਣੂ ਹਨ। ਗ਼ੁਲਾਮ ਦਾ ਅਰਥ ਹੀ ਖ਼ਰੀਦਿਆ ਹੋਇਆ ਨੌਕਰ ਹੈ। ਦਾਸ ਦਾ ਅਰਥ ਵੀ ਇਹੋ ਹੈ। ਗ਼ੁਲਾਮ ਸ਼ਬਦ ਦੀ ਵਿਆਖਿਆ ਕਰਦਾ ਹੋਇਆ ਮਹਾਨ ਕੋਸ਼ ਦਾ ਕਰਤਾ ਲਿਖਦਾ ਹੈ, 'ਲੁੱਟ ਵਿਚ ਹੱਥ ਆਇਆ ਜਾਂ ਮੁੱਲ ਲਿਆ ਹੋਇਆ ਸੇਵਕ।' ਪੁਰਾਣੇ ਸਮੇਂ ਵਿਚ ਯੁੱਧ ਵਿਚੋਂ ਵੈਰੀ ਦੇ ਫੜੇ ਹੋਏ ਆਦਮੀਆਂ ਨੂੰ ਜਾਨੋਂ ਨਹੀਂ ਸਨ ਮਾਰਦੇ, ਸਗੋਂ ਕਾਬੂ ਕਰਕੇ ਕੈਦ ਕਰ ਲੈਂਦੇ ਸਨ ਜਾਂ ਤਾਂ ਇਨਾਂ ਕੋਲੋਂ ਕਰੜੀ ਮਿਹਨਤ ਦੇ ਕੰਮ ਕਰਾਉਂਦੇ ਜਾਂ ਡੰਗਰਾਂ ਵਾਂਗ ਵੇਚ ਛੱਡਦੇ। ਇਸ ਤਰਾਂ ਖ਼ਰੀਦੇ ਹੋਏ ਜਾਂ ਫੜੇ ਹੋਏ ਇਨਸਾਨ ਨੂੰ ਗ਼ੁਲਾਮ ਕਿਹਾ ਜਾਂਦਾ ਸੀ। (ਅੰਗ : 424)। ਗ਼ੁਲਾਮ ਜਾਂ ਦਾਸ ਪ੍ਰਥਾ ਬਾਰੇ ਤਾਂ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹਵਾਲੇ ਮਿਲ ਜਾਂਦੇ ਹਨ, ਪਰ ਆਸਾ ਦੀ ਵਾਰ ਵਿਚੋਂ ਇਹ ਬਹੁਲਤਾ ਸਹਿਤ ਪ੍ਰਾਪਤ ਹਨ। ਅਰਬੀ-ਫ਼ਾਰਸੀ ਸ਼ਬਦਾਵਲੀ ਵਿਚੋਂ ਗ਼ੁਲਾਮ, ਗ਼ੁਲਾਮੀ, ਗੋਲਾ ਅਤੇ ਬੈਖ਼ਰੀਦ ਆਦਿ ਸ਼ਬਦ ਵਰਤੇ ਹੋਏ ਮਿਲਦੇ ਹਨ ਜਦਕਿ ਭਾਰਤੀ ਜਾਂ ਸੰਸਕ੍ਰਿਤ ਸ਼ਬਦਾਵਲੀ ਵਿਚੋਂ ਦਾਸ ਜਾਂ ਦਾਸ ਜਨਾਂ, ਦਾਸ ਨੀ ਦਾਸ, ਦਾਸ ਦਸਾਇਣ ਆਦਿ ਸ਼ਬਦ ਲਏ ਗਏ ਹਨ। ਕੁਝ ਉਦਾਹਰਣਾਂ ਵੇਖੋ:

**ਜਨ ਨਾਨਕ ਹਾਟਿ ਵਿਹਾਝਿਆ ਹਰਿ ਗੁਲਮ ਗੁਲਾਮੀ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 167)**
**ਮੈ ਬੰਦਾ ਬੈਖਰੀਦ ਸਚੁ ਸਾਹਿਬ ਮੇਰਾ ॥**
**ਜੀਉ ਪਿੰਡੁ ਸਭੁ ਤਿਸਦਾ ਸਭੁ ਕਿਛੁ ਹੈ ਤੇਰਾ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 396)**
**ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 991)**

ਇਹ ਸਾਰੇ ਸ਼ਬਦ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਅਰਥਾਤ ਨਿਰਮਾਣਤਾ ਦਰਸਾਉਣ ਲਈ ਵਰਤੇ ਜਾਂਦੇ ਹਨ ਜਿਵੇਂ 'ਗ਼ੁਲਾਮ ਗੁਰੂ ਕਾ' ਜਾਂ 'ਗੁਰੂ ਪੰਥ ਦਾ ਦਾਸ' ਆਦਿ। ਜਿਸ ਵਿਅਕਤੀ ਨੇ ਪੈਸੇ ਦੇ ਕੇ ਗ਼ੁਲਾਮ ਖ਼ਰੀਦਿਆ ਹੋਵੇ ਜਾਂ ਜ਼ੋਰ ਜਬਰੀ ਹਥਿਆਇਆ ਹੋਇਆ ਹੋਵੇ, ਉਸ ਲਈ ਮਾਲਕ, ਖ਼ਸਮ, ਸਹਿ, ਸੁਆਮੀ ਅਤੇ ਸਾਹਿਬ ਆਦਿ ਸ਼ਬਦ ਗੁਰਬਾਣੀ ਵਿਚ ਆਏ ਹਨ। 'ਬੇ ਖ਼ਰੀਦ' ਸ਼ਬਦ ਅੱਜ ਵੀ ਉਨਾਂ ਹੀ ਅਰਥਾਂ ਵਿਚ ਪ੍ਰਚੱਲਿਤ ਹੈ। ਜ਼ਮੀਨ ਜਾਇਦਾਦ ਨੂੰ ਮੁੱਲ ਦੇ ਕੇ ਖ਼ਰੀਦਣ/ਵੇਚਣ ਨੂੰ ਬੈਅ ਕਰਨਾ ਜਾਂ ਕਰਾਉਣਾ ਕਿਹਾ ਜਾਂਦਾ ਹੈ।

ਅਧਿਐਨ ਦਾ ਇਹ ਇਕ ਦਿਲਚਸਪ ਵਿਸ਼ਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਵਿਚੋਂ ਆਸਾ ਦੀ ਵਾਰ ਵਿਚ ਗ਼ੁਲਾਮ ਜਾਂ ਦਾਸ ਪ੍ਰਥਾ ਨਾਲ ਸਬੰਧਿਤ ਸ਼ਬਦ ਵਧੇਰੇ ਹਨ। ਏਥੇ ਇਹ ਦੱਸਣ ਦੀ ਲੋੜ ਨਹੀਂ ਕਿ ਸ਼ਬਦ ਹਰ ਤਰਾਂ ਦੇ ਸਮਾਜਕਿ ਅਤੇ ਸਭਿਆਚਾਰਕ ਵਰਤਾਰੇ ਦੇ ਬੋਧਕ ਵੀ ਹੁੰਦੇ ਹਨ। ਇਸ ਬਾਣੀ ਵਿਚ ਖਸਮਿ/ ਖਸਮੁ/ ਖਸਮੈ ਅਤੇ ਚਾਕਰ/ ਚਾਕਰੀ ਆਦਿ ਸ਼ਬਦ ਕਈਆਂ ਥਾਵਾਂ ਉੱਪਰ ਆਏ ਹਨ। ਸਾਹਿਬ, ਸਹੁ ਜਾਂ ਸਹਿ ਵੀ ਖ਼ਸਮ ਦੇ ਹੀ ਪਰਿਆਇਵਾਚੀ ਹਨ। ਇੰਞ ਇਨਾਂ ਸਾਰੇ ਸ਼ਬਦਾਂ ਦਾ ਅਰਥ ਮਾਲਕ ਜਾਂ ਸੁਆਮੀ ਹੈ। ਭਾਰਤ ਵਿਚ ਬੇਸ਼ੱਕ ਦਾਸ ਪ੍ਰਥਾ ਪ੍ਰਾਚੀਨ ਕਾਲ ਤੋਂ ਪ੍ਰਚੱਲਿਤ ਸੀ ਪਰ ਇਸਲਾਮੀ ਮੁਲਕਾਂ ਵਿਚ ਇਹ ਕੁੱਝ ਵਧੇਰੇ ਹੀ ਸੀ। ਮੁਸਲਮਾਨ ਹਮਲਾਵਰ ਦੂਜੇ ਮੁਲਕਾਂ ਨੂੰ ਆਪਣੇ ਹਮਲਿਆਂ ਦਾ ਅਕਸਰ ਹੀ ਸ਼ਿਕਾਰ ਬਣਾਉਂਦੇ ਰਹਿੰਦੇ ਸਨ। ਸੋ ਮੁਸਲਮਾਨਾਂ ਦੇ ਆਉਣ ਨਾਲ ਗ਼ੁਲਾਮ ਪ੍ਰਥਾ ਹੋਰ ਵੀ ਵਿਆਪਕ ਅਤੇ ਪੱਕੀ ਹੋ ਗਈ। ਜਿਹੜੇ ਹਮਲਾਵਰ ਪਰਤ ਜਾਂਦੇ, ਉਹ ਆਪਣੇ ਨਾਲ ਹਾਰੇ ਲੋਕਾਂ ਦੀਆਂ ਔਰਤਾਂ ਅਤੇ ਮਰਦਾਂ ਨੂੰ ਨਾਲ ਲੈ ਜਾਂਦੇ। ਪਹਿਲਾਂ ਆਪਣੇ ਘਰੀਂ ਮੁਸ਼ੱਕਤ ਵਾਲਾ ਕੰਮ ਕਰਾਉਂਦੇ ਅਤੇ ਜੇ ਲੋੜ ਨਾ ਰਹਿੰਦੀ ਜਾਂ ਵਧੇਰੇ ਮੁੱਲ ਖੱਟਣ ਦੇ ਲਾਲਚ ਵਿਚ ਗ਼ੁਲਾਮਾਂ ਦੀ ਮੰਡੀ ਵਿਚ ਜਾ ਕੇ ਵੇਚ ਆਉਂਦੇ। ਗ਼ੁਲਾਮ ਦੇ ਗਲ ਵਿਚ ਨਿਸ਼ਾਨੀ ਵਜੋਂ ਤੌਕ (ਤਉਕ) ਪਹਿਨਾਇਆ ਜਾਂਦਾ। ਤੌਕ ਅਰਬੀ ਸ਼ਬਦ ਹੈ ਜਿਸ ਦਾ ਅਰਥ ਕੰਠਾ (ਕੈਂਠਾ) ਅਰਥਾਤ ਇਕ ਗਹਿਣਾ ਹੈ, ਜੋ ਮੁਗ਼ਲ ਰਾਜ ਸਮੇਂ ਅਮੀਰਾਂ ਨੂੰ ਬਾਦਸ਼ਾਹਾਂ ਵੱਲੋਂ ਪਹਿਨਾਇਆ ਜਾਂਦਾ ਸੀ (ਮਹਾਨ ਕੋਸ਼ ਪੰਨਾ 568) ਗਲਬੰਧਨ ਜਾਂ 'ਪਟਾ ਇਸ ਸੇ' ਹੋਰ ਸਮਾਨਾਰਥਕ ਹਨ। ਤੌਕ ਕੈਦੀਆਂ ਦੇ ਗਲਾਂ ਵਿਚ ਵੀ ਪਾਇਆ ਜਾਂਦਾ ਸੀ। ਸਮਾਂ ਬੀਤਣ ਦੇ ਨਾਲ ਇਹੋ ਤਉਕ, ਗੋਲ ਪਟੇ ਦੇ ਰੂਪ ਵਿਚ ਮਾਲਕ ਵੱਲੋਂ ਆਪਣੇ ਗ਼ੁਲਾਮ ਦੇ ਗਲੇ ਵਿਚ ਪੁਆਇਆ ਜਾਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਦੀ ਬਾਣੀ ਵਿਚ ਇਹ ਸ਼ਬਦ ਇਕ ਥਾਂ ਇਸ ਤਰਾਂ ਵਰਤਿਆ ਗਿਆ ਹੈ:

**ਤੇਰੇ ਗਲਹਿ ਤਉਕੁ ਪਗ ਬੇਰੀ ॥**
**ਤੂ ਘਰ ਘਰ ਰਮਈਐ ਫੇਰੀ ॥**

ਅਰਥਾਤ ਤੇਰੇ ਗਲ ਵਿਚ ਤੌਕ ਅਤੇ ਪੈਰਾਂ ਵਿਚ ਬੇੜੀਆਂ ਹਨ ਅਤੇ ਰਮਈਆ ਤੈਨੂੰ ਘਰ ਘਰ ਵਿਚ ਫੇਰ ਰਿਹਾ ਹੈ। ਸਾਡਾ ਅਨੁਮਾਨ ਹੈ ਅੱਜ ਅਮੀਰ ਲੋਕਾਂ ਵੱਲੋਂ ਆਪਣੇ ਪਾਲਤੂ ਜਾਨਵਰਾਂ (ਕੁੱਤੇ-ਬਿੱਲੀਆਂ ਆਦਿ) ਨੂੰ ਜਿਹੜਾ ਪਟਾ ਪਹਿਨਾਇਆ ਜਾਂਦਾ ਹੈ, ਉਹ ਏਸੇ ਕਥਾ ਰੁੜੀ ਦੀ ਹੀ ਰਹਿੰਦ-ਖੂੰਹਦ ਹੈ। ਬਹਰਹਾਲ, ਸਾਹਿਬ (ਖ਼ਸਮ) ਅਤੇ ਸੇਵਕ ਦੇ ਸਬੰਧਾਂ ਬਾਰੇ ਆਸਾ ਦੀ ਵਾਰ ਵਿਚ ਇਕ ਪਉੜੀ ਵੇਖੋ:

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥**
**ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥**
**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**
**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ (15)**

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 12**

**- ਕਰਮ ਸਿੰਘ ਜ਼ਖ਼ਮੀ**

ਬਾਦਸ਼ਾਹ ਬਹਾਦਰ ਸ਼ਾਹ ਹਾਲੇ ਤੱਕ ਸਢੌਰਾ ਵਿਚ ਬੈਠਾ ਸੀ। ਲੋਹਗੜ ਵਿਚ ਲੜ ਰਹੀਆਂ ਫ਼ੌਜਾਂ ਦੀ ਕਮਾਨ ਕਹਿਣ ਨੂੰ ਤਾਂ ਸ਼ਹਿਜ਼ਾਦਾ ਰਫੀ ਉਲਸਾਨ ਦੇ ਹੱਥਾਂ ਵਿਚ ਸੀ, ਪਰੰਤੂ ਅਮਲੀ ਤੌਰ ’ਤੇ ਇਹ ਕਮਾਨ ਮੁਨੀਮ ਖ਼ਾਨ ਹੀ ਕਰ ਰਿਹਾ ਸੀ, ਜਿਸ ਨੂੰ ਆਮ ਤੌਰ ਤੇ ਮੁਨੀਮ ਖ਼ਾਨ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਹ ਦਿੱਲੀ ਦੇ ਵੱਡੇ ਮੁਗ਼ਲ ਫ਼ੌਜੀ ਸਰਦਾਰਾਂ ਵਿਚੋਂ ਇਕ ਸੀ ਤੇ ਬਾਦਸ਼ਾਹ ਨੂੰ ਉਸ ਦੀ ਬਹਾਦਰੀ ਤੇ ਬੜਾ ਭਰੋਸਾ ਸੀ।

ਉਸ ਦਾ ਦੂਤ ਨਵਾਬ ਖ਼ਾਨ ਦਿਨ ਭਰ ਦੀ ਲੜਾਈ ਦੇ ਪਿੱਛੋਂ ਸਢੌਰੇ ਪੁੱਜਿਆ ਤੇ ਵਜ਼ੀਰ ਮਿਰਜ਼ਾ ਖ਼ਾਨ ਨੂੰ ਮਿਲ ਕੇ ਜੰਗ ਦੀ ਸਾਰੀ ਹਾਲਤ ਤੋਂ ਜਾਣੂ ਕਰਵਾਇਆ।

‘ਆਪਣਾ ਕਿਤਨਾ ਜਾਨੀ ਨੁਕਸਾਨ ਹੋਇਆ ਹੈ ?’ ਮਿਰਜ਼ਾ ਖ਼ਾਨ ਨੇ ਪੁੱਛਿਆ।

‘ਜਨਾਬ ਹਾਲੇ ਗਿਣਤੀ ਨਹੀਂ ਕੀਤੀ ਗਈ। ਜਾਨੀ ਨੁਕਸਾਨ ਦੋਹਾਂ ਧਿਰਾਂ ਦਾ ਬੜਾ ਹੋਇਆ ਹੈ, ਪਰੰਤੂ ਖ਼ਾਨ ਸਾਹਿਬ ਦਾ ਨਿਸ਼ਚਾ ਹੈ ਕਿ ਅੱਜ ਕਿਲੇ ’ਤੇ ਕਬਜ਼ਾ ਕਰਕੇ ਉਹ ਇਸ ਲੜਾਈ ਨੂੰ ਖ਼ਤਮ ਕਰ ਦੇਣਗੇ ਤੇ ਸਿੱਖਾਂ ਦੀ ਪੈਦਾ ਕੀਤੀ ਹੋਈ ਸਿਰ ਦਰਦੀ ਸਦਾ ਲਈ ਮੁੱਕ ਜਾਵੇਗੀ।‘ ਨਵਾਬ ਖ਼ਾਨ ਨੇ ਦੱਸਿਆ, ਉਸ ਦਾ ਇਸ਼ਾਰਾ ਮੁਨੀਮ ਖ਼ਾਨ ਵੱਲ ਹੀ ਸੀ।

‘ਇਹ ਚੰਗੀ ਗੱਲ ਹੈ। ਚੱਲੋ ਤੁਹਾਨੂੰ ਸ਼ਹਿਨਸ਼ਾਹ ਸਲਾਮਤ ਨਾਲ ਮਿਲਾ ਦਿਆਂ।‘ ਮਿਰਜ਼ਾ ਖ਼ਾਨ ਨੇ ਕਿਹਾ, ਤੇ ਨਵਾਬ ਖ਼ਾਨ ਨੂੰ ਲੈ ਕੇ ਬਾਦਸ਼ਾਹ ਦੇ ਤੰਬੂ ਵਲ ਤੁਰ ਪਿਆ। ਦੋਹਾਂ ਨੇ ਝੁਕ ਕੇ ਬਾਦਸ਼ਾਹ ਨੂੰ ਸਲਾਮ ਕੀਤਾ। ਮਿਰਜ਼ਾ ਖਾਨ ਨੇ ਜਦੋਂ ਇਹ ਵੇਖਿਆ ਕਿ ਪਹਿਲੀਆਂ ਖ਼ਬਰਾਂ ਕਾਰਨ ਬਾਦਸ਼ਾਹ ਦੀ ਤਬੀਅਤ ਤੇ ਪਰੇਸ਼ਾਨੀ ਛਾਈ ਹੋਈ ਹੈ ਤਾਂ ਉਸ ਨੇ ਕਿਹਾ ‘ਸ਼ਹਿਨਸ਼ਾਹ ਸਲਾਮਤ ਮੁਬਾਰਕ ਹੋਵੇ, ਲੋਹਗੜ ਦੇ ਕਿਲੇ ’ਤੇ ਭੀ ਕੱਲ ਕਬਜ਼ਾ ਹੋ ਜਾਵੇਗਾ ਤੇ ਸਿੱਖਾਂ ਦਾ ਇਕ ਕੰਡਾ ਹਮੇਸ਼ਾ ਲਈ ਨਿਕਲ ਜਾਵੇਗਾ।‘

‘ਅਸਾਡੀਆਂ ਫੌਜਾਂ ਦਾ ਜਾਨੀ ਮੁਕਾਬਲਾ ਵਧੇਰੇ ਹੋਇਆ ਹੈ ਨਾ ?’ ਬਾਦਸ਼ਾਹ ਨੇ ਵਜ਼ੀਰ ਨੂੰ ਪੁੱਛਿਆ, ‘ਇਉਂ ਜਾਪਦਾ ਸੀ ਕਿ ਉਸ ਨੂੰ ਉੱਪਰਲੀ ਗੱਲ ਸੁਣ ਕੇ ਕੋਈ ਖ਼ਾਸ ਖ਼ੁਸ਼ੀ ਨਹੀਂ ਹੋਈ।‘

‘ਬਾਦਸ਼ਾਹ ਸਲਾਮਤ, ਨੁਕਸਾਨ ਤਾਂ ਹੁੰਦਾ ਹੀ ਹੈ, ਪਰੰਤੂ ਕਾਫ਼ਰਾਂ ਦੇ ਮੁਕਾਬਲੇ ਅਸਾਡਾ ਨੁਕਸਾਨ ਬਹੁਤ ਘੱਟ ਹੈ। ਸਵੇਰੇ ਕਿਲਾ ਫ਼ਤਿਹ ਹੋ ਜਾਵੇਗਾ।‘ ਨਵਾਬ ਖ਼ਾਨ ਨੇ ਦੱਸਿਆ।

‘ਮੁਨੀਮ ਖ਼ਾਨ ਨੂੰ ਕਹਿਣਾ ਕਿ ਸਢੌਰੇ ਤੇ ਸਰਹੰਦ ਦੀਆਂ ਲੜਾਈਆਂ ਵਿਚੋਂ ਲਗਭਗ ਸਾਰੇ ਹੀ ਸਿੱਖ ਸਰਦਾਰ ਬਚ ਕੇ ਨਿਕਲ ਗਏ ਹਨ। ਲੋਹਗੜ ਦੇ ਕਿਲੇ ਵਿਚੋਂ ਉਨਾਂ ਨੂੰ ਨਾ ਨਿਕਲਣ ਦੇਵੇ। ਉਸ ਕਰਾਮਾਤੀ ਕਾਫ਼ਰ ਬੰਦੇ ਸਮੇਤ ਸਭ ਨੂੰ ਗ੍ਰਿਫ਼ਤਾਰ ਕਰਕੇ ਅਸਾਡੇ ਸਾਮਣੇ ਪੇਸ਼ ਕੀਤਾ ਜਾਵੇ। ਨਿੱਤ ਦਾ ਝਗੜਾ ਮੁਕਾਉਣ ਲਈ ਜਾਂ ਉਹਨੂੰ ਇਸਲਾਮ ਦੇ ਦਾਇਰੇ ਵਿਚ ਲਿਆਂਦਾ ਜਾਵੇਗਾ ਅਤੇ ਜਾਂ ਫੇਰ ਕਤਲ ਕਰ ਦਿੱਤਾ ਜਾਵੇਗਾ।‘ ਬਾਦਸ਼ਾਹ ਵੱਲੋਂ ਇਹ ਹੁਕਮ ਦਿੱਤਾ ਜਾ ਰਿਹਾ ਸੀ।

‘ਸ਼ਹਿਨਸ਼ਾਹ ਸਲਾਮਤ, ਹੁਕਮ ਦੀ ਪਾਲਣਾ ਹੋਵੇਗੀ। ਖ਼ਾਨ ਬਹਾਦਰ ਦੀ ਇਤਲਾਹ ਅਨੁਸਾਰ ਸਿੱਖਾਂ ਦਾ ਸਾਰਾ ਖ਼ਜ਼ਾਨਾ ਇਸ ਲੋਹਗੜ ਦੇ ਕਿਲੇ ਵਿਚ ਹੀ ਹੈ। ਉਹ ਭੀ ਕੱਢ ਕੇ ਸ਼ਹਿਨਸ਼ਾਹ ਆਲਮ ਦੀ ਸੇਵਾ ਵਿਚ ਪੇਸ਼ ਕਰ ਦਿੱਤਾ ਜਾਵੇਗਾ।‘ ਨਵਾਬ ਖ਼ਾਨ ਨੇ ਕਿਹਾ।

‘ਨਵਾਬ ਖ਼ਾਨ, ਖ਼ਜ਼ਾਨੇ ਨਾਲ ਅਸਾਨੂੰ ਕੋਈ ਬਹੁਤੀ ਦਿਲਚਸਪੀ ਨਹੀਂ ਹੈ, ਅਸਾਨੂੰ ਕਾਫ਼ਰ ਬੰਦਾ ਚਾਹੀਦਾ ਹੈ। ਜਿਉਂਦਾ ਹੋਵੇ ਤਾਂ ਚੰਗਾ ਹੈ ਨਹੀਂ ਤਾਂ ਉਸ ਦਾ ਸਿਰ ਹੀ ਪੇਸ਼ ਕੀਤਾ ਜਾਵੇ ਹੋਰ ਸਿੱਖ ਸਰਦਾਰਾਂ ਦੇ ਸਿਰਾਂ ਸਮੇਤ।‘ ਬਾਦਸ਼ਾਹ ਨੇ ਕਿਹਾ।

‘ਸ਼ਹਿਨਸ਼ਾਹ ਸਲਾਮਤ ਦੇ ਹੁਕਮ ਦੀ ਪਾਲਣਾ ਹੋਵੇਗੀ। ਨਵਾਬ ਖ਼ਾਨ ਨੇ ਇਕ ਵੇਰ ਫੇਰ ਭਰੋਸਾ ਦਿਲਾਇਆ। ਬਾਦਸ਼ਾਹ ਨੇ ਇਨਾਮ ਵਜੋਂ ਉਸ ਨੂੰ ਸੋਨੇ ਦੀਆਂ ਕੁਝ ਮੋਹਰਾਂ ਦਿੱਤੀਆਂ ਤੇ ਉਹ ਉਸ ਨੂੰ ਝੁਕ ਕੇ ਸਲਾਮ ਕਰਦਾ ਹੋਇਆ ਬਾਹਰ ਨਿਕਲ ਗਿਆ। ਖ਼ਾਨ ਵੀ ਉਸ ਦੇ ਨਾਲ ਹੀ ਬਾਦਸ਼ਾਹ ਦੇ ਤੰਬੂ ਵਿਚੋਂ ਨਿਕਲ ਗਿਆ।

ਦਿਨ ਚੜਦਿਆਂ ਹੀ ਲੋਹਗੜ ਦੀ ਲੜਾਈ ਗਰਮ ਹੋ ਗਈ। ਮੁਨੀਮ ਖ਼ਾਨ ਦੀਆ ਫ਼ੌਜਾਂ ਇਕ ਤੂਫ਼ਾਨ ਦਾ ਰੂਪ ਧਾਰ ਕੇ ਕਿਲੇ ਵਲ ਵਧਣ ਲੱਗੀਆਂ। ਰਾਤੋਂ ਰਾਤ ਉਸ ਨੇ ਏਧਰੋਂ ਉਧਰੋਂ ਹੋਰ ਫ਼ੌਜਾਂ ਮੰਗਵਾ ਕੇ ਆਪਣੀ ਤਾਕਤ ਵਿਚ ਚੋਖਾ ਵਾਧਾ ਕਰ ਲਿਆ ਸੀ ਤੇ ਇਹ ਪ੍ਰਣ ਕੀਤਾ




ਸੀ ਕਿ ਅੱਜ ਹੀ ਇਸ ਕਿਲੇ ’ਤੇ ਕਬਜ਼ਾ ਹਰ ਹਾਲਤ ਤੇ ਹਰ ਕੀਮਤ ਤੇ ਕਰ ਲਵੇਗਾ। ਅੱਜ ਦੀ ਲੜਾਈ ਵਿਚ ਸਿੱਖਾਂ ਨੇ ਬਾਹਰ ਨਿਕਲ ਕੇ ਮੁਕਾਬਲਾ ਨਹੀਂ ਕੀਤਾ ਪ੍ਰੰਤੂ ਅੱਗੇ ਵਧਦੀਆਂ ਮੁਗ਼ਲ ਫ਼ੌਜਾਂ ਜਿਉਂ ਹੀ ਉਨਾਂ ਦੀ ਮਾਰ ਹੇਠਾਂ ਆਈਆਂ, ਕਿਲੇ ਦੀ ਸਫੀਲ ਤੋਂ ਤੋਪਾਂ ਨੇ ਉਨਾਂ ਤੇ ਅੰਧਾਧੁੰਦ ਗੋਲਾ ਬਾਰੀ ਸ਼ੁਰੂ ਕਰ ਦਿੱਤੀ।

ਬਾਹਰੋਂ ਮੁਗ਼ਲਾਂ ਦੀਆਂ ਤੋਪਾਂ ਨੇ ਭੀ ਅੱਗ ਵਰਾਉਣੀ ਸ਼ੁਰੂ ਕਰ ਦਿੱਤੀ। ਇਹ ਗੋਲਾ ਬਾਰੀ ਮੁਨੀਮ ਖ਼ਾਨ ਆਪ ਕਰਵਾ ਰਿਹਾ ਸੀ, ਉਹ ਇਸ ਲੜਾਈ ਨੂੰ ਛੇਤੀ ਤੋਂ ਛੇਤੀ ਮਕਾਉਣ ਲਈ ਕਾਹਲਾ ਪਿਆ ਹੋਇਆ ਸੀ। ਉਸ ਦੇ ਹੁਕਮ ਅਨੁਸਾਰ ਤੋਪਚੀ ਕਿਲੇ ਦੇ ਦਰਵਾਜ਼ੇ ਨੂੰ ਤੋੜਨ ਲਈ ਉਸਦਾ ਨਿਸ਼ਾਨਾ ਬੰਨ ਕੇ ਤੋਪਾਂ ਚਲਾਉਣ ਵਿਚ ਰੁੱਝੇ ਹੋਏ ਸਨ। ਕੋਈ ਦੁਪਹਿਰ ਭਰ ਇਹ ਗੋਲਾ ਬਾਰੀ ਹੁੰਦੀ। ਬਾਹਰ ਮੁਗ਼ਲ ਫ਼ੌਜਾਂ ਦਾ ਸਿੱਖ ਤੋਪਾਂ ਦੀ ਗੋਲਾ ਬਾਰੀ ਨਾਲ ਚੋਖਾ ਜਾਨੀ ਨੁਕਸਾਨ ਹੋ ਰਿਹਾ ਸੀ ਪਰੰਤੂ ਸਿੱਖਾਂ ਨੂੰ ਇਸ ਸਮੇਂ ਤਕ ਕੋਈ ਭੀ ਨੁਕਸਾਨ ਨਹੀਂ ਪੁੱਜਿਆ, ਵੈਰੀ ਦਾ ਤੋਪ ਖ਼ਾਨ ਹਾਲੇ ਤੱਕ ਉਨਾਂ ਦਾ ਕੁਝ ਨਹੀਂ ਸੀ ਵਿਗਾੜ ਸਕਿਆ। ਨਾ ਹੀ ਕਿਲੇ ਦੀਆਂ ਕੰਧਾਂ ਵਿਚ ਕੋਈ ਤਰੇੜ ਆਈ ਅਤੇ ਨਾ ਹੀ ਉਸ ਦੇ ਦਰਵਾਜ਼ੇ ਨੂੰ ਕੋਈ ਨੁਕਸਾਨ ਪੁੱਜਿਆ ਸੀ।

ਅਚਾਨਕ ਸਿੱਖ ਤੋਪਾਂ ਦੇ ਮੂੰਹ ਬੰਦ ਹੋ ਗਏ। ਉਨਾਂ ਦਾ ਗੋਲਾ ਬਾਰੂਦ ਖ਼ਤਮ ਹੋ ਚੁੱਕਿਆ ਸੀ। ਮੁਨੀਮ ਖ਼ਾਨ ਇਸ ਗਲ ਨੂੰ ਸਮਝ ਗਿਆ ਤੇ ਉਸਨੇ ਦੋ ਹਾਥੀਆਂ ਨੂੰ ਸ਼ਰਾਬ ਪਿਲਾ ਕੇ ਉਨਾਂ ਦੇ ਮੱਥਿਆਂ ਤੇ ਢਾਲਾਂ ਬੰਨ ਕੇ ਕਿਲੇ ਵਲ ਤੋਰ ਦਿੱਤਾ, ਤਾਂ ਜੋ ਉਹ ਕਿਲੇ ਦੇ ਦਰਵਾਜ਼ੇ ਨੂੰ ਤੋੜ ਦੇਣ, ਪਰੰਤੂ ਇਸ ਤੋਂ ਪਹਿਲਾਂ ਕਿ ਕਿਲੇ ਦੇ ਦਰਵਾਜ਼ੇ ਨਾਲ ਇਹ ਹਾਥੀ ਟੱਕਰਾਂ ਮਾਰਨੀਆਂ ਸ਼ੁਰੂ ਕਰਦੇ, ਇਹ ਦਰਵਾਜ਼ਾ ਖੁੱਲ ਗਿਆ, ਸਿੱਖ ਸੂਰਮੇ ਨੰਗੀਆਂ ਤਲਵਾਰਾਂ ਹੱਥਾਂ ਵਿਚ ਲੈ ਕੇ ਬਾਹਰ ਨਿਕਲੇ ਤੇ ਟੁੱਟ ਕੇ ਪੈ ਗਏ। ਹੱਥੋ ਪਾਈ ਦੀ ਇਹ ਲੜਾਈ ਭੀ ਪਹਿਰ ਭਰ ਹੁੰਦੀ ਰਹੀ। ਲੋਹੇ ਤੇ ਲੋਹਾ ਖੜਕਦਾ ਰਿਹਾ ਅਤੇ ਸੂਰਮੇ ਜੂਝ ਜੂਝ ਕੇ ਸ਼ਹੀਦ ਹੁੰਦੇ ਰਹੇ। ਸਿੱਖਾਂ ਵਿਚੋਂ ਕਾਫ਼ੀ ਸ਼ਹੀਦ ਹੋ ਗਏ ਤੇ ਬਾਕੀ ਦੇ ਵੈਰੀ ਦਾ ਘੇਰਾ ਤੋੜ ਕੇ ਨਿਕਲ ਗਏ। ਜਾਣ ਲਈ ਹੁਣ ਖਾਬ ਟਿਕਾਣਾ ਕੋਈ ਨਹੀਂ ਸੀ, ਇਸ ਲਈ ਉਹ ਖਿੰਡ ਪੁੰਡ ਗਏ, ਜਿਸ ਪਾਸੇ ਵਲ ਕਿਸੇ ਦਾ ਮੂੰਹ ਹੋਇਆ, ਉਹ ਓਧਰ ਹੀ ਤੁਰ ਪਿਆ।

ਮਨੀਮ ਖ਼ਾਨ ਮੈਦਾਨ ਸਾਫ਼ ਵੇਖ ਕੇ ਆਪ ਅੱਗੇ ਵਧਿਆ ਤੇ ਫ਼ੌਜ ਦੇ ਇਕ ਮਜ਼ਬੂਤ ਦਸਤੇ ਨੂੰ ਲੈ ਕੇ ਕਿਲੇ ਵਿਚ ਜਾ ਵੜਿਆ। ਡਿਉੜੀ ਵਿਚ ਹੀ ਸਰਦਾਰ ਗੁਲਾਬ ਸਿੰਘ ਕੁਝ ਸਾਥੀਆਂ ਸਮੇਤ ਖੜਾ ਸੀ। ਮੁਨੀਮ ਖ਼ਾਨ ਦੇ ਹੁਕਮ ਅਨੁਸਾਰ ਫ਼ੌਜ ਨੇ ਅੱਗੇ ਵਧ ਕੇ ਉਨਾਂ ਸਾਰਿਆ ਨੂੰ ਗ੍ਰਿਫ਼ਤਾਰ ਕਰ ਲਿਆ। ਉਨਾਂ ਨੇ ਭੀ ਹੁਣ ਮੁਕਾਬਲਾ ਕਰਨ ਦੀ ਕੋਈ ਲੋੜ ਨਹੀਂ ਸਮਝੀ, ਬਾਜ਼ੀ ਹਾਰੀ ਜਾ ਚੁੱਕੀ ਸੀ ਅਤੇ ਉਮੀਦ ਦੀ ਕੋਈ ਕਿਰਨ ਬਾਕੀ ਨਹੀਂ ਸੀ ਰਹਿ ਗਈ।

ਮੁਨੀਮ ਖ਼ਾਨ ਨੇ ਸਰਦਾਰ ਗੁਲਾਬ ਸਿੰਘ ਨੂੰ ਪੁੱਛਿਆ ‘ਕਾਫ਼ਰ ਬੰਦਾ ਕਿਥੇ ਹੈ ?’

‘ਉਹ ਕਿਲੇ ਵਿਚ ਨਹੀਂ ਹਨ।‘ ਸਰਦਾਰ ਗੁਲਾਬ ਸਿੰਘ ਨੇ ਸੰਖੇਪ ਜਿਹਾ ਉੱਤਰ ਦਿੱਤਾ।

‘ਕਿਲੇਦਾਰ ਕੌਣ ਹੈ ?’ ਮੁਨੀਮ ਖ਼ਾਨ ਦਾ ਦੂਜਾ ਪ੍ਰਸ਼ਨ ਸੀ।

‘ਇਹ ਸੇਵਾਦਾਰ ਪਾਸ ਹੀ ਹੈ।‘ ਸਰਦਾਰ ਗੁਲਾਬ ਸਿੰਘ ਨੇ ਦੱਸਿਆ।

‘ਫੇਰ ਜੇਕਰ ਜਾਨ ਦੀ ਖ਼ੈਰ ਚਾਹੁੰਦਾ ਏ ਤਾਂ ਕਾਫ਼ਰ ਬੰਦੇ ਨੂੰ ਗ੍ਰਿਫ਼ਤਾਰ ਕਰਵਾ ਅਤੇ ਇਸਦੇ ਨਾਲ ਹੀ ਦਸ ਕਿ ਕਿਲੇ ਵਿਚ ਖ਼ਜ਼ਾਨਾ ਕਿੱਥੇ ਹੈ ?’ ਮੁਨੀਮ ਖ਼ਾਨ ਵੱਲੋਂ ਉਸ ਨੂੰ ਧਮਕੀ ਸਹਿਤ ਹੁਕਮ ਦਿੱਤਾ ਜਾ ਰਿਹਾ ਸੀ।

‘ਬਾਬਾ ਜੀ ਪਤਾ ਨਹੀਂ ਕਿੱਥੇ ਹਨ, ਖ਼ਜ਼ਾਨੇ ਬਾਰੇ ਮੈਂ ਕੁਝ ਵੀ ਨਹੀਂ ਜਾਣਦਾ।‘ ਸਰਦਾਰ ਗੁਲਾਬ ਸਿੰਘ ਨੇ ਥੋੜੇ ਸਮੇਂ ਵਿਚ ਆਪਣੀ ਗੱਲ ਮੁਕਾ ਦਿੱਤੀ।

ਮੁਨੀਮ ਖ਼ਾਨ ਨੇ ਆਪਣੇ ਜਮਾਦਾਰ ਸਾਦਾਤ ਖਾਨ ਨੂੰ ਹੁਕਮ ਦਿੱਤਾ ਕਿ ਉਹ ਗੁਲਾਬ ਸਿੰਘ ਸਮੇਤ ਸਾਰੇ ਸਿੱਖਾਂ ਨੂੰ ਬਾਹਰ ਲੈ ਜਾ ਕੇ ਹੱਥਕੜੀਆਂ (ਬੇੜੀ) ਵਿਚ ਜਕੜ ਕੇ ਪਿੰਜਰਿਆਂ ਵਿਚ ਬੰਦ ਕਰ ਦੇਵੇ। ਉਹ ਫ਼ੌਜਾਂ ਦੇ ਕੜੇ ਪਹਿਰੇ ਹੇਠਾਂ ਉਨਾਂ ਸਾਰਿਆਂ ਨੂੰ ਬਾਹਰ ਲੈ ਗਿਆ ਤੇ ਮੁਨੀਮ ਖ਼ਾਨ ਨੇ ਕਿਲੇ ਦੇ ਫ਼ਰਸ਼ ਦੀ ਪਟਵਾਈ ਸ਼ੁਰੂ ਕਰ ਦਿੱਤੀ। ਉਸਨੂੰ ਇਸ ਗੱਲ ਦਾ ਦੁੱਖ ਸੀ ਕਿ ਬੰਦਾ ਸਿੰਘ ਬਹਾਦਰ ਨਹੀਂ ਫੜਿਆ ਜਾ ਸਕਿਆ। ਉਹ ਜਾਣਦਾ ਸੀ ਕਿ ਇਸ ਕਰਕੇ ਬਾਦਸ਼ਾਹ ਨੇ ਜ਼ਰੂਰ ਖਫਾ ਹੋਣਾ ਹੈ ਅਤੇ ਉਹ ਕਿਲੇ ਵਿਚੋਂ ਖ਼ਜ਼ਾਨਾ ਲੱਭ ਕੇ ਬਾਦਸ਼ਾਹ ਦੇ ਪੇਸ਼ ਕਰਕੇ ਉਸਦੀ ਖਫਗੀ ਤੋਂ ਬਚਣਾ ਚਾਹੁੰਦਾ ਸੀ।

ਕਿਲੇ ਦੇ ਫ਼ਰਸ਼ ਦੀ ਪੁਟਾਈ ਸ਼ਾਮ ਤੱਕ ਹੁੰਦੀ ਰਹੀ ਤੇ ਮੁਨੀਮ ਖ਼ਾਨ ਆਪ ਪੁੱਟਣ ਵਾਲਿਆਂ ਦੇ ਸਿਰ ਤੇ ਖੜਾ ਉਨਾਂ ਦੀ ਨਿਗਰਾਨੀ ਕਰਦਾ ਰਿਹਾ। ਆਖ਼ਰ ਦੀਵਾਨ ਖ਼ਾਨੇ ਦਾ ਫ਼ਰਸ਼ ਪੁੱਟਣ ਨਾਲ ਉਸਦੀ ਮੁਰਾਦ ਪੂਰੀ ਹੋਈ, ਜਿਸ ਦੇ ਹੇਠਾਂ ਰੁਪਿਆ ਤੇ ਸੋਨੇ ਦੀਆਂ ਮੋਹਰਾਂ ਦੇ ਭਰੇ ਹੋਏ ਕਈ ਮੱਟ ਮਿਲ ਗਏ। ਮੁਨੀਮ ਖ਼ਾਨ ਨੇ ਇਸ ਖ਼ਜ਼ਾਨੇ ਦੀ ਗਿਣਤੀ ਉਸ ਵੇਲੇ ਕਰਾਉਣੀ ਸ਼ੁਰੂ ਕਰ ਦਿੱਤੀ। ਪੰਜ ਲੱਖ ਰੁਪਏ ਤੇ ਸੋਨੇ ਦੀਆਂ ਤਿੰਨ ਹਜ਼ਾਰ ਚਾਰ ਸੌ ਮੋਹਰਾਂ ਸਨ। ਉਸ ਨੇ ਆਪਣੇ ਨਾਇਬ ਸੁਲਤਾਨ ਖ਼ਾਨ ਨੂੰ ਕਿਹਾ, ‘ਜਾਪਦਾ ਹੈ ਕਿ ਖ਼ਜ਼ਾਨੇ ਦਾ ਵੱਡਾ ਹਿੱਸਾ ਇਹ ਕਾਫ਼ਰ ਬੰਦਾ ਨਾਲ ਲੈ ਗਿਆ ਹੈ।‘

‘ਠੀਕ ਹੈ ਜਨਾਬ, ਫੇਰ ਵੀ ਅਸਾਡੇ ਹੱਥ ਬਹੁਤ ਕੁਝ ਆ ਗਿਆ ਹੈ, ਬਾਦਸ਼ਾਹ ਦੀ ਖ਼ੁਸ਼ਨੂਦੀ ਮਿਲ ਜਾਵੇਗੀ।‘ ਸੁਲਤਾਨ ਖ਼ਾਨ ਨੇ ਆਖਿਆ।

‘ਇਹ ਕਾਫ਼ਰ ਬੰਦਾ ਪਹਾੜਾਂ ਵਿਚ ਜਾ ਵੜਿਆ ਹੈ। ਜੇਕਰ ਕਿਸੇ ਤਰਾਂ ਉਹਨੂੰ ਗ੍ਰਿਫ਼ਤਾਰ ਕਰ ਲਈਏ ਤਾਂ ਸਾਡੀ ਕਿਸਮਤ ਜਾਗ ਪਵੇਗੀ।‘ ਮੁਨੀਮ ਖ਼ਾਨ ਨੇ ਕਿਹਾ।

‘ਨਹਾਨ ਦਾ ਰਾਜਾ ਭੂਪ ਪ੍ਰਕਾਸ਼ ਉਸ ਕਾਫ਼ਰ ਦਾ ਬੜਾ ਸ਼ਰਧਾਲੂ ਹੈ। ਜਾਪਦਾ ਹੈ ਕਿ ਉਸ ਨੇ ਹੀ ਉਸ ਨੂੰ ਪਨਾਹ ਦਿੱਤੀ ਹੋਵੇਗੀ।‘ ਸੁਲਤਾਨ ਖ਼ਾਨ ਨੇ ਦੱਸਿਆ।

‘ਉਸ ਕਾਫ਼ਰ ਨੂੰ ਵੀ ਗ੍ਰਿਫ਼ਤਾਰ ਕਰਨਾ ਹੋਵੇਗਾ। ਤੁਸੀਂ ਇਕ ਹਜ਼ਾਰ ਘੋੜ ਸਵਾਰ ਲੈ ਕੇ ਸਵੇਰੇ ਹੀ ਨਾਹਨ ਪੁੱਜ ਜਾਓ। ਬੰਦੇ ਨੂੰ ਭੀ ਫੜਨ ਦਾ ਯਤਨ ਕਰੋ, ਖ਼ੁਦਾ ਵੰਦ ਕਰੀਮ ਤੁਹਾਡਾ ਰਾਖਾ ਹੋਵੇਗਾ।‘ ਮੁਨੀਮ ਖ਼ਾਨ ਨੇ ਆਖਿਆ।

‘ਬਹੁਤ ਹੱਛਾ ਜਨਾਬ ਇਸ ਕਿਲੇ ਦਾ ਕੀ ਕਰਨਾ ਹੈ, ਇਸ ਨੂੰ ਢੇਹ ਢੇਰੀ ਨਾ ਕੀਤਾ ਜਾਵੇ।‘ ਸੁਲਤਾਨ ਖ਼ਾਨ ਨੇ ਕਿਹਾ ‘ਬਾਦਸ਼ਾਹ ਦਾ ਹੁਕਮ ਲੈਣ ਤੋਂ ਬਿਨਾਂ ਇਸ ਨੂੰ ਨਹੀਂ ਢਾਹੁਣਾ ਚਾਹੀਦਾ। ਬਣਿਆਂ ਬਣਾਇਆ ਕਿਲਾ ਮਿਲਿਆ ਹੈ, ਮੈਂ ਤਾਂ ਸਮਝਦਾ ਹਾਂ ਕਿ ਇਸ ਨੂੰ ਢਾਹੁਣ ਦੀ ਲੋੜ ਨਹੀਂ।‘ ਮੁਨੀਮ ਖ਼ਾਨ ਆਪਣੇ ਵਿਚਾਰ ਦਸ ਰਿਹਾ ਸੀ।

ਅਗਲੀ ਸਵੇਰ ਲੋਹਗੜ ਤੋਂ ਸਢੌਰੇ ਨੂੰ ਸਿੱਖਾਂ ਦੇ ਸਿਰਾਂ ਦਾ ਜਲੂਸ ਚੱਲਿਆ। ਸਿਰਾਂ ਦੇ ਕੋਈ ਚਾਲੀ ਗੱਡੇ ਭਰੇ ਸਨ। ਜਲੂਸ ਦੇ ਵਿਚਕਾਰ ਦਸ ਗੱਡਿਆਂ ਤੇ ਲੋਹੇ ਦੇ ਪਿੰਜਰਿਆਂ ਵਿਚ ਬੰਦ ਸਰਦਾਰ ਗੁਲਾਬ ਸਿੰਘ ਤੇ ਉਨਾਂ ਦੇ ਸਾਥੀ ਸਨ। ਇਨਾਂ ਗੱਡਿਆਂ ਦੇ ਅੱਗੇ ਪਿੱਛੇ ਮੁਗ਼ਲ ਫ਼ੌਜ ਦੇ ਹਜ਼ਾਰਾਂ ਘੋੜ ਸਵਾਰ ਸਨ। ਸਿੱਖਾਂ ਦੇ ਕੁਝ ਸਿਰ ਉਨਾਂ ਨੇ ਆਪਣੇ ਨੇਜ਼ਿਆਂ ’ਤੇ ਭੀ ਟੰਗੇ ਹੋਏ ਸਨ। ਲੁੱਟਿਆ ਹੋਇਆ ਖ਼ਜ਼ਾਨਾ ਖੱਚਰਾਂ ’ਤੇ ਲੱਦਿਆ ਹੋਇਆ ਸੀ। ਮੁਨੀਮ ਖ਼ਾਨ ਹਾਥੀ ’ਤੇ ਸਵਾਰ ਨਾਲ ਜਾ ਰਿਹਾ ਸੀ। ਇਤਨੀ ਵੱਡੀ ਜਿੱਤ ਨਾਲ ਭੀ ਉਹ ਕੁਝ ਵਧੇਰੇ ਖ਼ੁਸ਼ ਨਜ਼ਰ ਨਹੀਂ ਸੀ ਆ ਰਿਹਾ, ਸਗੋਂ ਉਹਦਾ ਮੂੰਹ ਕੁਝ ਕੁਝ ਉੱਤਰਿਆ ਹੋਇਆ ਸੀ। ਉਹ ਇਹੋ ਹੀ ਸੋਚ ਰਿਹਾ ਸੀ ਕਿ ਜਦ ਬਾਦਸ਼ਾਹ ਨੇ ਸਿੱਖਾਂ ਦਾ ਜਰਨੈਲ ਬੰਦਾ ਸਿੰਘ ਮੰਗਿਆ ਤਾਂ ਉਹ ਕੀ ਉੱਤਰ ਦੇਵੇਗਾ।

ਜਲੂਸ ਸਢੌਰੇ ਪੁੱਜ ਗਿਆ। ਬਾਦਸ਼ਾਹ ਨੇ ਆਪਣੇ ਸ਼ਹਿਜ਼ਾਦਿਆਂ ਤੇ ਵਜ਼ੀਰਾਂ, ਅਮੀਰਾਂ ਸਮੇਤ ਬਾਹਰ ਨਿਕਲ ਕੇ ਇਸ ਜਲੂਸ ਦਾ ਸਵਾਗਤ ਕੀਤਾ। ਬਾਦਸ਼ਾਹ ਦੀ ਖ਼ੁਸ਼ੀ ਦਾ ਇਸ ਸਮੇਂ ਕੋਈ ਅੰਤ ਨਹੀਂ ਸੀ।

(ਚਲਦਾ...)

# ਯੋਗੀ ਸਾਜ਼ਿਸ਼ੀ ਤੇ ਬਲਾਤਕਾਰੀ ਸਿਆਸਤ 'ਚ ਰੁੱਝੇ

## ਹਾਥਰਸ ਦੀ ਦਲਿਤ ਲੜਕੀ ਦੇ ਬਲਾਤਕਾਰ ਤੇ ਹੱਤਿਆ ਕਾਰਨ ਮੋਦੀ ਸਰਕਾਰ ਦਾ ਅਕਸ ਡਿੱਗਿਆ

## ਦੋਸ਼ੀ ਠਾਕੁਰਾ ਦੇ ਕਹਿਣ ਤੇ ਸੀਬੀਆਈ ਨੂੰ ਜਾਂਚ ਦੇ ਆਦੇਸ਼ ਅ ਵਿਰੋਧੀ ਸਿਆਸਤਦਾਨਾਂ ਨੂੰ ਪੁਲੀਸ ਨੇ ਜ਼ਲੀਲ ਕੀਤਾ






ਲਖਨਊ/**ਏ.ਟੀ.ਨਿਊਜ਼:** ਹਾਥਰਸ ਦੀ ਦਲਿਤ ਲੜਕੀ ਦੇ ਬਲਾਤਕਾਰ ਤੇ ਹੱਤਿਆ ਦੇ ਮਾਮਲੇ ਵਿੱਚ ਯੋਗੀ ਦੀ ਭਾਜਪਾ ਸਰਕਾਰ ਨੇ ਹੁਣ ਖੁੱਲੇ ਤੌਰ ਉੱਤੇ ਦੋਸ਼ੀਆਂ ਨੂੰ ਬਚਾਉਣ ਦਾ ਪੈਂਤੜਾ ਮੱਲ ਲਿਆ ਹੈ ਇਸ ਕਾਰਨ ਮੋਦੀ ਸਰਕਾਰ ਦੇ ਅਕਸ ਨੂੰ ਧੱਕਾ ਲਗਾ ਹੈ। ਬੀਤੇ ਐਤਵਾਰ ਨੂੰ ਵਾਪਰੀਆਂ ਕਈ ਘਟਨਾਵਾਂ ਨੇ ਸਾਫ਼ ਕਰ ਦਿੱਤਾ ਹੈ ਕਿ ਪੂਰਾ ਯੂ ਪੀ ਪ੍ਰਸ਼ਾਸਨ ਇਸ ਘਿਨਾਉਣੇ ਕਾਂਡ ਨੂੰ ਜਾਤੀਵਾਦੀ ਰੰਗ ਦੇਣ ਲਈ ਪੱਬਾਂ ਭਾਰ ਹੋ ਚੁੱਕਾ ਹੈ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀਆਂ ਵੱਖ-ਵੱਖ ਵੀਡੀਉਜ਼ ਯੋਗੀ ਪ੍ਰਸ਼ਾਸਨ ਦੇ ਕਰੂਰ ਚਿਹਰੇ ਤੋਂ ਨਕਾਬ ਉਤਾਰ ਰਹੀਆਂ ਹਨ। ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦਾ ਪੋਤਾ ਜੈਅੰਤ ਚੌਧਰੀ ਪੁਲਸ ਦੀ ਇਜਾਜ਼ਤ ਨਾਲ ਪਰਵਾਰ ਨੂੰ ਮਿਲ ਕੇ ਜਦੋਂ ਬਾਹਰ ਆਉਂਦਾ ਹੈ ਤਾਂ ਤਾਬੜਤੋੜ ਲਾਠੀਚਾਰਜ ਰਾਹੀਂ ਉਸ ਦਾ ਸਵਾਗਤ ਕੀਤਾ ਜਾਂਦਾ ਹੈ। ਵੀਡੀਓ ਵਿੱਚ ਇਹ ਸਾਰੇ ਵਿਅਕਤੀ ਦਰਜਨ ਤੋਂ ਵੱਧ ਨਹੀਂ ਹਨ। ਇਹ ਸਾਰੇ ਜੈਅੰਤ ਚੌਧਰੀ ਨੂੰ ਘੇਰੇ ਵਿੱਚ ਲੈ ਕੇ ਬਚਾਉਂਦੇ ਹਨ। ਬਚਾਉਣ ਵਾਲਿਆਂ ਉੱਤੇ ਪੁਲਸ ਵਾਲੇ ਬੇਤਹਾਸ਼ਾ ਲਾਠੀਆਂ ਵਰਾ ਰਹੇ ਹਨ। ਦੂਜੇ ਪਾਸੇ ਭਾਜਪਾ ਦੇ ਸਾਬਕਾ ਵਿਧਾਇਕ ਰਾਜਵੀਰ ਪਹਿਲਵਾਨ ਦੇ ਘਰ ਸਵਰਨ ਜਾਤੀ ਦੇ ਲੋਕਾਂ ਦਾ ਬਲਾਤਕਾਰੀ ਗੁੰਡਿਆਂ ਦੇ ਸਮਰਥਨ ਵਿੱਚ ਇਕੱਠ ਹੁੰਦਾ ਹੈ ਤੇ ਯੋਗੀ ਵੱਲੋਂ ਕੀਤੀ ਗਈ ਸੀ ਬੀ ਆਈ ਜਾਂਚ ਦਾ ਸਵਾਗਤ ਕੀਤਾ ਜਾਂਦਾ ਹੈ। ਅਜ਼ਾਦ ਸਮਾਜ ਪਾਰਟੀ ਦੇ ਮੁਖੀ ਚੰਦਰ ਸ਼ੇਖਰ ਅਜ਼ਾਦ ਜਦੋਂ ਪਰਵਾਰ ਨੂੰ ਮਿਲਣ ਲੜਕੀ ਦੇ ਘਰ ਜਾਂਦੇ ਹਨ ਤਾਂ ਬਾਹਰ ਕੁਰਸੀ ਉੱਤੇ ਬੈਠਾ ਵਿਅਕਤੀ ਖੁੱਲੇਆਮ ਚੰਦਰ ਸ਼ੇਖਰ ਨੂੰ ਦੇਖ ਲੈਣ ਦੀਆਂ ਧਮਕੀਆਂ ਦੇ ਰਿਹਾ ਹੈ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਧਮਕੀਆਂ ਦੇਣ ਵਾਲੇ ਦੇ ਪਿੱਛੇ ਦੋ ਪੁਲਸ ਵਾਲੇ ਚੁੱਪਚਾਪ ਖੜੇ ਹਨ।

ਇਸ ਵਿਅਕਤੀ ਦਾ ਇੱਕ ਹੋਰ ਵੀਡੀਓ ਵੀ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਠਾਕੁਰਾਂ ਦੀ ਮੀਟਿੰਗ ਵਿੱਚ ਲੋਕਾਂ ਨੂੰ ਦੋਸ਼ੀਆਂ ਦੇ ਪੱਖ ਵਿੱਚ ਸੜਕਾਂ ਉੱਤੇ ਨਿਕਲਣ ਲਈ ਉਕਸਾ ਰਿਹਾ ਹੈ। ਇਸੇ ਦੌਰਾਨ ਸਮਾਜਵਾਦੀ ਪਾਰਟੀ ਦਾ ਇੱਕ ਵਫ਼ਦ ਪਰਵਾਰ ਨੂੰ ਮਿਲਣ ਆਉਂਦਾ ਹੈ ਤਾਂ ਸਾਹਮਣੇ ਤੋਂ ਠਾਕੁਰਾਂ ਦੀ ਪੰਚਾਇਤ ਵਿੱਚ ਜੁੜੇ ਲੋਕ 'ਨਿਰਦੋਸ਼ਾਂ ਨੂੰ ਰਿਹਾਅ ਕਰੋ' ਦੇ ਨਾਅਰੇ ਲਾਉਂਦੇ ਆ ਜਾਂਦੇ ਹਨ। ਪੁਲਸ ਲਾਠੀਚਾਰਜ ਕਰ ਦਿੰਦੀ ਹੈ, ਜ਼ਖ਼ਮੀ ਸਿਰਫ਼ ਸਮਾਜਵਾਦੀ ਪਾਰਟੀ ਵਾਲੇ ਹੀ ਹੁੰਦੇ ਹਨ। ਪੁਲਸ ਕਹਿੰਦੀ ਹੈ ਕਿ ਸੂਬੇ ਵਿੱਚ ਦਫ਼ਾ 144 ਲੱਗੀ ਹੈ, ਪਰ ਇਹ ਸਿਰਫ਼ ਵਿਰੋਧੀ ਪਾਰਟੀਆਂ ਲਈ ਹੈ, ਠਾਕੁਰਾਂ ਦੇ ਇਕੱਠੇ ਹੋਣ ਉੱਤੇ ਕੋਈ ਰੋਕ ਨਹੀਂ, ਸਾਰਾ ਕੁਝ ਯੋਜਨਾ ਅਨੁਸਾਰ ਹੋ ਰਿਹਾ ਹੈ।

ਇਸ ਯੋਜਨਾ ਦਾ ਖ਼ੁਲਾਸਾ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਐਤਵਾਰ ਨੂੰ ਕਰ ਦਿੱਤਾ ਸੀ। ਮੁੱਖ ਮੰਤਰੀ ਨੇ ਭਾਜਪਾ ਦੇ ਬੂਥ ਕਾਰਜ ਕਰਤਾਵਾਂ ਨਾਲ ਆਨਲਾਈਨ ਗੱਲਬਾਤ ਦੌਰਾਨ ਕਿਹਾ ਸੀ, "ਜਿਨਾਂ ਨੂੰ ਵਿਕਾਸ ਚੰਗਾ ਨਹੀਂ ਲੱਗਦਾ, ਉਹ ਲੋਕ ਦੇਸ਼ ਵਿੱਚ ਵੀ ਤੇ ਪ੍ਰਦੇਸ਼ ਵਿੱਚ ਵੀ ਦੰਗੇ ਭੜਕਾਉਣਾ ਚਾਹੁੰਦੇ ਹਨ। ਇਨਾਂ ਦੰਗਿਆਂ ਦੀ ਆੜ ਵਿੱਚ ਵਿਕਾਸ ਰੁਕੇਗਾ।

ਯੋਗੀ ਦੇ ਕਹਿਣ ਮੁਤਾਬਿਕ ਹਾਥਰਸ ਕਾਂਡ ਗੈਂਗਰੇਪ ਨਾ ਹੋ ਕੇ ਉਸ ਦੀ ਸਰਕਾਰ ਵਿਰੁੱਧ ਇੱਕ ਛਡਯੰਤਰ ਹੈ। ਇਹ ਛੜਯੰਤਰ ਵਾਲੀ ਥਿਊਰੀ ਸਾਰਾ ਦੇਸ਼ ਦਿੱਲੀ ਦੰਗਿਆਂ ਦੇ ਕੇਸ ਵਿੱਚ ਵੀ ਦੇਖ ਚੁੱਕਾ ਹੈ। ਹੁਣ ਉਹੋ ਕੁਝ ਯੂ ਪੀ ਵਿੱਚ ਦੁਹਰਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਦਿੱਲੀ ਦੰਗਿਆਂ ਦੇ ਕੇਸ ਦੀ ਤਰਜ਼ ਉੱਤੇ ਹੀ ਲਖਨਊ ਦੇ ਹਜ਼ਰਤਗੰਜ ਥਾਣੇ ਵਿੱਚ ਅਗਿਆਤ ਲੋਕਾਂ ਵਿਰੁੱਧ ਇੱਕ ਖੁੱਲੀ ਐੱਫ਼ ਆਈ ਆਰ ਦਰਜ ਕਰ ਲਈ ਗਈ ਹੈ। ਚੌਂਕੀ ਇੰਚਾਰਜ ਭੁਪਿੰਦਰ ਸਿੰਘ ਦੀ ਤਹਿਰੀਰ ਉੱਤੇ 153-ਏ, 153-ਬੀ, 420 (ਧੋਖਾਧੜੀ), 465 (ਜਾਅਲਸਾਜ਼ੀ), 468 (ਧੋਖੇਬਾਜ਼ੀ ਲਈ ਦਸਤਾਵੇਜ਼ਾਂ ਦੀ ਵਰਤੋਂ) 469 (ਜਾਅਲਸਾਜ਼ੀ ਨਾਲ ਕਿਸੇ ਵਿਅਕਤੀ ਦੀ ਮਾਣਹਾਨੀ) ਆਦਿ ਧਾਰਾਵਾਂ ਹੇਠ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਦੇ ਡੀ ਐੱਸ ਪੀਸੋਮੇਨ ਵਰਮਾ ਅਨੁਸਾਰ ਸੋਸ਼ਲ ਮੀਡੀਆ ਰਾਹੀਂ ਵੱਖ-ਵੱਖ ਵਰਗਾਂ ਵਿੱਚ ਵੈਰ-ਭਾਵ ਫੈਲਾਉਣ, ਸਮਾਜਿਕ ਭਾਈਚਾਰੇ ਨੂੰ ਨੁਕਸਾਨ ਪੁਚਾਉਣ ਤੇ ਧਾਰਮਿਕ ਭਾਵਨਾਵਾਂ ਨੂੰ ਆਹਤ ਕਰਨ ਦੇ ਯਤਨਾਂਵਿਰੁੱਧ ਹਜ਼ਰਤਗੰਜ ਕੋਤਵਾਲੀ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਹੈ।

ਇਸ ਮਾਮਲੇ ਲਈ ਤਿੰਨ ਟੀਮਾਂ ਬਣਾਈਆਂ ਗਈਆਂ ਹਨ। ਏ ਡੀ ਜੀ ਪੀ ਕਾਨੂੰਨ ਪ੍ਰਸ਼ਾਂਤ ਕੁਮਾਰ ਨੇ ਕਿਹਾ ਹੈ ਕਿ ਪੀਪਲਜ਼ ਫ਼ਰੰਟ ਆਫ਼ ਇੰਡੀਆ ਵਰਗੇ ਕੁਝ ਸੰਗਠਨ ਰਾਜ ਦਾ ਮਾਹੌਲ ਵਿਗਾੜਨ ਦੀਆਂ ਸਾਜ਼ਿਸ਼ਾਂ ਕਰ ਰਹੇ ਹਨ। ਖ਼ੁਫ਼ੀਆ ਪੁਲਸ ਮੁਤਾਬਿਕ ਹਾਥਰਸ ਦੇ ਬਹਾਨੇ ਉਤਰ ਪ੍ਰਦੇਸ਼ ਵਿੱਚ ਜਾਤੀ ਤੇ ਫ਼ਿਰਕੂ ਤਣਾਅ ਪੈਦਾ ਕਰਨ ਦੀ ਇੱਕ ਵੱਡੀ ਸਾਜ਼ਿਸ਼ ਰਚੀ ਗਈ ਸੀ, ਜੋ ਸਰਕਾਰ ਦੀ ਚੌਕਸੀ ਨਾਲ ਨਾਕਾਮ ਕਰ ਦਿੱਤੀ ਗਈ ਹੈ। ਇਹ ਸਾਰੇ ਸ਼ਬਦ ਲਗਭਗ ਉਹੀ ਹਨ, ਜੋ ਦਿੱਲੀ ਦੰਗਿਆਂ ਸੰਬੰਧੀ ਦਰਜ ਮੁਕੱਦਮਿਆਂ ਵਿੱਚ ਵਰਤੇ ਗਏ ਹਨ। ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ ਹੁਣ ਹਾਥਰਸ ਕਾਂਡ ਦੇ ਨਾਂਅ ਉੱਤੇ ਯੂ ਪੀ ਵਿੱਚ ਵੀ ਦਿੱਲੀ ਦੰਗਿਆਂ ਦੇ ਕੇਸ ਵਾਂਗ ਹੀ ਵਿਰੋਧੀਆਂ ਨੂੰ ਫਸਾਉਣ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਯੋਗੀ ਸਰਕਾਰ ਦੀ ਨੀਅਤ ਦਾ ਖ਼ੁਲਾਸਾ ਤਾਂ 1 ਅਕਤੂਬਰ ਨੂੰ ਉਸ ਵੇਲੇ ਹੀ ਹੋ ਗਿਆ ਸੀ, ਜਦੋਂ ਪੁਲਸ ਦੇ ਅੱਪਰ ਡੀ ਜੀ ਪੀ ਨੇ ਪ੍ਰੈੱਸ ਕਾਨਫ਼ਰੰਸ ਲਾ ਕੇ ਕਿਹਾ ਸੀ ਕਿ ਇਸ ਘਟਨਾ ਵਿੱਚ ਜੋ ਲੋਕ ਸ਼ਾਮਲ ਹਨ, ਉਨਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨਾਂ ਕਿਹਾ ਸੀ ਕਿ ਮੈਡੀਕਲ ਰਿਪੋਰਟ ਆਉਣ ਤੋਂ ਪਹਿਲਾਂ ਹੀ ਸਰਕਾਰ ਵਿਰੁੱਧ ਗ਼ਲਤ ਬਿਆਨੀ ਕੀਤੀ ਗਈ ਤੇ ਪੁਲਸ ਦੀ ਛਵੀ ਖ਼ਰਾਬ ਕੀਤੀ ਗਈ। ਅਸੀਂ ਪੜਤਾਲ ਕਰਾਂਗੇ ਕਿ ਇਹ ਕਿਸ ਨੇ ਕੀਤਾ। ਇਸ ਲਈ ਐੱਸ ਆਈ ਟੀ ਦਾ ਗਠਨ ਕੀਤਾ ਗਿਆ ਹੈ। ਇਸ ਤੋਂ ਸਾਫ਼ ਹੈ ਕਿ ਐੱਸ ਆਈ ਟੀ ਦਾ ਗਠਨ ਲੜਕੀ ਨੂੰ ਇਨਸਾਫ਼ ਦਿਵਾਉਣ ਲਈ ਨਹੀਂ, ਵਿਰੋਧੀਆਂ ਨੂੰ ਫਸਾਉਣ ਲਈ ਕੀਤਾ ਗਿਆ ਸੀ। ਇਸ ਕੇਸ ਵਿੱਚ ਸਰਕਾਰ ਵੱਲੋਂ ਦੋ ਫ਼ੈਸਲੇ ਕੀਤੇ ਗਏ ਹਨ, ਜਿਹੜੇ ਦੋਸ਼ੀ ਧਿਰ ਦੀ ਮੰਗ ਸਨ, ਸੀ ਬੀ ਆਈ ਜਾਂਚ ਤੇ ਲੜਕੀ ਦੇ ਪਰਵਾਰ ਵਾਲਿਆਂ ਦਾ ਨਾਰਕੋਟੈਸਟ। ਸਭ ਨੂੰ ਪਤਾ ਹੈ ਕਿ ਸੀਬੀਆਈ ਸਰਕਾਰੀ ਤੋਤਾ ਬਣ ਚੁੱਕੀ ਹੈ।

**ਐੱਸਆਈਟੀ ਕਰਦੀ ਰਹੇਗੀ ਆਪਣੀ ਜਾਂਚ**

ਹਾਥਰਸ ਕਾਂਡ ਨੂੰ ਲੈ ਕੇ ਗਠਿਤ ਐੱਸਆਈਟੀ ਜਲਦ ਆਪਣੀ ਜਾਂਚ ਪੂਰੀ ਕਰ ਕੇ ਸ਼ਾਸਨ ਨੂੰ ਰਿਪੋਰਟ ਸੌਂਪੇਗੀ। ਮੁੱਖ ਸਕੱਤਰ ਗ੍ਰਹਿ ਅਵਨੀਸ਼ ਕੁਮਾਰ ਅਵਸਥੀ ਨੇ ਦੱਸਿਆ ਕਿ ਐੱਸਆਈਟੀ ਨੂੰ ਹਾਥਰਸ ਵਿਚ ਹੋਈ ਘਟਨਾ ਤੋਂ ਪਹਿਲਾਂ ਅਤੇ ਐੱਫ ਆਈ ਆਰ ਦਰਜ ਹੋਣ ਤੋਂ ਬਾਅਦ ਪੁਲਿਸ ਦੀ ਭੂਮਿਕਾ ਦੀ ਜਾਂਚ ਸੌਂਪੀ ਗਈ ਹੈ। ਐੱਸਆਈਟੀ ਆਪਣੀ ਰਿਪੋਰਟ ਸ਼ਾਸਨ ਨੂੰ ਸੌਂਪੇਗੀ। ਸਾਬਕਾ ਡੀ ਜੀ ਪੀ ਬ੍ਰਿਜ ਲਾਲ ਦਾ ਕਹਿਣਾ ਹੈ ਕਿ ਐੱਸਆਈਟੀ ਨੇ ਜਾਂਚ ਕੀਤੀ ਹੈ, ਜਦਕਿ ਸੀਬੀਆਈ ਘਟਨਾ ਦੀ ਪੜਤਾਲ ਕਰੇਗੀ। ਜਾਂਚ ਅਤੇ ਪੜਤਾਲ ਦੋਵੇਂ ਵੱਖ-ਵੱਖ ਹਨ। ਐੱਸਆਈਟੀ ਦੀ ਜਾਂਚ ਵਿਚ ਪਾਈਆਂ ਗਈਆਂ ਕਮੀਆਂ ਅਤੇ ਗ਼ਲਤੀਆਂ 'ਤੇ ਸਬੰਧਿਤ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਵਿਰੁੱਧ ਸ਼ਾਸਨ ਕਾਰਵਾਈ ਕਰ ਸਕਦਾ ਹੈ ਪਰ ਉਸ ਦੀ ਜਾਂਚ ਘਟਨਾ ਦੀ ਪੜਤਾਲ ਦਾ ਹਿੱਸਾ ਨਹੀਂ ਹੋ ਸਕਦੀ। ਸੀਬੀਆਈ ਚਾਹੇਗੀ ਤਾਂ ਐੱਸਆਈਟੀ ਤੋਂ ਉਸ ਦੀ ਜਾਂਚ ਰਿਪੋਰਟ ਲੈ ਸਕਦੀ ਹੈ।

## ਔਰਤਾਂ ਖ਼ਿਲਾਫ਼ ਅਪਰਾਧ ਰੋਕਣ ਲਈ ਗ੍ਰਹਿ ਮੰਤਰਾਲੇ ਸਖ਼ਤ

ਨਵੀਂਦਿੱਲੀ-ਕੇਂਦਰ ਸਰਕਾਰ ਨੇ ਸੂਬਿਆਂ ਅਤੇ ਯੂਟੀਜ਼ ਨੂੰ ਤਾਜ਼ੇ ਨਿਰਦੇਸ਼ ਜਾਰੀ ਕਰਦਿਆਂ ਕਿਹਾ ਹੈ ਕਿ ਔਰਤਾਂ ਖ਼ਿਲਾਫ਼ ਜੁਰਮ ਦੇ ਕੇਸਾਂ 'ਚ ਫ਼ੌਰੀ ਲਾਜ਼ਮੀ ਕਾਰਵਾਈ ਕੀਤੀ ਜਾਵੇ। ਉਨਾਂ ਕਿਹਾ ਹੈ ਕਿ ਜਬਰ-ਜਨਾਹ ਦੇ ਕੇਸ ਕਾਨੂੰਨ ਮੁਤਾਬਿਕ ਦੋ ਮਹੀਨਿਆਂ 'ਚ ਮੁਕੰਮਲ ਹੋਣੇ ਚਾਹੀਦੇ ਹਨ। ਆਖ਼ਰੀ ਸਾਹਾਂ 'ਤੇ ਪੀੜਤ ਦੇ ਬਿਆਨ ਨੂੰ ਸਿਰਫ਼ ਇਸ ਲਈ ਖ਼ਾਰਜ ਨਹੀਂ ਕੀਤਾ ਜਾਣਾ ਚਾਹੀਦਾ ਹੈ ਕਿ ਮੌਕੇ 'ਤੇ ਇਸ ਨੂੰ ਮੈਜਿਸਟਰੇਟ ਵੱਲੋਂ ਰਿਕਾਰਡ ਨਹੀਂ ਕੀਤਾ ਗਿਆ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਤਿੰਨ ਪੰਨਿਆਂ ਦੇ ਇਹ ਗਿਆਨੀ ਉਸ ਸਮੇਂ ਜਾਰੀ ਕੀਤੇ ਹਨ ਜਦੋਂ ਯੂ ਪੀ ਦੇ ਹਾਥਰਸ 'ਚ ਕਥਿਤ ਸਮੂਹਿਕ ਜਬਰ-ਜਨਾਹ ਅਤੇ ਹੱਤਿਆ ਦੇ ਮਾਮਲੇ 'ਚ ਪੂਰੇ ਦੇਸ਼ 'ਚ ਰੋਸ ਫੈਲ ਗਿਆ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਸਜ਼ਾਯਾਫ਼ਤਾ ਅਪਰਾਧ ਦੇ ਮਾਮਲੇ 'ਚ ਐੱਫਆਈਆਰ ਜ਼ਰੂਰੀ ਦਰਜ ਹੋਣੀ ਚਾਹੀਦੀ ਹੈ। ਮੰਤਰਾਲੇ ਨੇ ਕਿਹਾ ਕਿ ਜੇਕਰ ਪੁਲੀਸ ਸਟੇਸ਼ਨ ਦੇ ਅਧਿਕਾਰ ਖੇਤਰ ਤੋਂ ਬਾਹਰ ਅਪਰਾਧ ਹੁੰਦਾ ਹੈ ਤਾਂ ਪੁਲੀਸ 'ਜ਼ੀਰੋ ਐੱਫਆਈਆਰ' ਦਰਜ ਕਰ ਸਕਦੀ ਹੈ। ਉਨਾਂ ਕਿਹਾ ਕਿ ਕਾਨੂੰਨ 'ਚ ਕਈ ਸਖ਼ਤ ਧਾਰਾਵਾਂ ਹਨ ਪਰ ਜੇਕਰ ਪੁਲੀਸ ਇਨਾਂ ਨੂੰ ਲਾਗੂ ਕਰਨ 'ਚ ਨਾਕਾਮ ਰਹਿੰਦੀ ਹੈ ਤਾਂ ਇਸ ਦੀ ਜਾਂਚ ਕੀਤੇ ਜਾਣ ਦੀ ਲੋੜ ਹੈ ਅਤੇ ਸਬੰਧਿਤ ਅਧਿਕਾਰੀਆਂ ਖ਼ਿਲਾਫ਼ ਤੁਰੰਤ ਸਖ਼ਤ ਕਾਰਵਾਈ ਹੋਵੇ।

ਗ੍ਰਹਿ-ਮੰਤਰਾਲੇ ਨੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਿਹਾ ਹੈ ਕਿ ਜਬਰ-ਜਨਾਹ ਦੇ ਸਬੰਧ 'ਚ ਪੁਲੀਸ ਜਾਂਚ ਧਾਰਾ 173 ਤਹਿਤ ਦੋ ਮਹੀਨਿਆਂ 'ਚ ਮੁਕੰਮਲ ਹੋਵੇ ਅਤੇ ਧਾਰਾ 164-ਏ ਤਹਿਤ ਪੀੜਤਾਂ ਦੀ ਸੂਚਨਾ ਮਿਲਣ ਦੇ 24 ਘੰਟਿਆਂ ਅੰਦਰ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਤੋਂ ਪੜਤਾਲ ਹੋਣੀ ਚਾਹੀਦੀ ਹੈ। ਨਿਰਦੇਸ਼ਾਂ 'ਚ ਕਿਹਾ ਗਿਆ ਹੈ ਕਿ ਇੰਡੀਅਨਐਵੀਡੈਂਸ ਐਕਟ, 1872 ਤਹਿਤ ਜਿਸ ਵਿਅਕਤੀ ਦੀ ਮੌਤ ਹੋਈ ਹੈ, ਉਸ ਦੇ ਲਿਖਤੀ ਜਾਂ ਜ਼ੁਬਾਨੀ ਬਿਆਨਾਂ ਨੂੰ ਜਾਂਚ ਦੌਰਾਨ ਜਾਇਜ਼ ਮੰਨਿਆ ਜਾਂਦਾ ਹੈ। ਗ੍ਰਹਿ ਮੰਤਰਾਲੇ ਨੇ ਇਸ ਸਬੰਧ 'ਚ ਸੁਪਰੀਮ ਕੋਰਟ ਦੇ 7 ਜਨਵਰੀ 2020 'ਚ ਸੁਣਵਾਏ ਗਏ ਫ਼ੈਸਲੇ ਦਾ ਹਵਾਲਾ ਦਿੱਤਾ ਹੈ। ਨਿਰਦੇਸ਼ਾਂ 'ਚ ਇਹ ਵੀ ਕਿਹਾ ਗਿਆ ਹੈ ਕਿ ਜਬਰ-ਜਨਾਹ ਦੇ ਹਰੇਕ ਮਾਮਲੇ 'ਚ ਸੈਕਸੁਅਲ ਅਸਾਲਟਐਵੀਡੈਂਸ ਕੁਲੈਕਸ਼ਨ ਕਿੱਟਾਂ ਦੀ ਵਰਤੋਂ ਕੀਤੀ ਜਾਵੇ। ਉਨਾਂ ਮੁਲਜ਼ਮਾਂ ਦੀ ਪਛਾਣ ਲਈ ਕੌਮੀ ਡੇਟਾਬੇਸ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ।

## ਸੀਬੀਆਈ ਨੇ ਹਾਥਰਸ ਕਾਂਡ ਬਲਾਤਕਾਰ ਕੇਸ ਦਰਜ

### ਲੜਕੀ ਦੇ ਭਰਾ ਵੱਲੋਂ ਦਰਜ ਕਰਵਾਈ ਐੱਫਆਈਆਰ ਨੂੰ ਬਣਾਇਆ ਆਧਾਰ

ਨਵੀਂਦਿੱਲੀ-ਸੀਬੀਆਈ ਨੇ ਉੱਤਰ ਪ੍ਰਦੇਸ਼ ਦੇ ਹਾਥਰਸ ਵਿੱਚ 14 ਸਤੰਬਰ ਨੂੰ ਦਲਿਤ ਲੜਕੀ ਨਾਲ ਹੋਏ ਕਥਿਤ ਸਮੂਹਿਕ ਜਬਰ ਜਨਾਹ ਤੇ ਮੌਤ ਦੇ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਹੈ ਅਤੇ ਇਸ ਸਬੰਧ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਬੀਤੇ ਦਿਨੀਂ ਆਈਪੀਸੀ ਗੈਂਗਰੇਪ ਅਤੇ ਕਤਲ ਨਾਲ ਸਬੰਧਿਤ ਧਾਰਾਵਾਂ ਨਾਲ ਸਬੰਧਿਤ ਐਫਆਈਆਰ ਦਰਜ ਕੀਤੀ ਹੈ। ਸੀਬੀਆਈ ਨੇ ਹਾਥਰਸ ਕਾਂਡ ਵਿਚ ਹੱਤਿਆ, ਸਮੂਹਿਕ ਜਬਰ ਜਨਾਹ, ਐੱਸਸੀ-ਐੱਸਟੀਐਕਟ ਅਤੇ ਜਾਨਲੇਵਾ ਹਮਲੇ ਸਮੇਤ ਹੋਰ ਧਾਰਾਵਾਂ ਵਿਚ ਕੇਸ ਦਰਜ ਕੀਤਾ ਹੈ ਅਤੇ ਹਾਥਰਸ ਪੁੱਜ ਕੇ ਜਾਂਚ ਵੀ ਪੁੱਜੇ ਕਰ ਦਿੱਤੀ ਹੈ। ਸੀਬੀਆਈ ਨੇ ਹਾਥਰਸ ਦੇ ਚੰਦਪਾ ਥਾਣੇ ਵਿਚ ਲੜਕੀ ਦੇ ਭਰਾ ਵੱਲੋਂ 14 ਸਤੰਬਰ ਨੂੰ ਦਰਜ ਕਰਾਈ ਗਈ ਐੱਫਆਈਆਰ ਨੂੰ ਹੀ ਆਪਣੇ ਕੇਸ ਦਾ ਆਧਾਰ ਬਣਾਇਆ ਹੈ। ਜਾਂਚ ਮਹਿਲਾ ਡਿਪਟੀ ਐੱਸ ਪੀ ਸੀਮਾ ਪਾਹੂਜਾ ਕਰਨਗੀ। ਸੀਬੀਆਈ ਨੇ ਐਤਵਾਰ ਨੂੰ ਹਾਥਰਸ ਪੁਲਿਸ ਤੋਂ ਐੱਫਆਈਆਰ ਤੇ ਦਸਤਾਵੇਜ਼ ਹਾਸਲ ਕੀਤੇ। ਸੂਬਾ ਸਰਕਾਰ ਨੇ ਦੋ ਅਕਤੂਬਰ ਨੂੰ ਹਾਥਰਸ ਕਾਂਡ ਦੀ ਸੀਬੀਆਈ ਜਾਂਚ ਕਰਵਾਉਣ ਦਾ ਫ਼ੈਸਲਾ ਕੀਤਾ ਸੀ, ਜਿਸਦੇ ਆਧਾਰ 'ਤੇ ਕੇਂਦਰੀਅਮਲਾ ਤੇ ਟ੍ਰੇਨਿੰਗ ਵਿਭਾਗ ਨੇ ਸ਼ਨੀਵਾਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਸੀਬੀਆਈ ਦੀ ਗਾਜੀਆਬਾਦ ਯੂਨਿਟ ਨੇ ਐਤਵਾਰ ਨੂੰ ਰੈਗੂਲਰ ਕੇਸ ਦਰਜ ਕੀਤਾ। ਜਾਂਚ ਟੀਮ ਲੜਕੀ ਦੇ ਪਰਿਵਾਰ ਅਤੇ ਹੋਰ ਪ੍ਰਤੱਖਦਰਸ਼ੀਆਂ ਦੇ ਬਿਆਨ ਵੀ ਦਰਜ ਕਰੇਗੀ।




# ਪਾਠਕਾਂ ਦਾ ਨਜ਼ਰੀਆ

**ਪੰਜਾਬ ਦੀ ਖ਼ੁਦਮੁਖ਼ਤਿਆਰੀ ਲਈ, ਜਾਤ-ਪਾਤ ਛੱਡੋ**

ਪੰਜਾਬ ਦੀ ਖ਼ੁਦਮੁਖ਼ਤਿਆਰੀ ਲਈ, ਜਾਤ-ਪਾਤ ਛੱਡੋ , ਮਨੂਵਾਦ , ਡੇਰਾਵਾਦ ਤਿਆਗੋ। ਗੁਰੂ ਹੁਕਮ ਸਮਾਜ ਵਿਚ ਲਾਗੂ ਕਰਕੇ ਸਾਂਝੀਵਾਲਤਾ ਦਾ ਸਮਾਜ ਸਿਰਜੋ। ਮੂਲ ਨਿਵਾਸੀਆਂ ਨੂੰ ਆਪਣੇ ਭਰਾ ਸਮਝੋ, ਹਿੰਦੂ ਭਾਈਚਾਰੇ ਨਾਲ ਰਾਬਤਾ ਕਾਇਮ ਕਰੋ। ਵਿਸ਼ਾਲ ਸੰਗਤ ਸੰਗਠਨ ਸਿਰਜੋ, ਜੋ ਗੁਰੂ ਨਾਨਕ ਸਾਹਿਬ ਦਾ ਮੀਡੀਆ ਚੈਨਲ ਸੀ। ਆਪਣੀ ਰਾਜਨੀਤੀ ਖੜੀ ਕਰੋ। ਪੰਜਾਬ ਦੇ ਭਵਿੱਖ ਦੇ ਵਾਰਸ ਬਣੋ। ਖ਼ਾਲਸਾ ਪੰਚਾਇਤਾਂ ਬਣਾ ਕੇ ਪਿੰਡਾ ਵਿਚ ਗਿਆਨੀ ਦਿਤ ਸਿੰਘ ਵਾਂਗ 'ਸਿੰਘ ਸਭਾ ਲਹਿਰ' ਚਲਾਓ। ਕਿਸੇ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਬਿਨਾਂ ਗੁਰੂ ਨਾ ਮੰਨੋ। ਸਾਡਾ ਪਾਤਸ਼ਾਹ (ਬਾਦਸ਼ਾਹ) ਤਖ਼ਤ ਚੰਵਰ ਛਤਰ ਦਾ ਮਾਲਕ ਗੁਰੂ ਗ੍ਰੰਥ ਸਾਹਿਬ ਹੈ। ਕਿਸਾਨੀ, ਦਰਿਆਈ ਤੇ ਪੰਜਾਬ ਮਸਲਿਆਂ ਦਾ ਹੱਲ ਰਾਜਾਂ ਦੀ ਖ਼ੁਦਮੁਖ਼ਤਿਆਰੀ ਹੈ ਜੋ ਅਨੰਦਪੁਰ ਮਤੇ ਵਿਚ ਲਿਖਿਆ ਹੈ। ਮੂਲ ਨਿਵਾਸੀ ਤੇ ਪੰਥਕ ਏਕਤਾ ਹੀ ਪੰਜਾਬ ਦੀ ਅਗਵਾਈ ਕਰ ਸਕੇਗੀ। ਮੁਸਲਮਾਨ ਅੱਗੇ ਹੀ ਸਿੱਖਾਂ ਦੇ ਨੇੜੇ ਹਨ। ਮੂਲ ਨਿਵਾਸੀ ਭਾਈਚਾਰੇ ਨੂੰ ਪੰਚਾਇਤੀ ਜ਼ਮੀਨਾਂ ਵੰਡਣ ਵਿਚ ਪੰਚਾਇਤਾਂ ਤੇ ਜੱਟ ਭਾਈਚਾਰਾ ਰੋਲ ਨਿਭਾਵੇ ਤਾਂ ਜੋ ਅਸੀਂ ਗੁਰੂਆਂ ਦੇ ਪੰਜਾਬ ਦੀ ਸਿਰਜਣਾ ਕਰਕੇ ਵਿਸ਼ਵ ਨੂੰ ਸੁਨੇਹਾ ਦੇ ਸਕੀਏ। ਗੁਰੂਆਂ ਦਾ ਸਮਾਜ ਸਿਰਜੇ ਬਿਨਾਂ ਅਸੀਂ ਕੋਈ ਸੰਘਰਸ਼ ਨਹੀਂ ਜਿੱਤ ਸਕਦੇ। ਜਿਨਾਂ ਨੂੰ ਜਾਤੀ ਦਾ ਅਭਿਮਾਨ ਹੈ ਉਹ ਗੁਰੂ ਸਾਹਿਬਾਨ ਦੇ ਦੁਸ਼ਮਣ ਮਨੂਵਾਦ ਦੇ ਸਿੱਖ ਹਨ। ਗੁਰੂ ਗ੍ਰੰਥ ਸਾਹਿਬ ਨੂੰ ਸਮਝਕੇ ਪੜੋ। ਅਸੀਂ ਬ੍ਰਾਹਮਣਵਾਦ ਦੇ ਭਵਜਲ ਵਿਚੋਂ ਪਾਰ ਲੰਘ ਸਕੀਏ । ਭਾਈ ਸਿੱਖੋ ਗੁਰੂ ਸਾਹਿਬ ਤੁਹਾਨੂੰ ਜੰਗ ਜਿੱਤਣ ਦਾ ਨੁਸਖ਼ਾ ਦਿੰਦੇ ਹਨ ਕਿ ਬ੍ਰਾਹਮਣਵਾਦ ਦੇ ਭਵਜਲ ਵਿਚੋਂ ਨਿਕਲਣ ਲਈ ਗੁਰੂ ਦੀ ਸ਼ਰਨ ਵਿਚ ਆਓ। ਇਹ ਖਾਰਾ ਭਵਜਲ ਸਮੁੰਦਰ ਮਨੂ ਸਿਮਰਤੀਆਂ ਅਧੀਨ ਉਸਰਿਆ ਸਿਸਟਮ ਹੈ ,ਜਿਸ ਵਿਚ ਜਨਮ ਜਨਮਾਂਤਰਾਂ ਦੀ ਮੈਲ ਹੈ ਜੋ ਤੁਹਾਡੇ ਮਨ ਨੂੰ ਮਲੀਨ ਕਰਦੀ ਹੈ।

"ਗੁਰੁ ਪਰਮੇਸਰੁ ਕਰਣੈਹਾਰੁ ॥ ਸਗਲ ਸ੍ਰਿਸਟਿ ਕਉ ਦੇ ਆਧਾਰੁ ॥1॥ ਗੁਰ ਕੇ ਚਰਣ ਕਮਲ ਮਨ ਧਿਆਇ ॥ ਦੂਖੁ ਦਰਦੁ ਇਸੁ ਤਨ ਤੇ ਜਾਇ ॥1॥ ਰਹਾਉ ॥ ਭਵਜਲਿ ਡੂਬਤ ਸਤਿਗੁਰੁ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥2॥ ਗੁਰ ਕੀ ਸੇਵਾ ਕਰਹੁ ਦਿਨੁ ਰਾਤਿ ॥ ਸੂਖ ਸਹਜ ਮਨਿ ਆਵੈ ਸਾਂਤਿ ॥3॥ ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥ ਨਾਨਕ ਗੁਰ ਕਉ ਸਦ ਬਲਿ ਜਾਵੈ ॥4॥16॥22॥ ਪੰਨਾ 741"

ਹੇ ਭਾਈ ਸਿੱਖਾ, ਗੁਰੂ ਦੇ ਸੋਹਣੇ ਕੋਮਲ ਚਰਨਾਂ ਦਾ ਧਿਆਨ ਧਰਿਆ ਕਰ (ਜਿਹੜਾ ਮਨੁੱਖ ਇਹ ਉੱਦਮ ਕਰਦਾ ਹੈ ਉਸ ਦੇ) ਇਸ ਸਰੀਰ ਤੋਂ ਹਰੇਕ ਕਿਸਮ ਦਾ ਦੁੱਖ-ਕਲੇਸ਼ ਦੂਰ ਹੋ ਜਾਂਦਾ ਹੈ।1।

ਹੇ ਭਾਈ ਸਿੱਖਾ! ਗੁਰੂ ਉਸ ਅਕਾਲ ਦਾ ਰੂਪ ਹੈ ਜਿਹੜਾ ਸਭ ਤੋਂ ਵੱਡਾ ਮਾਲਕ ਹੈ ਜਿਹੜਾ ਸਭ ਕੁਝ ਕਰ ਸਕਣ ਵਾਲਾ ਹੈ। ਗੁਰੂ ਸਾਰੀ ਸ੍ਰਿਸ਼ਟੀ ਨੂੰ ਆਸਰਾ ਦੇਂਦਾ ਹੈ।1।

ਹੇ ਭਾਈ ਸਿੱਖਾ! ਗੁਰੂ ਮਨੂਵਾਦੀ ਭਵਜਲ ਵਿਚ ਡੁੱਬਦਿਆਂ ਨੂੰ ਬਚਾ ਲੈਂਦਾ ਹੈ, ਅਨੇਕਾਂ ਜਨਮਾਂ ਤੋਂ (ਸਤਿਗੁਰੂ ਨਾਲੋਂ) ਟੁੱਟੇ ਹੋਏ ਮਨੁੱਖ ਨੂੰ ਜੀਵਨ ਮੁਕਤੀ ਦਿੰਦਾ ਹੈ।

ਹੇ ਭਾਈ ਸਿੱਖਾ! ਦਿਨ ਰਾਤ ਗੁਰੂ ਦੀ (ਦੱਸੀ ਹੋਈ) ਸੇਵਾ ਕਰਿਆ ਕਰੋ, ਹੁਕਮ ਮੰਨਿਆ ਕਰ, ਜਿਹੜਾ ਮਨੁੱਖ ਕਰਦਾ ਹੈ ਉਸ ਦੇ ਮਨ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ, ਆਤਮਕ ਅਡੋਲਤਾ ਦੇ ਅਨੰਦ ਪੈਦਾ ਹੋ ਜਾਂਦੇ ਹਨ।3। ਉਹ ਮਨੂਵਾਦੀ ਸਿਸਟਮ ਵਿਚ ਨਹੀਂ ਭਟਕਦਾ।

ਹੇ ਨਾਨਕ! ਕੋਈ ਵੱਡੇ ਭਾਗਾਂ ਵਾਲਾ ਮਨੁੱਖ ਗੁਰੂ ਦੀ ਚਰਨ-ਧੂੜ ਹਾਸਲ ਕਰਦਾ ਹੈ, (ਫਿਰ ਉਹ ਮਨੁੱਖ) ਗੁਰੂ ਤੋਂ ਸਦਾ ਸਦਕੇ ਜਾਂਦਾ ਹੈ।4।16।22। ਇਹੀ ਅਸਲ ਵਿਚ ਗੁਰੂ ਦਾ ਸਿੱਖ ਹੈ।

**ਪ੍ਰੋ.ਬਲਵਿੰਦਰਪਾਲ ਸਿੰਘ**

**ਖੇਤੀਬਾੜੀ ਖੇਤਰ ਹੀ ਅਰਥਚਾਰੇ ਦੀ ਗਿਰਾਵਟ ਵਿਚ ਥੰਮੀ ਬਣ ਸਕਦਾ**

ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਇਸ ਗਿਰਾਵਟ ਦੇ ਦੌਰ ਵਿਚ ਕੇਵਲ ਖੇਤੀਬਾੜੀ ਹੀ ਅਰਥਚਾਰੇ ਨੂੰ ਸਹਾਰਾ ਦੇ ਸਕਦੀ ਹੈ ਕਿਉਂਕਿ ਮਹਾਂਮਾਰੀ ਦੇ ਦੌਰ ਵਿੱਚ ਖੇਤੀਬਾੜੀ ਦਾ ਕੰਮ ਨਹੀਂ ਰੁਕਿਆ, ਜਦੋਂ ਕਿ ਬਾਕੀ ਸਾਰੇ ਖੇਤਰ ਜਾਮ ਹੋ ਗਏ ਸਨ। ਹੋਰਨਾ ਖੇਤਰਾਂ ਦੀ ਤਰਾਂ ਸਰਕਾਰ 'ਖੇਤੀਬਾੜੀ ਸੁਧਾਰਾਂ' ਦੇ ਨਾਂ ਥੱਲੇ ਆਰਥਿਕਤਾ ਦੇ ਇਸ ਅਹਿਮ ਖੇਤਰ ਨੂੰ ਵੀ ਨਿੱਜੀਕਰਨ ਅਤੇ ਖੁੱਲੀ ਮੰਡੀ ਦੇ ਸੰਕਲਪ ਅਧੀਨ ਵੱਡੇ ਵਪਾਰੀਆਂ, ਬਹੁਕੌਮੀ ਕੰਪਨੀਆਂ ਅਤੇ ਕਾਰਪੋਰੇਟਾਂ ਦੇ ਹਵਾਲੇ ਕਰਨ ਉੱਤੇ ਤੁਲੀ ਹੋਈ ਹੈ। ਹਾਲ ਹੀ ਵਿੱਚ ਪਹਿਲਾਂ ਤਿੰਨ ਆਰਡੀਨੈਂਸ ਜਾਰੀ ਕਰਨ ਤੇ ਫਿਰ ਇਨਾਂ ਸਬੰਧੀ ਬਿੱਲਾਂ ਨੂੰ ਸੰਸਦ ਵਿਚ ਪਾਸ ਕਰ ਕੇ ਪੱਕੇ ਕਾਨੂੰਨ ਬਣਾਉਣ ਵੱਲ ਕਦਮ ਵਧਾਉਣ ਦਾ ਇਹੋ ਮਨੋਰਥ ਹੈ। ਤਰਕ ਦਿੱਤਾ ਜਾ ਰਿਹਾ ਹੈ ਕਿ ਹੁਣ ਖੇਤੀ ਛੋਟੇ 2 ਤੋਂ 5 ਏਕੜ ਤੱਕ ਦੇ ਮਾਲਕਾਂ ਲਈ ਲਾਹੇਵੰਦ ਨਹੀਂ ਰਹੀ। ਇਸ ਲਈ ਉਨਾਂ ਨੂੰ ਬੇਦਖ਼ਲ ਕਰਕੇ ਸ਼ਹਿਰਾਂ ਵਿਚ ਮਜ਼ਦੂਰ ਬਣਾ ਦਿੱਤਾ ਜਾਵੇ। ਇਸ ਦੇ ਉਲਟ ਜੇ ਸਹਿਕਾਰੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਖੇਤੀ ਉਤਪਾਦਾਂ ਵਿੱਚ ਵਾਧਾ ਹੋਵੇਗਾ, ਖ਼ਰਚਿਆਂ ਵਿਚ ਕਮੀ ਆਵੇਗੀ ਅਤੇ ਰੁਜ਼ਗਾਰ ਦੇ ਸੋਮੇ ਜ਼ਿਆਦਾ ਪੈਦਾ ਹੋਣਗੇ। ਸਰਕਾਰ ਨੂੰ ਸਹਿਕਾਰੀ ਕਲਸਟਰ ਬਣਾ ਕੇ ਕਿਸਾਨਾਂ ਨੂੰ ਸਸਤੀ ਮਸ਼ੀਨਰੀ, ਦਵਾਈਆਂ ਅਤੇ ਸਸਤੀਆਂ ਖਾਧਾ ਸਪਲਾਈ ਕਰਨੀਆਂ ਚਾਹੀਦੀਆਂ ਹਨ। ਅਜੋਕੇ ਸਮੇਂ ਵਿੱਚ ਜਦੋਂ ਮਹਾਂਮਾਰੀ ਦੀ ਮਾਰ ਦੂਜੇ ਖੇਤਰਾਂ ਉੱਤੇ ਹੋਰ ਵਧੇਗੀ ਅਤੇ ਵਿਕਾਸ ਦਰ ਹੋਰ ਡਿੱਗਣ ਦਾ ਖ਼ਤਰਾ ਹੈ, ਤਾਂ ਕੇਵਲ ਖੇਤੀਬਾੜੀ ਖੇਤਰ ਹੀ ਅਰਥਚਾਰੇ ਦੀ ਗਿਰਾਵਟ ਵਿਚ ਥੰਮੀ ਬਣ ਸਕਦਾ ਹੈ। ਅਨਾਜ ਦੀ ਪੈਦਾਵਾਰ ਵਧਾਉਣ ਲਈ ਜ਼ਰੂਰੀ ਹੈ ਕਿ ਡਾ. ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਨੂੰ ਮੁਕੰਮਲ ਲਾਗੂ ਕੀਤਾ ਜਾਵੇ ਅਤੇ ਖੇਤੀਬਾੜੀ ਵਿੱਚ ਰਾਜਕੀ ਪੂੰਜੀ ਨਿਵੇਸ਼ ਵਧਾਇਆ ਜਾਵੇ।

**ਪਰੇਮ ਸਿੰਘ ਭੰਗੂ**

**ਅੰਧ ਵਿਸ਼ਵਾਸੀਆਂ ਦਾ ਕੋਈ ਧਰਮ ਨਹੀਂ ਹੁੰਦਾ**

ਅੱਜ ਦੇ ਆਧੁਨਿਕ ਬੋਧ ਵਾਲੇ ਦੌਰ ਵਿੱਚ ਵੀ ਅਖੌਤੀ ਬਾਬਿਆਂ ਤੇ ਡੇਰਾਵਾਦ ਦੀ ਚੜਤ ਵੇਖੀ ਜਾ ਸਕਦੀ ਹੈ। ਬੇਸ਼ੱਕ ਇਸਦੇ ਰਾਜਸੀ ਜਾਂ ਧਾਰਮਿਕ ਕਾਰਨ ਵੀ ਹੋ ਸਕਦੇ ਹਨ ਪ੍ਰੰਤੂ ਸਾਡੇ ਕੋਲ ਬਹੁਤ ਸਾਰੀਆਂ ਮਿਸਾਲਾਂ ਮੌਜੂਦ ਹਨ ਤੇ ਅਖ਼ਬਾਰਾਂ ਅਤੇ ਟੀ.ਵੀ ਤੋਂ ਖ਼ਬਰਾਂ ਮਿਲਦੀਆਂ ਹਨ ਕਿ ਇਹ ਆਪੂੰ ਸਜੇ ਗੁਰੂ, ਬਾਬੇ ਕਿਹੋ ਜਿਹੇ ਕੁਕਰਮ ਕਰਦੇ ਹਨ। ਜਿਸ ਇਸਤਰੀ ਲਈ ਗੁਰੂ ਨਾਨਕ ਨੇ 'ਸੋ ਕਿਉਂ ਮੰਦਾ ਆਖਿਐ, ਜਿਤੁ ਜੰਮੇ ਰਾਜਾਨੁ' ਉਚਾਰਿਆ, ਉਸੇ ਧਰਤੀ 'ਤੇ ਇਸਤਰੀ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਹੈ। ਬਾਲੜੀਆਂ ਨੂੰ ਵੀ ਬਖ਼ਸ਼ਿਆ ਨਹੀਂ ਜਾ ਰਿਹਾ। ਇਹ ਬਾਬੇ ਜਾਂ ਗੁਰੂ ਕਹਾਉਣ ਵਾਲੇ ਕਿਸੇ ਦਾ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਤਿਹਾਸ ਨੂੰ ਵੀ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ ਅਤੇ ਮਿਥਿਹਾਸ ਦੇ ਪੰਨਿਆਂ ਦਾ ਜ਼ਬਰਦਸਤੀ ਪਾਠ ਪੜਾਇਆ ਜਾ ਰਿਹਾ ਹੈ। ਅਸੀਂ ਚੌਹਾ ਤਰਫ ਦੇਖ ਰਹੇ ਹਾਂ ਕਿ ਤਰਕਸ਼ੀਲ ਅਤੇ ਵਿਗਿਆਨਕ ਸੋਚ ਦੇ ਧਾਰਨੀ ਵਿਅਕਤੀਆਂ ਦੇ ਕਿਵੇਂ ਰਾਹ ਰੋਕੇ ਜਾ ਰਹੇ ਹਨ। ਉਨਾਂ ਉੱਤੇ ਅੱਤਿਆਚਾਰ ਵੀ ਹੋ ਰਹੇ ਹਨ ਤੇ ਉਨਾਂ ਦੇ ਮੂੰਹ ਬੰਦ ਕਰਨ ਲਈ ਫ਼ਿਰਕੂ ਅਨਸਰ ਕਤਲ ਕਰਨ ਤਕ ਜਾਂਦੇ ਹਨ। ਇਸ ਆਧੁਨਿਕ ਤੇ ਵਿਗਿਆਨਕ ਦੌਰ ਵਿੱਚ ਸਿਆਸੀ ਆਗੂ ਆਪਣੀਆਂ ਮਨਮਾਨੀਆਂ ਤਾਂ ਕਰਦੇ ਹੀ ਹਨ, ਬਲਕਿ ਭਾਰਤ ਵਰਸ਼ ਨੂੰ ਫ਼ਿਰਕੂ ਰੰਗ ਦੇ ਕੇ ਆਪਣੇ ਹਿਤਾਂ ਦੀ ਪੂਰਤੀ ਵੀ ਕਰਦੇ ਹਨ। ਅੰਧ ਵਿਸ਼ਵਾਸਾਂ ਦੇ ਖ਼ਾਤਮੇ ਲਈ ਕਾਨੂੰਨ ਬਣਨੇ ਜ਼ਰੂਰੀ ਹਨ ਪਰ ਇਸ ਤੋਂ ਵੀ ਪਰੇ ਜਾਂਦਿਆਂ ਮਨੁੱਖਤਾ ਨੂੰ ਜਾਗਰੂਕ ਕਰਨ ਦੀ ਲੋੜ ਹੈ। ਲੇਕਿਨ ਇਹ ਤਦ ਹੀ ਸੰਭਵ ਹੋ ਸਕੇਗਾ ਜੇਕਰ ਵਿਗਿਆਨਕ ਸੋਚ ਨੂੰ ਪ੍ਰਣਾਲੀਆਂ ਲਿਖਤਾਂ ਤੇ ਸਾਹਿਤ ਸਿਲੇਬਸ ਦਾ ਹਿੱਸਾ ਬਣਨ। ਵਹਿਮ ਭਰਮ ਉਪਜਾਉਂਦੇ ਟੀ.ਵੀ ਸੀਰੀਅਲਾਂ ਅਤੇ ਫ਼ਿਲਮਾਂ ਉੱਪਰ ਵੀ ਰੋਕ ਲੱਗੇ। ਫੋਕੀਆਂ ਦਲੀਲਾਂ, ਅਪੀਲਾਂ ਜਾਂ ਚੰਦ ਬੰਦਿਆਂ ਲਈ ਸੈਮੀਨਾਰ ਹੀ ਕਾਫ਼ੀ ਨਹੀਂ, ਜਨ ਸਮੂਹ ਦੀ ਬਿਹਤਰੀ ਲਈ ਵੱਡੇ ਉਪਰਾਲੇ ਕਰਨੇ ਹੋਣਗੇ ਅਤੇ ਇਹ ਚੰਗਿਆਈ ਦਾ ਕੰਮ ਤੁਸੀਂ ਖ਼ੁਦ ਕਿਉਂ ਨਹੀਂ ਅਰੰਭ ਕਰਦੇ, ਕੀ ਇਸ ਲਈ ਕਿਸੇ ਦੀ ਸਹਿਮਤੀ ਦੀ ਉਡੀਕ ਪਏ ਕਰਦੇ ਹੋ ?

**ਸੁਖਮਿੰਦਰ ਸੇਖੋਂ**

**ਟੀਆਰਪੀ ਦਾ ਗੋਰਖਧੰਦਾ ਤੇ ਭਾਰਤੀ ਚੈਨਲ**

ਅੱਜ ਕਿਸੇ ਵੀ ਚੈਨਲ ਦੀ ਲੋਕਪ੍ਰਿਯਤਾ ਮਾਪਣ ਦਾ ਸਭ ਤੋਂ ਵਧੀਆ ਮਾਪਦੰਡ ਟੀਆਰਪੀ (ਟੈਲੀਵਿਜ਼ਨ ਰੇਟਿੰਗ ਪੁਆਇੰਟ) ਬਣ ਚੁੱਕੀ ਹੈ। ਟੀਆਰਪੀ ਵਧਾਉਣ ਲਈ ਹਰ ਤਰਾਂ ਦੇ ਘਟੀਆ ਤੌਰ-ਤਰੀਕੇ ਅਪਣਾਏ ਜਾ ਰਹੇ ਹਨ। ਕੁਝ ਦਿਨ ਪਹਿਲਾਂ ਹੀ ਮੁੰਬਈ ਪੁਲਿਸ ਨੇ ਤਿੰਨ ਨਿਊਜ਼ ਚੈਨਲਾਂ ਵਿਰੁੱਧ ਕਾਰਵਾਈ ਕਰ ਕੇ ਇਸ ਕਾਲੇ ਧੰਦੇ ਦਾ ਪਰਦਾਫਾਸ਼ ਕੀਤਾ ਹੈ। ਨਿਊਜ਼ ਚੈਨਲਾਂ ਦੀ ਇੰਨੀ ਭਰਮਾਰ ਹੋ ਗਈ ਹੈ ਕਿ ਉਨਾਂ ਵਿਚ ਸਰਕਾਰੀ ਸਰਪ੍ਰਸਤੀ ਅਤੇ ਵੱਧ ਤੋਂ ਵੱਧ ਇਸ਼ਤਿਹਾਰ ਹਾਸਲ ਕਰਨ ਲਈ ਗਲਾ ਵੱਢ ਮੁਕਾਬਲਾ ਚੱਲ ਰਿਹਾ ਹੈ। ਜਿਸ ਚੈਨਲ ਦੀ ਟੀਆਰਪੀ ਵੱਧ ਹੋਵੇ, ਉਹ ਇਸ਼ਤਿਹਾਰ ਵਿਖਾਉਣ ਦੇ ਮੂੰਹ ਮੰਗੇ ਪੈਸੇ ਲੈਣ ਦਾ ਹੱਕਦਾਰ ਹੋ ਜਾਂਦਾ ਹੈ। ਸਰਕਾਰਾਂ ਵੀ ਅਜਿਹੇ ਚੈਨਲਾਂ ਨੂੰ ਹੀ ਦੋ ਨੰਬਰ ਦੇ ਪੈਸੇ ਅਤੇ ਇਸ਼ਤਿਹਾਰ ਦਿੰਦੀਆਂ ਹਨ ਤਾਂ ਜੋ ਉਨਾਂ ਦੀਆਂ ਅਸਫਲਤਾਵਾਂ ਵੱਲੋਂ ਜਨਤਾ ਦਾ ਧਿਆਨ ਹਟਿਆ ਰਹੇ।

ਜੋ ਰਾਜਨੀਤਕ ਪਾਰਟੀ ਵੱਧ ਪੈਸੇ ਦੇਵੇ, ਚੈਨਲ ਸਿਰਫ਼ ਉਸ ਦੇ ਹੱਕ ਵਿਚ ਬੋਲਦੇ ਹਨ। ਇਸੇ ਕਾਰਨ ਹੀ ਚੀਨ ਸੰਕਟ, ਕੋਰੋਨਾ ਮਹਾਮਾਰੀ, ਬੇਰੁਜ਼ਗਾਰੀ, ਗਰੀਬੀ, ਕਿਸਾਨ ਅੰਦੋਲਨ, ਫਿਰਕਾਪ੍ਰਸਤੀ ਅਤੇ ਘਟਦੀ ਜਾ ਰਹੀ ਜੀਐੱਸਟੀ ਤੋਂ ਜਨਤਾ ਦਾ ਧਿਆਨ ਹਟਾਉਣ ਲਈ ਚੈਨਲਾਂ ਵੱਲੋਂ ਸੁਸ਼ਾਂਤ ਆਤ ਮਹੱਤਿਆ ਅਤੇ ਰੀਆ ਚੱਕਰਵਰਤੀ ਡਰੱਗ ਕਾਂਡ ਆਦਿ ਦੀਆਂ ਬੇ-ਸਿਰ-ਪੈਰ ਦੀਆਂ ਖ਼ਬਰਾਂ ਅਤੇ ਪ੍ਰੋਗਰਾਮ ਸਰੋਤਿਆਂ ਨੂੰ ਪਰੋਸੇ ਜਾ ਰਹੇ ਹਨ। ਸਰਕਾਰਾਂ ਹਿਟਲਰ ਦੇ ਪ੍ਰਚਾਰ ਮੰਤਰੀ ਗੋਬਲਜ਼ ਦੇ ਕਥਨ ਅਨੁਸਾਰ ਚੱਲ ਰਹੀਆਂ ਹਨ ਕਿ ਜੇ ਇਕ ਝੂਠ ਨੂੰ ਸੌ ਵਾਰ ਬੋਲਿਆ ਜਾਵੇ ਤਾਂ ਉਹ ਸੱਚ ਬਣ ਜਾਂਦਾ ਹੈ। ਅੱਜ ਨਿਊਜ਼ ਚੈਨਲ ਸਭ ਤੋਂ ਵੱਧ ਲਾਹੇਵੰਦ ਧੰਦਾ ਬਣ ਚੁੱਕਾ ਹੈ। ਜਿਹੜਾ ਵੀ ਐਂਕਰ ਸਟਾਰ ਬਣ ਜਾਂਦਾ ਹੈ, ਉਹ ਕੁਝ ਦਿਨਾਂ ਵਿਚ ਹੀ ਆਪਣਾ ਨਿਊਜ਼ ਚੈਨਲ ਖੋਲ ਲੈਂਦਾ ਹੈ। ਸੁਣ ਕੇ ਹੈਰਾਨੀ ਹੋਵੇਗੀ ਕਿ ਸਟਾਰ ਐਂਕਰਾਂ ਦੀ ਇਕ ਮਹੀਨੇ ਦੀ ਤਨਖਾਹ ਇਕ ਲੱਖ ਤੋਂ ਲੈ ਕੇ ਦਸ ਲੱਖ ਰੁਪਏ ਤੱਕ ਹੈ। ਕਈ ਸਟਾਰ ਐਂਕਰਾਂ ਦੇ ਖ਼ਿਲਾਫ਼ ਮਸ਼ਹੂਰ ਲੋਕਾਂ ਨੂੰ ਬਦਨਾਮ ਕਰਨ ਵਾਲੀਆਂ ਖ਼ਬਰਾਂ ਚਲਾਉਣ ਦੀ ਧਮਕੀ ਦੇ ਕੇ ਫਿਰੌਤੀ ਮੰਗਣ ਦੇ ਮੁਕੱਦਮੇ ਦਰਜ ਹੋ ਚੁੱਕੇ ਹਨ।

ਇਕ ਸਟਿੰਗ ਆਪ੍ਰੇਸ਼ਨ ਦੌਰਾਨ ਹਰਿਆਣੇ ਦੇ ਇਕ ਸਾਬਕਾ ਉਦਯੋਗਪਤੀ ਸੰਸਦ ਮੈਂਬਰ ਕੋਲੋਂ ਕਰੋੜਾਂ ਦੀ ਫਿਰੌਤੀ ਮੰਗਣ ਗਏ ਦੋ ਐਂਕਰ ਗ੍ਰਿਫ਼ਤਾਰ ਹੋਏ ਸਨ। ਕਈ ਨਿਊਜ਼ ਚੈਨਲ ਤਾਂ ਐਨੇ ਪ੍ਰਸਿੱਧ ਹੋ ਗਏ ਹਨ ਕਿ ਇਨਾਂ ਨੇ 'ਸਾਸ ਬਹੂ' ਵਾਲੇ ਚੈਨਲਾਂ ਨੂੰ ਕਿਤੇ ਪਿੱਛੇ ਛੱਡ ਦਿੱਤਾ ਹੈ।

ਸਰਕਾਰਾਂ ਨੂੰ ਬਲੈਕਮੇਲ ਕਰਨ ਅਤੇ ਆਪਣੇ ਜਾਇਜ਼-ਨਾਜਾਇਜ਼ ਧੰਦੇ ਸ਼ਰੇਆਮ ਚਲਾਉਣ ਖ਼ਾਤਰ ਕਈ ਵੱਡੇ ਉਦਯੋਗਿਕ ਘਰਾਣੇ ਆਪਣੇ ਨਿਊਜ਼ ਚੈਨਲ ਸ਼ੁਰੂ ਕਰ ਰਹੇ ਹਨ। ਸਨਸਨੀਖੇਜ਼ ਖ਼ਬਰ ਸਾਰਾ ਦਿਨ ਲਗਾਤਾਰ ਚਲਾਈ ਜਾਂਦੀ ਹੈ ਤਾਂ ਜੋ ਕਿਸੇ ਖ਼ਾਸ ਰਾਜਨੀਤਕ ਪਾਰਟੀ ਜਾਂ ਸੰਸਥਾ ਦੇ ਖ਼ਿਲਾਫ਼ ਜਾਂ ਹੱਕ ਵਿਚ ਲੋਕ ਰਾਇ ਤਿਆਰ ਕੀਤੀ ਜਾ ਸਕੇ।

ਜਦੋਂ ਭਾਰਤ ਵਿਚ ਕੋਰੋਨਾ ਦੀ ਸ਼ੁਰੂਆਤ ਹੋਈ ਸੀ ਤਾਂ ਸਾਰੇ ਭਾਰਤੀਆਂ ਨੂੰ ਇਹ ਗੱਲ ਜਚਾ ਦਿੱਤੀ ਗਈ ਸੀ ਕਿ ਇਸ ਦਾ ਇੱਕੋ-ਇਕ ਕਾਰਨ ਕੋਈ ਖ਼ਾਸ ਜਮਾਤ ਹੈ। ਇਸ ਦਾ ਅਸਰ ਇਹ ਹੋਇਆ ਸੀ ਕਿ ਯੂਪੀ-ਬਿਹਾਰ ਦੇ ਕਈ ਸ਼ਹਿਰਾਂ 'ਚ ਬਹੁ-ਗਿਣਤੀ ਦੇ ਮੁਹੱਲਿਆਂ ਵਿਚ ਇਕ ਖ਼ਾਸ ਘੱਟ-ਗਿਣਤੀ ਨਾਲ ਸਬੰਧਤ ਸਬਜ਼ੀ ਵੇਚਣ ਵਾਲਿਆਂ ਤਕ ਦੀ ਐਂਟਰੀ ਬੰਦ ਕਰ ਦਿੱਤੀ ਗਈ ਸੀ ਅਤੇ ਕਈ ਥਾਈਂ ਕੁੱਟਮਾਰ ਵੀ ਹੋਈ ਸੀ।

ਟੀਆਰਪੀ ਵਧਾਉਣ ਵਾਸਤੇ ਐਂਕਰ ਕਿਸੇ ਮੁੰਬਈਆ ਹੀਰੋ- ਹੀਰੋਇਨ ਵਾਂਗ ਸਜ-ਸੰਵਰ ਕੇ ਕੈਮਰੇ ਦੇ ਸਾਹਮਣੇ ਆਉਂਦੇ ਹਨ। ਵਾਰਦਾਤ ਵਾਲੀ ਜਗਾ 'ਤੇ ਗਏ ਰਿਪੋਰਟਰ ਕੈਮਰੇ ਸਾਹਮਣੇ ਆਰਾਮ ਨਾਲ ਖੜ ਕੇ ਬੋਲਣ ਦੀ ਬਜਾਏ ਟਪੂਸੀਆਂ ਮਾਰ ਕੇ ਘਟਨਾ ਨੂੰ ਵੱਧ ਤੋਂ ਵੱਧ ਸਨਸਨੀਖੇਜ਼ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਹਾਥਰਸ ਕਾਂਡ ਦੀ ਰਿਪੋਰਟਿੰਗ ਵੇਲੇ ਤਾਂ ਅੱਤ ਦੀਆਂ ਹਾਸੋਹੀਣੀਆਂ ਹਰਕਤਾਂ ਕੀਤੀਆਂ ਗਈਆਂ ਸਨ। ਇਕ ਅੱਤ ਦੇ ਇਕਪਾਸੜ ਰਾਜਨੀਤਕ ਚੈਨਲ ਦੀ ਐਂਕਰ ਪੀੜਤ ਲੜਕੀ ਦੇ ਘਰ ਪਹੁੰਚਣ ਲਈ ਪੀਟੀ ਊਸ਼ਾ ਨਾਲੋਂ ਵੀ ਜ਼ਿਆਦਾ ਤੇਜ਼ੀ ਨਾਲ ਦੌੜ ਰਹੀ ਸੀ।

ਬਹਿਸ ਦੌਰਾਨ ਐਂਕਰ ਉਨਾਂ ਨਾਲ ਇਸ ਤਰਾਂ ਝਗੜਦੇ ਹਨ ਜਿਵੇਂ ਭਾਰਤ ਦੀ ਸਭ ਤੋਂ ਵੱਧ ਫਿਕਰ ਉਨਾਂ ਨੂੰ ਹੀ ਹੁੰਦੀ ਹੈ। ਜਦੋਂ ਵੀ ਬਹਿਸ 'ਚ ਹਿੱਸਾ ਲੈਣ ਵਾਲਾ ਕੋਈ ਸਿਆਣਾ ਵਿਅਕਤੀ ਸਮੇਂ ਦੀ ਸਰਕਾਰ ਦੇ ਪੋਲ ਖੋਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਐਂਕਰ ਉਸ ਨੂੰ ਟੋਕ ਕੇ ਆਪਣੇ ਮੁਤਾਬਕ ਚਲਾਉਣ ਦੀ ਕੋਸ਼ਿਸ਼ ਕਰਦਾ ਹੈ।

ਜੇ ਉਹ ਫਿਰ ਵੀ ਨਹੀਂ ਹਟਦਾ ਤਾਂ ਸਮਾਂ ਘੱਟ ਹੋਣ ਦਾ ਬਹਾਨਾ ਬਣਾ ਕੇ ਇਸ਼ਤਿਹਾਰ ਚਲਾ ਦਿੱਤਾ ਜਾਂਦਾ ਹੈ। ਨੌਂ ਅਕਤੂਬਰ ਨੂੰ ਇਕ ਚੈਨਲ ਵਾਲੇ ਨਾਰਕੋਟਿਕ ਬਿਊਰੋ ਕੋਲ ਪੇਸ਼ੀ ਭੁਗਤ ਕੇ ਵਾਪਸ ਜਾ ਰਹੀ ਦੀਪਿਕਾ ਪਾਦੂਕੋਣ ਦੀ ਕਾਰ ਦਾ ਪਿੱਛਾ ਕਰ ਰਹੇ ਸਨ। ਸਿਰਫ ਟੀਆਰਪੀ ਵਧਾਉਣ ਲਈ ਮੋਟਰਸਾਈਕਲ 'ਤੇ ਬੈਠਾ ਪੱਤਰਕਾਰ ਤੇਜ਼ ਰਫ਼ਤਾਰ ਨਾਲ ਜਾ ਰਹੀ ਬੰਦ ਸ਼ੀਸ਼ਿਆਂ ਵਾਲੀ ਕਾਰ ਨਾਲ ਮੋਟਰਸਾਈਕਲ ਲਗਾ ਕੇ ਅਹਿਮਕਾਨਾ ਸਵਾਲ ਪੁੱਛ ਰਿਹਾ ਸੀ। ਉਹ ਪੱਛਮੀ ਦੇਸ਼ਾਂ ਦੇ ਪੈਪਰਾਜ਼ੀਆਂ (ਵੀਆਈਪੀ ਦਾ ਅਣ-ਅਧਿਕਾਰਤ ਪਿੱਛਾ ਕਰਨ ਵਾਲੇ ਪੀਲੇ ਪੱਤਰਕਾਰ) ਵਰਗਾ ਵਿਹਾਰ ਕਰ ਰਿਹਾ ਸੀ ਜਿਨਾਂ ਕਾਰਨ ਕਾਰ ਹਾਦਸੇ 'ਚ ਇੰਗਲੈਂਡ ਦੀ ਰਾਜਕੁਮਾਰੀ ਡਾਇਨਾ ਦੀ ਮੌਤ ਹੋ ਗਈ ਸੀ।

ਟੀਆਰਪੀ ਵਧਾਉਣ ਦਾ ਜਿਹੜਾ ਸਭ ਤੋਂ ਨਵੀਨ ਤਰੀਕਾ ਸਾਹਮਣੇ ਆਇਆ ਹੈ, ਉਹ ਹੈ ਪੀਪਲਜ਼ ਮੀਟਰਾਂ ਨੂੰ ਹੈਕ ਕਰਨਾ। ਜਿਸ ਵੀ ਵਿਅਕਤੀ ਦੇ ਘਰ ਪੀਪਲਜ਼ ਮੀਟਰ ਲੱਗਾ ਹੁੰਦਾ ਹੈ, ਉਸ ਨੂੰ ਪੈਸੇ ਦੇ ਕੇ ਕਿਹਾ ਜਾਂਦਾ ਹੈ ਕਿ ਉਹ ਦਿਨ ਵਿਚ ਘੱਟੋ-ਘੱਟ ਦੋ-ਚਾਰ ਘੰਟੇ ਉਨਾਂ ਦਾ ਚੈਨਲ ਜ਼ਰੂਰ ਵੇਖੇ। ਪੀਪਲਜ਼ ਮੀਟਰ ਜਾਂ ਜਨਤਾ ਦੇ ਮੀਟਰ ਦੀ ਖੋਜ ਏਜੰਸੀ (ਆਡਿਟਸ ਆਫ ਗ੍ਰੇਟ ਬ੍ਰਿਟੇਨ) ਨਾਮਕ ਕੰਪਨੀ ਨੇ ਕੀਤੀ ਸੀ ਅਤੇ ਇਹ ਇਸ ਵੇਲੇ ਭਾਰਤ, ਅਮਰੀਕਾ ਅਤੇ ਇੰਗਲੈਂਡ ਸਮੇਤ 34 ਦੇਸ਼ਾਂ ਵਿਚ ਕੰਮ ਰਿਹਾ ਹੈ। ਇਸ ਅਧੀਨ ਖਪਤਕਾਰ ਦੀ ਮਰਜ਼ੀ ਨਾਲ ਡੀਟੀਐੱਚ ਕੇਬਲ ਨਾਲ ਇਕ ਕਿਤਾਬ ਦੇ ਆਕਾਰ ਦਾ ਬਕਸਾ ਫਿੱਟ ਕਰ ਦਿੱਤਾ ਜਾਂਦਾ ਹੈ ਜਿਸ ਲਈ ਖਪਤਕਾਰ ਨੂੰ ਕੁਝ ਰਕਮ ਮਿਲਦੀ ਹੈ। ਇਕੱਲੇ ਮੁੰਬਈ ਵਿਚ ਹੀ ਅਜਿਹੇ 20000 ਬਕਸੇ ਫਿੱਟ ਕੀਤੇ ਗਏ ਹਨ। ਭਾਰਤ ਭਰ ਵਿਚ ਇਹ ਗਿਣਤੀ ਲੱਖਾਂ ਵਿਚ ਹੈ। ਭਾਰਤ ਵਿਚ ਇਸ ਨੂੰ ਬੀਏਆਰਸੀ ਕੰਪਨੀ (ਬ੍ਰਾਡਕਾਸਟ ਔਡੀਐਂਸ ਰਿਸਰਚ ਕੌਂਸਲ) ਚਲਾ ਰਹੀ ਹੈ ਜਿਸ ਦੇ ਸਰਵਰ 'ਚ ਇਹ ਡਾਟਾ ਇਕੱਠਾ ਹੁੰਦਾ ਹੈ ਅਤੇ ਇਸ ਨੂੰ ਗੁਪਤ ਰੱਖਿਆ ਜਾਂਦਾ ਹੈ। ਇਸ ਡਾਟੇ ਤੋਂ ਪਤਾ ਲੱਗਦਾ ਹੈ ਕਿ ਕਿਸ ਚੈਨਲ ਨੂੰ ਕਿੰਨੇ ਸਰੋਤੇ ਮਿਲ ਰਹੇ ਹਨ। ਬੀਏਆਰਸੀ ਨੇ ਮੀਟਰ ਲਗਾਉਣ ਦੀ ਜ਼ਿੰਮੇਵਾਰੀ ਅੱਗੇ ਹੰਸਾ ਨਾਮਕ ਕੰਪਨੀ ਨੂੰ ਸੌਂਪੀ ਹੋਈ ਹੈ।

ਪੀਲੀ ਪੱਤਰਕਾਰੀ ਕਰਨ ਵਾਲੇ ਕੁਝ ਨਿਊਜ਼ ਚੈਨਲਾਂ ਨੇ ਬੀਏਆਰਸੀ ਅਤੇ ਹੰਸਾ ਕੰਪਨੀ ਨੇ ਕਰਮਚਾਰੀਆਂ ਨਾਲ ਮਿਲ ਕੇ ਅਜਿਹੇ ਸਰੋਤਿਆਂ ਦੀਆਂ ਲਿਸਟਾਂ ਪ੍ਰਾਪਤ ਕਰ ਲਈਆਂ ਹਨ। ਖ਼ਾਸ ਚੈਨਲ ਵੇਖਣ ਲਈ ਸਰੋਤੇ ਨੂੰ ਡੀਟੀਐੱਚ ਅਤੇ ਘਰੇਲੂ ਬਿਜਲੀ ਦੇ ਬਿੱਲ ਸਮੇਤ 2000 ਤਕ ਦੀ ਰਕਮ ਦਿੱਤੀ ਜਾਂਦੀ ਹੈ। ਉਸ ਨੂੰ ਕਿਹਾ ਜਾਂਦਾ ਹੈ ਕਿ ਜੇ ਉਹ ਘਰ ਨਾ ਵੀ ਹੋਵੇ ਤਾਂ ਵੀ ਉਨਾਂ ਦਾ ਚੈਨਲ ਲਗਾ ਕੇ ਟੀ ਵੀ ਨੂੰ ਚੱਲਦਾ ਰਹਿਣ ਦੇਵੇ। ਮੁੰਬਈ ਪੁਲਿਸ ਨੇ ਅਜਿਹੇ ਦਰਜਨਾਂ ਸਰੋਤਿਆਂ ਨੇ ਬਿਆਨ ਦਰਜ ਕੀਤੇ ਹਨ ਅਤੇ ਤਫ਼ਤੀਸ਼ ਜਾਰੀ ਹੈ। ਕੁਝ ਦਿਨਾਂ ਬਾਅਦ ਪਤਾ ਲੱਗੇਗਾ ਕਿ ਇਸ ਹਮਾਮ ਵਿਚ ਕੌਣ-ਕੌਣ ਨੰਗਾ ਹੈ।

ਸਿਰਫ਼ ਚੈਨਲ ਹੀ ਨਹੀਂ, ਫਿਲਮ ਸਟਾਰ, ਗਾਇਕ ਅਤੇ ਰਾਜਨੀਤਕ ਪਾਰਟੀਆਂ ਵੀ ਟੀਆਰਪੀ ਵਧਾਉਣ ਲਈ ਪੇਸ਼ੇਵਰ ਕੰਪਨੀਆਂ ਦਾ ਸਹਾਰਾ ਲੈਂਦੀਆਂ ਹਨ। ਇਸ ਕੰਮ ਵਿਚ ਰਾਜਨੀਤਕ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦਾ ਨਾਂ ਸਭ ਤੋਂ ਉੱਪਰ ਹੈ। ਉਸ ਨੇ ਸਿਆਸੀ ਚਾਲਬਾਜ਼ੀਆਂ ਖੇਡ ਕੇ ਕਈ ਸੂਬਿਆਂ ਵਿਚ ਮਨਚਾਹੀਆਂ ਸਰਕਾਰਾਂ ਬਣਵਾਈਆਂ ਹਨ।

ਇਸੇ ਤਰਾਂ ਕਈ ਪੰਜਾਬੀ ਗਾਇਕਾਂ ਬਾਰੇ ਵੀ ਰੌਲਾ ਪਿਆ ਹੈ ਕਿ ਉਹ ਯੂ-ਟਿਊਬ 'ਤੇ ਗਾਣਾ ਰਿਲੀਜ਼ ਕਰ ਕੇ ਆਪਣੇ ਬੰਦਿਆਂ ਕੋਲੋਂ ਲਾਈਕ ਅਤੇ ਡਾਊਨਲੋਡ ਕਰਵਾਉਂਦੇ ਹਨ ਤਾਂ ਜੋ ਲੋਕ ਸਮਝਣ ਕਿ ਗਾਣਾ ਸੁਪਰਹਿੱਟ ਹੈ ਪਰ ਅਸਲੀ ਤੇ ਨਕਲੀ ਦਾ ਫ਼ਰਕ ਤਾਂ ਹੁੰਦਾ ਹੀ ਹੈ।

ਨਿਊਜ਼ ਚੈਨਲਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਹੋਛੇ ਹਥਿਆਰ ਵਰਤਣ ਦੀ ਬਜਾਏ ਆਪਣਾ ਮਿਆਰ ਠੀਕ ਕਰਨ ਤਾਂ ਜੋ ਸਰੋਤੇ ਆਪਣੇ-ਆਪ ਉਨਾਂ ਨਾਲ ਜੁੜਨ। ਪਹਿਲਾਂ ਸਾਰੇ ਚੈਨਲ ਫ੍ਰੀ ਹੁੰਦੇ ਸਨ। ਫਿਰ ਚੈਨਲ ਵੇਖਣ ਲਈ ਪੈਸੇ ਦੇਣੇ ਪੈਣ ਲੱਗੇ ਅਤੇ ਹੁਣ ਟੀਆਰਪੀ ਦੇ ਚੱਕਰ 'ਚ ਚੈਨਲ ਵੇਖਣ ਲਈ ਪੈਸੇ ਮਿਲਦੇ ਹਨ।

**ਬਲਰਾਜ ਸਿੰਘ ਸਿੱਧੂ ਐੱਸਪੀ**
ਮੋਬਾਈਲ ਨੰ. : 95011-00062

# ਜਿਹਨਾ ’ਤੇ ਮਾਣ ਪੰਜਾਬੀਆਂ ਨੂੰ



- ਗੁਰਮੀਤ ਸਿੰਘ ਪਲਾਹੀ
9815802070

ਇਹ ਕਿਹਾ ਜਾਂਦਾ ਹੈ ਕਿ 1899 ਈਸਵੀ ਤੋਂ 1920 ਈਸਵੀ ਤੱਕ 7348 ਏਸ਼ੀਅਨ, ਭਾਰਤੀ, ਅਮਰੀਕਾ ਤੇ ਕੈਨੇਡਾ ਦੀ ਧਰਤੀ ਉਤੇ ਪੁੱਜੇ ਸਨ। ਇਹਨਾ ਵਿਚੋਂ ਵੱਡੀ ਗਿਣਤੀ ਕਿਸਾਨਾਂ ਦੀ ਸੀ। ਇਹਨਾ ਵਿਚੋਂ ਕੁਝ ਇਕ ਨੇ ਆਪਣੀ ਰੋਜ਼ੀ ਰੋਟੀ ਲਈ ਕੈਨੇਡਾ ਦੀਆਂ “ਆਰਾ ਮਿੱਲਾਂ“ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਪਰ ਬਹੁਤਿਆਂ ਨੇ ਖੇਤੀ ਨੂੰ ਆਪਣੇ ਰੁਜ਼ਗਾਰ ਦਾ ਸਾਧਨ ਬਣਾਇਆ। ਇਸ ਕਿੱਤੇ ’ਚ ਮੁਹਾਰਤ ਹਾਸਲ ਹੋਣ ਕਾਰਨ ਇਹਨਾ ਵਿਚੋਂ ਕੁਝ ਇੱਕ ਨੇ ਵੱਡੀ ਪ੍ਰਾਪਤੀਆਂ ਕੀਤੀਆਂ ਅਤੇ ਅੱਜ ਖੇਤੀ ਜਾਂ ਖੇਤੀ ਨਾਲ ਸਬੰਧਤ ਕਿੱਤਿਆਂ ’ਚ ਸਿਖ਼ਰਾਂ ਛੋਹ ਰਹੇ ਹਨ।

### ਆੜੂਆਂ ਦਾ ਬਾਦਸ਼ਾਹ- ਦੀਦਾਰ ਸਿੰਘ ਬੈਂਸ



ਜੇਬ ਵਿੱਚ 8 ਡਾਲਰ ਲੈ ਕੇ ਦੀਦਾਰ ਸਿੰਘ ਬੈਂਸ ਇਹ ਸੁਪਨਾ ਸੰਜੋਕੇ ਅਮਰੀਕਾ ’ਚ ਪੁੱਜਾ ਸੀ ਕਿ ਡਾਲਰ ਦਰਖ਼ਤਾਂ ਨਾਲ ਲੱਗਦੇ ਹਨ। ਇਸੇ ਸੁਪਨੇ ਦੀ ਪੂਰਤੀ ਲਈ ਤੱਕੜੇ ਜੁੱਸੇ ਵਾਲੇ ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਨੰਗਲ ਖੁਰਦ ਦਾ ਰਹਿਣ ਵਾਲੇ “ਬੈਂਸ“ ਨੇ ਕਈ ਸਾਲ ਦਿਨ-ਰਾਤ ਮਜ਼ਦੂਰੀ ਕੀਤੀ, ਸਥਾਨਕ ਜ਼ਿੰਮੀਦਾਰਾਂ ਦੇ ਖੇਤਾਂ ’ਚ ਟ੍ਰੈਕਟਰ ਚਲਾਇਆ, ਇਕੱਲੇ ਨੇ ਚਾਰ-ਚਾਰ ਬੰਦਿਆਂ ਜਿੰਨਾ ਕੰਮ ਕੀਤਾ, ਆਪਣੇ ਖੇਤ ਖਰੀਦੇ ਅਤੇ 1978 ਵਿੱਚ ਕੈਲੇਫੋਰਨੀਆ ਦਾ ਸਭ ਤੋਂ ਵੱਡਾ ਆੜੂ ਪੈਦਾ ਕਰਨ ਵਾਲਾ ਕਿਸਾਨ ਬਣਿਆ ਅਤੇ ਆੜੂ ਦੇ ਬਾਦਸ਼ਾਹ ਵਜੋਂ ਜਾਣਿਆ ਜਾਣ ਲੱਗਾ। ਸਾਲ 1980 ਤੱਕ ਦੀਦਾਰ ਸਿੰਘ ਕੈਲੇਫੋਰਨੀਆ, ਕੈਨੇਡਾ ’ਚ 12,000 ਏਕੜ ਜ਼ਮੀਨ ਦਾ ਮਾਲਕ ਬਣ ਚੁੱਕਾ ਸੀ।

81 ਵਰਿਆਂ ਦਾ ਦੀਦਾਰ ਸਿੰਘ ਨੇ ਕਿਸਾਨੀ ਕਿੱਤੇ ਵਿੱਚ ਹੀ ਨਹੀਂ, ਧਾਰਮਿਕ ਅਤੇ ਸਮਾਜਿਕ ਸੇਵਾ ਵਿੱਚ ਅਮਰੀਕਾ ਦੇ ਸ਼ਹਿਰ ਯੂਬਾ ਸਿਟੀ ਵਿੱਚ ਵਧੇਰੇ ਕੰਮ ਕੀਤਾ। 1980 ਵਿੱਚ ਉਸਨੇ ਬੈਂਸ ਫਾਊਂਡੇਸ਼ਨ ਦਾ ਆਰੰਭ ਕੀਤਾ। ਦੀਦਾਰ ਸਿੰਘ ਦੁਨੀਆ ਭਰ ਵਿੱਚ ਆਪਣੇ ਹੀ ਕਿਸਮ ਦੇ ਵਿਚਾਰਾਂ ਦੇ ਧਾਰਨੀ ਸਿੱਖ ਵਜੋਂ ਬਹੁ-ਚਰਚਿਤ ਹੈ।

ਬੈਂਸ ਬਹੁ-ਪੱਖੀ ਸਖਸ਼ੀਅਤ ਦਾ ਮਾਲਕ ਹੈ ਅਤੇ ਪੰਜਾਬੀ ਭਾਈਚਾਰੇ ਲਈ ਵੱਡੀ ਮਿਸਾਲ ਵੀ। ਉਹ ਇੱਕ ਦਾਨੀ ਪੁਰਸ਼ ਵਜੋਂ ਜਾਣਿਆ ਜਾਂਦਾ ਪੰਜਾਬੀ ਹੈ ਜਿਸਨੇ ਆਪਣੀ ਮਾਂ ਦੀ ਯਾਦ ’ਚ ਬਣਾਏ ਖਾਲਸਾ ਸਕੂਲ ਲਈ ਦੋ ਲੱਖ ਡਾਲਰ ਦੀ ਰਾਸ਼ੀ ਦਾਨ ਦਿੱਤੀ। ਕੈਲੇਫੋਰਨੀਆ ’ਚ ਹਸਪਤਾਲ ਬਨਾਉਣ ਲਈ ਵੱਡੀ ਰਾਸ਼ੀ ਸਹਾਇਤਾ ਵਜੋਂ ਦੇਣ ਦੇ ਨਾਲ-ਨਾਲ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਨਾ ਲਈ ਇਮਾਰਤ ਬਨਾਉਣ ਵਾਸਤੇ 13.85 ਏਕੜ, ਕੈਨੇਡਾ ਦੇ ਨਾਨਕਸਰ ਗੁਰਦੁਆਰਾ ਸਾਹਿਬ ਲਈ 13 ਏਕੜ ਜ਼ਮੀਨ ਦਾਨ ਕੀਤੀ। ਇੱਕ ਨਹੀਂ ਹਜ਼ਾਰਾਂ ਇਹੋ ਜਿਹੇ ਕਾਰਜ਼ ਹਨ, ਜਿਹਨਾ ਲਈ ਦੀਦਾਰ ਸਿੰਘ ਬੈਂਸ ਸਹਾਇਤਾ ਦੇਣ ਵਾਸਤੇ ਅੱਗੇ ਆਏ ਅਤੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ।

ਦੀਦਾਰ ਸਿੰਘ ਬੈਂਸ ਵਰਗਾ ਰੌਸ਼ਨ ਦਿਮਾਗ, ਜਿਸਨੇ ਇੱਕ ਨਹੀਂ ਕਈ ਖੇਤਰਾਂ ਵਿੱਚ ਕੰਮ ਕੀਤਾ, ਲੱਭਣਾ ਮੁਸ਼ਕਿਲ ਹੈ।

### ਸੌਂਗੀ ਦਾ ਬਾਦਸ਼ਾਹ- ਚਰਨਜੀਤ ਸਿੰਘ ਬਾਠ



ਸਾਲ 1969 ਵਿੱਚ ਪੰਜਾਬ ਤੋਂ ਆਏ ਕਿਸਾਨ ਚਰਨਜੀਤ ਸਿੰਘ ਬਾਠ ਨੇ ਅਮਰੀਕਾ ਵਿੱਚ 50 ਏਕੜ ਜ਼ਮੀਨ ’ਤੇ ਖੇਤੀ ਕਰਨੀ ਆਰੰਭੀ ਅਤੇ ਹੁਣ ਉਹ 30,000 ਏਕੜ ਉਤੇ ਖੇਤੀ ਕਰਦਾ ਹੈ।

ਸੌਂਗੀ ਦੇ ਬਾਦਸ਼ਾਹ ਵਜੋਂ ਪ੍ਰਸਿੱਧ ਬਾਠ ਆਪਣੇ ਮੂੰਹੋਂ ਕਹਿੰਦਾ ਹੈ ਕਿ ਉਹ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ “ਸੌਂਗੀ“ ਪੈਦਾ ਕਰਨ ਵਾਲਾ ਕਿਸਾਨ ਹੈ। ਚਰਨਜੀਤ ਸਿੰਘ ਦਾਖਾ 1959 ਵਿੱਚ ਅਮਰੀਕਾ ਗਿਆ ਸੀ। ਆਪਣੀ ਕਰੜੀ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਇੱਕ ਸਿਰੜੀ ਪੰਜਾਬੀ ਵਜੋਂ ਉਸਨੇ ਵਿਦੇਸ਼ੀ ਧਰਤੀ ਉਤੇ ਹੱਡ ਭੰਨਵੀਂ ਮਿਹਨਤ ਕੀਤੀ ਅਤੇ ਥੋੜੇ ਸਾਲਾਂ ਵਿੱਚ ਹੀ ਬੁਲੰਦੀਆਂ ਉਤੇ ਪਹੁੰਚ ਗਿਆ। ਸੌਂਗੀ ਬੀਜਣ ਅਤੇ ਵੇਚਣ ਦਾ ਕਾਰੋਬਾਰ ਉਸਨੇ ਸਿਰਫ਼ ਅਮਰੀਕਾ ਵਿੱਚ ਹੀ ਨਹੀਂ ਕੀਤਾ, ਸਗੋਂ ਇਸ ਨੂੰ ਦੁਨੀਆਂ ਭਰ ਵਿੱਚ ਫੈਲਾਇਆ। ਉਸਦੀ ਕੰਪਨੀ ਕਾਰੋਬਾਰੀ ਖੇਤਰ ਵਿੱਚ ਵੱਡਾ ਨਾਮਣਾ ਖੱਟ ਚੁੱਕੀ ਹੈ।

ਚਰਨਜੀਤ ਸਿੰਘ ਬਾਠ ਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਬਹੁਤ ਪਿਆਰ ਹੈ। ਇਸੇ ਕਰਕੇ ਉਹ ਪੰਜਾਬੀ ਬੋਲੀ ਦੇ ਪ੍ਰਚਾਰ, ਪ੍ਰਸਾਰ ਲਈ ਲਗਾਤਾਰ ਯਤਨ ਕਰਦਾ ਰਹਿੰਦਾ ਹੈ। ਚਰਨਜੀਤ ਸਿੰਘ ਬਾਠ ਐਨ.ਆਰ. ਆਈ. ਸਭਾ ਜਲੰਧਰ ਦਾ ਮੁੱਢਲਾ ਮੈਂਬਰ ਹੈ ਅਤੇ ਪ੍ਰਵਾਸੀ ਪੰਜਾਬੀਆਂ ਦੇ ਮਸਲਿਆਂ ਹੱਲ ਲਈ ਲਗਾਤਾਰ ਯਤਨਸ਼ੀਲ ਰਹਿੰਦਾ ਹੈ।

### ਬਦਾਮਾਂ ਦੇ ਬਾਦਸ਼ਾਹ-ਟੁੱਟ ਬ੍ਰਦਰਜ਼



ਚਾਰੋਂ ਭਰਾ “ਟੁੱਟ ਬ੍ਰਦਰਜ਼“ ਅਮਰੀਕਾ ਵਿੱਚ ਖੇਤੀ ਨਾਲ ਹੀ ਨਹੀਂ ਜੁੜੇ ਹੋਏ, ਸਗੋਂ ਟਰੱਕਿੰਗ ਖੇਤਰ ਵਿੱਚ ਵੀ ਆਪਣੀ ਵਿਸ਼ੇਸ਼ ਥਾਂ ਰੱਖਦੇ ਹਨ। ਪ੍ਰੀਤਮ ਸਿੰਘ, ਸੁਰਜੀਤ ਸਿੰਘ, ਅਮਰਜੀਤ ਸਿੰਘ ਅਤੇ ਰਣਜੀਤ ਸਿੰਘ ਚਾਰੋਂ ਭਰਾ ਸਾਂਝਾ ਕਾਰੋਬਾਰ ਕਰਦੇ ਹਨ। ਪ੍ਰੀਤਮ ਸਿੰਘ ਅੰਗੂਰ, ਸੰਤਰੇ, ਸੇਬ ਦਾ ਫਾਰਮ ਵੇਖਦਾ ਹੈ, ਸੁਰਜੀਤ ਸਿੰਘ ਲਾਸ ਵੇਗਾਸ ਅਤੇ ਹੋਰ ਥਾਵਾਂ ਉਤੇ ਕਾਰੋਬਾਰ ਸਾਂਭਦਾ ਹੈ ਜਦਕਿ ਅਮਰਜੀਤ ਸਿੰਘ ਸੈਂਟਰਲ ਅਮਰੀਕਾ ਦੇ 37000 ਏਕੜ ਦੇ ਟਾਪੂ ਉਤੇ ਕੰਮ ਸੰਭਾਲਦਾ ਹੈ। 28000 ਏਕੜ ਤੋਂ ਵੀ ਵੱਧ ਦੇ ਬਦਾਮਾਂ ਦੇ ਬਾਗ ਉਹਨਾ ਦੇ ਕਾਰੋਬਾਰ ਦਾ ਵੱਡਾ ਹਾਸਲ ਹਨ। ਅਮਰੀਕਾ ਅਤੇ ਵਿਦੇਸ਼ਾਂ ਵਿੱਚ ਉਹ ਬਦਾਮਾਂ, ਅੰਗੂਰਾਂ, ਆੜੂਆਂ, ਆਲੂਬਖਾਰਿਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਹਨ ਅਤੇ ਉਹਨਾ ਨੇ ਕੈਲੇਫੋਰਨੀਆ ’ਚ ਗੰਨਾ ਉਗਾਉਣ ’ਚ ਰਿਕਾਰਡ ਕਾਇਮ ਕੀਤਾ ਹੋਇਆ ਹੈ। ਕਈ ਸਾਲ ਪਹਿਲਾਂ ਜਲੰਧਰ ਲਾਗਲੇ ਆਪਣੇ ਪਿੰਡ ਪਰਾਗਪੁਰ ਤੋਂ ਅਮਰੀਕਾ ਆਏ ਇਸ ਪਰਿਵਾਰ ਨੇ ਅਮਰੀਕਾ ਆਕੇ ਮਿਹਨਤ ਕੀਤੀ, ਕਾਰੋਬਾਰ ਸਥਾਪਿਤ ਕੀਤੇ ਅਤੇ ਪੰਜਾਬੀਆਂ ਦਾ ਨਾਮ ਰੌਸ਼ਨ ਕੀਤਾ। ਪੰਜਾਬ ਵਰਗੇ ਆਬੋ-ਹਵਾ ਵਰਗੇ ਕੈਲੇਫੋਰਨੀਆ ’ਚ ਭਰ ਜਵਾਨੀ ’ਚ ਕੀਤੀ ਇਹਨਾ ਪੰਜਾਬੀਆਂ ਦੀ ਮਿਹਨਤ ਨੂੰ ਫਲ ਲੱਗਿਆ ਹੈ ਅਤੇ ਇਹਨਾ ਪੰਜਾਬੀਆਂ ਨੇ ਆਪਣੇ ਪਰਿਵਾਰਾਂ ਦੇ ਸੁਪਨੇ ਹੀ ਪੂਰੇ ਨਹੀਂ ਕੀਤੇ, ਸਗੋਂ ਪੰਜਾਬੀ ਭਾਈਚਾਰੇ ਨੂੰ ਵੀ ਵੱਡਾ ਮਾਣ-ਤਾਣ ਦੁਵਾਇਆ ਹੈ ਅਤੇ ਆਪਣੇ ਕਾਰੋਬਾਰਾਂ ਵਿਚੋਂ ਦਸਵੰਧ ਕੱਢਦਿਆਂ ਆਪਣੀ ਜਨਮ ਭੂਮੀ ਦੇ ਵਿਕਾਸ ਲਈ ਵੀ ਵੱਡਾ ਯੋਗਦਾਨ ਪਾਇਆ ਹੈ।

“ਟੁੱਟ ਪਰਿਵਾਰ“ ਪੰਜਾਬ ਦੇ ਸਾਂਝੇ ਪਰਿਵਾਰਾਂ ਦੀ ਇੱਕ ਮਿਸਾਲ ਹੈ। ਇਸ ਪਰਿਵਾਰ ਦੇ ਸੁਰਜੀਤ ਸਿੰਘ, ਕੱਬਡੀ ਪ੍ਰੋਮੋਟਰ ਵਜੋਂ ਜਾਣੇ ਜਾਂਦੇ ਹਨ ।ਰਣਜੀਤ ਸਿੰਘ ਸਿਆਸਤ ’ਚ ਆਪਣੇ ਪੈਰ ਰੱਖਣ ਵਾਲੇ ਸਖ਼ਸ਼ ਹਨ, ਜਿਹੜੇ ਲਗਭਗ ਹਰ ਵਰੇ ਵਤਨ ਪਰਤਦੇ ਹਨ ਤੇ ਸਿਆਸੀ, ਸਮਾਜੀ ਖੇਤਰ ਦੇ ਲੋਕਾਂ ਨਾਲ ਰਾਬਤਾ ਰੱਖਦੇ ਹਨ। ਟੁੱਟ ਬ੍ਰਦਰਜ਼ ਕੈਲੇਫੋਰਨੀਆ ਈਗਲ ਕਬੱਡੀ ਟੀਮ ਦੇ ਮਾਲਕ ਵੀ ਹਨ।

### ਟਰੱਕਿੰਗ ਕਿੰਗ- ਭੰਡਾਲ ਬ੍ਰਦਰਜ਼



ਖੇਤੀ ਦੇ ਨਾਲ-ਨਾਲ ਅਮਰੀਕਾ-ਕੈਨੇਡਾ ਵਿੱਚ ਪੰਜਾਬੀਆਂ ਦਾ ਮਨ ਭਾਉਂਦਾ ਕਿੱਤਾ ਟਰੱਕਿੰਗ ਹੈ। ਇਸਦਾ ਖੇਤਰ ਮੁੱਖ ਤੌਰ ’ਤੇ ਕੈਲੇਫੋਰਨੀਆ ਹੈ। ਵੱਡੇ-ਵੱਡੇ ਫਾਰਮ ਹਾਊਸ ’ਚ ਉਗਦੀਆਂ ਫ਼ਸਲਾਂ/ਫਲਾਂ ਨੂੰ ਦੇਸ਼-ਵਿਦੇਸ਼ ’ਚ ਪਹੁੰਚਾਉਣ ਲਈ ਟਰੱਕਿੰਗ ਕੰਪਨੀਆਂ ਦਾ ਵੱਡਾ ਯੋਗਦਾਨ ਹੈ ਅਤੇ ਪੰਜਾਬੀਆਂ ਦੀਆਂ ਟਰੱਕਿੰਗ ਕੰਪਨੀਆਂ ਇਸ ਵਿੱਚ ਵੱਡਾ ਹਿੱਸਾ ਪਾਉਂਦੀਆਂ ਹਨ। ਭੰਡਾਲ ਬ੍ਰਦਰਜ਼ ਦੀ ਟਰੱਕਿੰਗ ਕੰਪਨੀ ਹੈ। ਮੰਗਲ ਸਿੰਘ ਭੰਡਾਲ, ਮਨੀ ਭੰਡਾਲ ਅਤੇ ਜੈ ਭੰਡਾਲ “ਭੰਡਾਲ ਬ੍ਰਦਰਜ਼“ ਨੂੰ ਸਿਖ਼ਰਾਂ ਤੱਕ ਪਹੁੰਚਾਉਣ ਵਾਲੇ ਚਿਹਰੇ ਹਨ, ਜਿਹਨਾ ਦਿਨ-ਰਾਤ ਇੱਕ ਕਰਕੇ ਟਰੱਕਿੰਗ ਕਾਰੋਬਾਰ ’ਚ ਸਿਖ਼ਰਾਂ ਛੋਹੀਆਂ ਹਨ ਅਤੇ ਪੰਜਾਬੀਆਂ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਸੈਂਕੜੈ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ।

ਦੁਆਬਾ ਖਿੱਤੇ ਦੇ ਜ਼ਿਲੇ ਕਪੂਰਥਲਾ ਨਾਲ ਸਬੰਧਤ ਭੰਡਾਲ ਭਰਾ, ਗਿੱਲਰੌਏ (ਕੈਲੇਫੋਰਨੀਆ) ਵਿੱਚ ਰਹਿੰਦੇ ਹਨ ਤੇ ਇੱਕ ਵੱਖਰੀ ਪਛਾਣ ਰੱਖਦੇ ਹਨ, ਜਿਹਨਾ ਨੇ ਆਪਣੇ ਕਾਰੋਬਾਰ ਨੂੰ ਕੁਝ ਸਾਲਾਂ ਵਿੱਚ ਹੀ ਸਿਖ਼ਰਾਂ ਉਤੇ ਪਹੁੰਚਾਇਆ ਹੈ। ਮੰਗਲ ਸਿੰਘ ਅਤੇ ਉਹਨਾ ਦੇ ਭਰਾਵਾਂ ਦੇ ਦੋਸਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਪੰਜਾਬੀ ਭਾਈਚਾਰੇ ’ਚ ਇੱਕ ਨਿਵੇਕਲੀ ਥਾਂ ਰੱਖਣ ਵਾਲੇ ਭੰਡਾਲ ਬ੍ਰਦਰਜ਼ ਕੈਲੇਫੋਰਨੀਆ ਸੰਸਥਾਵਾਂ ਨੂੰ ਭਰਪੂਰ ਸਹਿਯੋਗ ਦਿੰਦੇ ਹਨ।

### ਨਵੀਂ ਤਕਨੀਕ ਨਾਲ ਖੇਤੀ ਕਰਨ ਵਾਲਾ - ਇੰਜੀਨੀਅਰ ਅਵਤਾਰ ਕੂਨਰ

ਕੈਲੇਫੋਰਨੀਆ ਵਸਦੇ ਪੰਜਾਬੀ ਕਿਸਾਨਾਂ ਨੇ ਇਹ ਦਰਸਾ ਦਿੱਤਾ ਹੈ ਕਿ ਖੇਤੀ ਉਹਨਾ ਦੇ ਲਹੂ ’ਚ ਵਸਦੀ ਹੈ। ਭਾਵੇਂ ਕਿਸਾਨ ਕੈਨੇਡਾ ਗਏ ਜਾਂ ਅਸਟ੍ਰੇਲੀਆ ਜਾਂ ਫਿਰ ਅਮਰੀਕਾ ਉਹਨਾ ਦੀ ਪਹਿਲ ਖੇਤੀ ਜਾਂ ਖੇਤੀ ਨਾਲ ਸਬੰਧਤ ਕਿੱਤੇ ਹੀ ਰਹੇ। ਕੈਲੇਫੋਰਨੀਆ ਦੇ ਯੂਬਾ ਸਿਟੀ ਖੇਤਰ ’ਚ 95 ਫ਼ੀਸਦੀ ਆੜੂ ਦੀ ਖੇਤੀ ਅਤੇ 20 ਫ਼ੀਸਦੀ ਬਦਾਮਾਂ ਦੀ ਖੇਤੀ ਪੰਜਾਬੀ ਕਿਸਾਨਾਂ ਦੇ ਹੱਥ ਹੈ। ਫਲਾਂ ਦੀ ਤੋੜ-ਤੁੜਾਈ ਦਾ ਕੰਮ ਵੀ 60 ਫ਼ੀਸਦੀ ਪੰਜਾਬੀ ਕਿਸਾਨਾਂ ਦੇ ਪ੍ਰੀਵਾਰ ਕਰਦੇ ਹਨ । ਪੰਜਾਬ ਦੇ ਕਿਸਾਨ ਜਿਹੜੇ ਪੰਜਾਬ ’ਚ ਰਹਿੰਦਿਆਂ ਕਦੇ ਖੇਤੀ ’ਚ ਸੋਕੇ ਦਾ ਸ਼ਿਕਾਰ ਰਹੇ, ਕਦੇ ਜਿਆਦਾ ਮੀਂਹ ਕਾਰਨ ਫ਼ਸਲਾਂ ਦੀ ਤਬਾਹੀ ਦਾ, ਵਿਦੇਸ਼ ਜਾਕੇ ਜਾਕੇ ਨਵੀਆਂ ਤਕਨੀਕਾਂ ਨਾਲ ਉਹਨਾ ਨੇ ਖੇਤੀ ਨੂੰ ਅਪਨਾਇਆ। ਨਵੀਂ ਤਕਨੀਕ ਨਾਲ ਇੰਜੀਨੀਅਰ ਅਵਤਾਰ ਸਿੰਘ ਕੂਨਰ ਮੋਡਿਸਟੋ(ਕੈਲੇਫੋਰਨੀਆ) ’ਚ 100 ਏਕੜ ’ਚ ਬਦਾਮਾਂ ਦੀ ਖੇਤੀ ਕਰਦਾ ਹੈ। ਬਾਵਜੂਦ ਇਸ ਗੱਲ ਦੇ ਕਿ ਉਸ ਨੂੰ ਆਪਣੇ ਖੇਤਾਂ ਲਈ ਪਾਣੀ ਦੀ ਥੁੜ ਰਹਿੰਦੀ ਹੈ, ਪਰ ਉਹ “ਸਪਾਰਿੰਕਲਿੰਗ“ (ਛਿੜਕਾਅ) ਵਿਧੀ ਨਾਲ ਬਦਾਮਾਂ ਦੇ ਪੌਦਿਆਂ ਦੀ ਸਿੰਚਾਈ ਕਰਦਾ ਹੈ। ਜਲੰਧਰ ਜ਼ਿਲੇ ਦੇ ਪਿੰਡ ਕੰਦੋਲਾ ( ਨੇੜੇ ਆਦਮਪੁਰ) ਦਾ ਰਹਿਣ ਵਾਲਾ ਕੂਨਰ ਖੇਤੀ ਤੋਂ ਅਪਾਣਾ ਪਰਿਵਾਰ ਹੀ ਨਹੀਂ ਪਾਲਦਾ ਸਗੋਂ ਹੋਰ ਪਰਿਵਾਰਾਂ ਨੂੰ ਰੁਜ਼ਗਾਰ ਵੀ ਦਿੰਦਾ ਹੈ।

### ਉੱਦਮੀ ਕਿਸਾਨ

ਕੈਲੇਫੋਰਨੀਆ ਦੇ ਵਿੱਚ ਹੋਰ ਵੀ ਬਹੁਤ ਸਾਰੇ ਕਿਸਾਨ ਹਨ, ਜੋ ਬਹੁਤ ਉੱਦਮ ਨਾਲ ਖੇਤੀ ਕਰਦੇ ਹਨ। ਉਹਨਾ ਵਿਚੋਂ ਬਦਾਮਾਂ ਦੀ ਖੇਤੀਕਰਨ ਵਾਲਾ “ਸਮਰਾ ਪਰਿਵਾਰ“ ਜੋ ਲਗਭਗ 3000 ਏਕੜ,ਅਮਰੀਕ ਸਿੰਘ ਬਸਰਾ ਪਲਾਹੀ ਅਤੇ ਸਿਮਰ ਸਿੰਘ 300 ਏਕੜ ਅਤੇ ਸਵ: ਗੁਰਚਰਨ ਸਿੰਘ ਰੱਕੜ ਦੇ ਸਪੁੱਤਰ ਦਲਜੀਤ ਸਿੰਘ ਰੱਕੜ ਵੀ ਸ਼ਾਮਲ ਹਨ ਜੋ 3000 ਏਕੜ ’ਚ ਬਦਾਮ ਅਤੇ ਪਿਸ਼ਤੇ ਦੀ ਖੇਤੀ ਕਰਦੇ ਹਨ।

---

## ਵੱਡੀ ਸਾਜਿਸ਼ ਅਧੀਨ ਦਿਨ...

ਉਨਾਂ ਆਖਿਆ ਕਿ ਪੁਲੀਸ ਮੁਲਜ਼ਮ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਅਤੇ ਜੇ ਅਜਿਹਾ ਨਹੀਂ ਕਰ ਸਕਦੇ ਤਾਂ ਮੁਲਜ਼ਮ ਨੂੰ ਸੰਗਤ ਨੂੰ ਸੌਂਪ ਦੇਵੇ। ਖ਼ਾਲਸਾ ਪੰਥ ਅਜਿਹੇ ਲੋਕਾਂ ਖ਼ਿਲਾਫ਼ ਕਾਰਵਾਈ ਕਰਨ ਦੇ ਸਮਰੱਥ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪਿੰਡ ਤਰਖਾਣ ਮਾਜਰਾ ਅਤੇ ਜੱਲਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲੇ ਸਬੰਧੀ ਪਿੰਡ ਤਰਖਾਣ ਮਾਜਰਾ ਦਾ ਦੌਰਾ ਕੀਤਾ ਅਤੇ ਹਾਲਾਤ ਦਾ ਜਾਇਜ਼ਾ ਲਿਆ। ਲੌਂਗੋਵਾਲ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਉਨਾਂ ਨੇ ਮੁਲਜ਼ਮ ਨੂੰ ਕਾਬੂ ਕਰਨ ਵਾਲੇ ਮਨਜੋਤ ਸਿੰਘ ਦੀ ਸ਼ਲਾਘਾ ਕਰਦਿਆਂ ਉਸ ਨੂੰ ਸ਼੍ਰੋਮਣੀ ਕਮੇਟੀ ਵਿਚ ਉਸ ਦੀ ਵਿੱਦਿਅਕ ਯੋਗਤਾ ਮੁਤਾਬਕ ਨੌਕਰੀ ਦੇਣ ਦਾ ਐਲਾਨ ਕੀਤਾ। ਉਨਾਂ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਨੂੰ ਸਵਾਲ ਕੀਤਾ ਕਿ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਹੋਣੀ ਚਾਹੀਦੀ ਹੈ। ਉਨਾਂ ਕਿਹਾ ਕਿ ਮੁਲਜ਼ਮਾਂ ਨੂੰ ਅਕਸਰ ਦਿਮਾਗੀ ਤੌਰ ’ਤੇ ਪ੍ਰੇਸ਼ਾਨ ਜਾਂ ਨਸ਼ੇੜੀ ਕਿਹਾ ਜਾਂਦਾ ਹੈ ਜਦਕਿ ਇਸ ਦੇ ਪਿਛਲਾ ਸੱਚ ਸਾਹਮਣੇ ਲਿਆਉਣ ਦੀ ਲੋੜ ਹੈ। ਉਨਾਂ ਪੁਲੀਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਉਨਾਂ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਘਰਾਂ ਅੱਗੇ ਪਹਿਰੇਦਾਰੀ ਯਕੀਨੀ ਬਣਾਉਣ।

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਅਤੇ ਮਿਸਾਲੀ ਕਾਰਵਾਈ ਕਰਨ ਦੀ ਸਰਕਾਰ ਤੋਂ ਮੰਗ ਕੀਤੀ ਹੈ। ਉਨਾਂ ਜ਼ਿਲਾ ਫ਼ਤਿਹਗੜ ਸਾਹਿਬ ਦੇ ਪਿੰਡ ਤਰਖਾਣ ਮਾਜਰਾ ਅਤੇ ਪਿੰਡ ਜੱਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਦੀ ਸਖ਼ਤ ਸ਼ਬਦਾਂ ’ਚ ਨਿਖੇਧੀ ਕੀਤੀ ਅਤੇ ਕਿਹਾ ਕਿ ਬੇਅਦਬੀਆਂ ਲਈ ਦੋਸ਼ੀਆਂ ਪ੍ਰਤੀ ਸਰਕਾਰ ਦੀ ਢਿੱਲ ਮੱਠ ਵਾਲੀ ਨੀਤੀ ਕਾਰਨ ਦੋਸ਼ੀ ਅਤੇ ਸ਼ਰਾਰਤੀ ਅਨਸਰ ਸ਼ਰੇਆਮ ਬੇਖ਼ੌਫ ਹੋ ਕੇ ਬੇਅਦਬੀ ਵਰਗੇ ਕਾਰਿਆਂ ਨੂੰ ਅੰਜਾਮ ਦੇ ਰਹੇ ਹਨ।

ਜਿਸ ਨਾਲ ਸਿੱਖ ਹਿਰਦੇ ਵਾਰ-ਵਾਰ ਵਲੂੰਧਰੇ ਜਾ ਰਹੇ ਹਨ। ਉਨਾਂ ਕਿਹਾ ਕਿ ਦੋਸ਼ੀਆਂ ਨੂੰ ਸਖ਼ਤ ਤੇ ਮਿਸਾਲੀ ਸਜਾਵਾਂ ਦੇ ਕੇ ਸਬਕ ਸਿਖਾਇਆ ਜਾਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਗੁਰੂ ਦੋਖੀ ਬੇਅਦਬੀ ਕਰਨ ਬਾਰੇ ਸੋਚ ਵੀ ਨਾ ਸਕੇ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com


cost plus
30 to 80
cents discount
at
TA Petro fuel station
TRANS-ALLIANCE
TOGETHER WE SAVE
4201 3247 5388 5103
VALID FROM 01/12
GOOD THRU 31/15
CARDHOLDER NAME
EFS
TA
TravelCenters of America
PETRO
Stopping Centers
We also offer Line of Credit for Fuel Card
Additional Services with our Fuel Card
✓ National Tire Program
✓ PM & Light Mechanical
✓ 24 Hour Dedicated Repair Service
TRANS-ALLIANCE
TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
SHER BESAN SUPER FINE
SHER BESAN SUPER FINE
www.sherbrarmills.com